


Twenty-Fifth Year of Publication | ਨਿਊਯਾਰਕ ਐਡੀਸ਼ਨ | Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@gmail.com
www.punjabtimesusa.com

# ਪੰਜਾਬ ਟਾਈਮਜ਼

Punjab Times, Vol 25, Issue 45; November 9, 2024 | 20451 N. Plum Grove Rd., Palatine, IL 60074 | Ph:847-359-0746, Fax:847-705-9388

# ਡੋਨਲਡ ਟਰੰਪ ਨੇ ਜਿੱਤ ਦਾ ਢੋਲ ਵਜਾਇਆ

## ਫਸਵੇਂ ਮੁਕਾਬਲੇ ਵਿਚ ਕਮਲਾ ਹੈਰਿਸ ਨੂੰ ਹਰਾਇਆ

**ਵਾਸ਼ਿੰਗਟਨ:** ਅਮਰੀਕਾ ਦੇ 47ਵੇਂ ਰਾਸ਼ਟਰਪਤੀ ਦੇ ਫਸਵੇਂ ਮੁਕਾਬਲੇ ਵਿਚ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ ਨੇ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰ ਕਮਲਾ ਹੈਰਿਸ ਨੂੰ ਹਰਾ ਦਿੱਤਾ। ਇਸ ਤੋਂ ਪਹਿਲਾਂ ਉਹ 20 ਜਨਵਰੀ 2017 ਤੋਂ 20 ਜਨਵਰੀ 2021 ਤੱਕ ਮੁਲਕ ਦੇ ਰਾਸ਼ਟਰਪਤੀ ਰਹਿ ਚੁੱਕੇ ਹਨ। ਪਿਛਲੀ ਵਾਰ ਉਹ ਡੈਮੋਕਰੈਟਿਕ ਪਾਰਟੀ ਦੇ ਉਮੀਦਵਾਰ ਜੋਅ ਬਾਇਡਨ ਤੋਂ ਹਾਰ ਗਏ ਸਨ।

ਇਸ ਤੋਂ ਪਹਿਲਾਂ ਰਾਸ਼ਟਰਪਤੀ ਦੀ ਚੋਣ ਲਈ ਵੱਡੀ ਗਿਣਤੀ ਵੋਟਰ ਵੋਟਿੰਗ ਕੇਂਦਰਾਂ 'ਚ ਪੁੱਜੇ। ਚੋਣਾਂ ਤੋਂ ਐਨ ਪਹਿਲਾਂ ਦੋਵਾਂ ਉਮੀਦਵਾਰਾਂ ਨੇ ਵੋਟਰਾਂ ਨੂੰ ਆਪਣੇ ਵੱਲ ਕਰਨ ਲਈ 7 'ਸਵਿੰਗ' ਸਟੇਟਾਂ 'ਚੋਂ ਸਭ ਤੋਂ ਵੱਡੇ ਇਲੈਕਟੋਰਲ ਕਾਲਜ ਵਾਲੇ ਪੈਨਸਿਲਵੇਨੀਆ 'ਚ ਕਾਫੀ ਸਮਾਂ ਬਿਤਾਇਆ। ਵੱਖ-ਵੱਖ ਮੀਡੀਆ ਅਦਾਰਿਆਂ ਦੇ ਸਰਵੇਖਣਾਂ ਵਿਚ ਹੈਰਿਸ (60) ਅਤੇ ਟਰੰਪ (78) ਵਿਚਾਲੇ ਸਖਤ ਟੱਕਰ ਸਾਹਮਣੇ ਆਈ ਸੀ। ਪਹਿਲਾਂ ਹੈਰਿਸ ਨੂੰ ਮਾਮੂਲੀ ਲੀਡ ਮਿਲਣ ਦਾ ਅਨੁਮਾਨ ਜ਼ਾਹਿਰ ਕੀਤਾ ਗਿਆ ਸੀ।

ਆਪਣੀਆਂ ਆਖਰੀ ਰੈਲੀਆਂ 'ਚ ਦੋਵਾਂ ਉਮੀਦਵਾਰਾਂ ਨੇ ਦੇਸ਼ ਨੂੰ ਅੱਗੇ ਲਿਜਾਣ ਬਾਰੇ ਇੱਕ-ਦੂਜੇ ਦੇ ਉਲਟ ਨਜ਼ਰੀਏ ਨਾਲ ਪ੍ਰਚਾਰ ਕਰਕੇ ਆਪਣੀਆਂ ਮੁਹਿੰਮਾਂ ਖਤਮ ਕੀਤੀਆਂ। ਹੈਰਿਸ ਨੇ ਜਿੱਥੇ ਨਫਰਤ ਅਤੇ ਵੰਡ 'ਤੇ ਕਾਬੂ ਪਾਉਣ ਅਤੇ ਨਵੀਂ ਸ਼ੁਰੂਆਤ ਕਰਨ ਦੇ ਨਜ਼ਰੀਏ ਦਾ ਸੱਦਾ ਦਿੱਤਾ ਉੱਥੇ ਟਰੰਪ ਨੇ ਡੈਮੋਕਰੈਟਿਕ ਪਾਰਟੀ ਦੇ ਸ਼ਾਸਨ ਤਹਿਤ ਹਨੇਰੇ ਭਵਿੱਖ ਦੀ ਚਿਤਾਵਨੀ ਦਿੱਤੀ। ਹੈਰਿਸ ਨੇ ਪੈਨਸਿਲਵੇਨੀਆ 'ਚ ਆਪਣੀ ਪ੍ਰਚਾਰ ਮੁਹਿੰਮ ਖਤਮ ਕਰਦਿਆਂ ਕਿਹਾ, "ਅੱਜ ਅਸੀਂ



ਆਸ਼ਾਵਾਦ, ਊਰਜਾ ਤੇ ਖੁਸ਼ੀ ਨਾਲ ਆਪਣਾ ਪ੍ਰਚਾਰ ਖਤਮ ਕਰਾਂਗੇ।" ਆਪਣੇ ਸਮਾਪਤੀ ਭਾਸ਼ਣ 'ਚ ਟਰੰਪ ਨੇ ਕਿਹਾ, "ਅੱਜ ਤੁਹਾਨੂੰ ਤੇ ਸਾਰੇ ਅਮਰੀਕੀਆਂ ਲਈ ਮੇਰਾ ਸੁਨੇਹਾ ਬਹੁਤ ਸਰਲ ਹੈ।" ਅਮਰੀਕਾ ਵਿਚ 50 ਸਟੇਟ ਹਨ।

ਉਧਰ, ਐਤਕੀਂ ਅਮਰੀਕੀ ਚੋਣਾਂ ਵਿਚ ਕੁਝ ਹੋਰ ਰੰਗ ਵੀ ਦੇਖਣ ਨੂੰ ਮਿਲਿਆ। ਮੁਕਾਬਲਾ ਬਹੁਤ ਫਸਵਾਂ ਸੀ ਅਤੇ ਦੋਵੇਂ ਧਿਰਾਂ ਵੋਟਾਂ ਆਪਣੇ ਹੱਕ ਵਿਚ ਭੁਗਤਾਉਣ ਲਈ ਹਰ ਸੰਭਵ ਯਤਨ ਕਰ ਰਹੀਆਂ ਸਨ। ਅਮਰੀਕੀ ਏਜੰਸੀਆਂ ਨੇ ਵੋਟਾਂ ਪੈਣ ਤੋਂ ਐਨ ਪਹਿਲਾਂ ਭੰਡੀ ਪ੍ਰਚਾਰ ਨਾਲ ਸਬੰਧਿਤ ਰੂਸ ਦੀਆਂ ਕੋਸ਼ਿਸ਼ਾਂ ਨਾਕਾਮ ਕਰਨ ਦਾ ਦਾਅਵਾ ਕੀਤਾ ਹੈ। ਫੈਡਰਲ ਏਜੰਸੀਆਂ ਦੇ ਅਧਿਕਾਰੀਆਂ ਨੇ ਸਾਂਝੇ ਬਿਆਨ 'ਚ ਰੂਸ ਹਮਾਇਤੀਆਂ ਦੇ ਲੇਖ ਦਾ ਜ਼ਿਕਰ ਕੀਤਾ ਜਿਸ 'ਚ ਦਾਅਵਾ ਕੀਤਾ ਗਿਆ ਹੈ ਕਿ ਰਾਸ਼ਟਰਪਤੀ ਚੋਣਾਂ 'ਚ 'ਸਵਿੰਗ'ਸਟੇਟਾਂ ਵਿੱਚ ਅਮਰੀਕੀ ਅਧਿਕਾਰੀ ਧੋਖਾਧੜੀ ਦੀ ਯੋਜਨਾ ਬਣਾ ਰਹੇ ਹਨ। ਇਸ ਲੇਖ ਨਾਲ ਵੀਡੀਓ ਵੀ ਸਾਂਝੀ ਕੀਤੀ ਗਈ। ਰੂਸੀ ਦੂਤਾਵਾਸ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ ਹੈ।

ਚੇਤੇ ਰਹੇ ਕਿ ਇਸ ਚੋਣ ਲਈ ਪਹਿਲਾਂ ਡੈਮੋਕਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਜੋਅ ਬਾਇਡਨ ਹੀ ਉਮੀਦਵਾਰ ਸਨ ਪਰ ਪਹਿਲੀ ਹੀ ਬਹਿਸ ਦੌਰਾਨ ਉਹ ਰਿਪਬਲਿਕਨ ਉਮੀਦਵਾਰ ਟਰੰਪ ਤੋਂ ਬਹੁਤ ਪਛੜ ਗਏ। ਇਸ ਦਾ ਅਸਰ ਚੋਣ ਮੁਹਿੰਮ 'ਤੇ ਵੀ ਪਿਆ। ਇਸੇ ਕਰ ਕੇ ਡੈਮੋਕਰੈਟਿਕ ਪਾਰਟੀ ਨੇ ਤੁਰੰਤ ਐਕਸ਼ਨ ਲੈਂਦਿਆਂ ਜੋਅ ਬਾਇਡਨ ਨੂੰ ਲਾਂਭੇ ਕੀਤਾ ਅਤੇ ਉਪ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਲੜ ਰਹੀ ਕਮਲਾ ਹੈਰਿਸ ਨੂੰ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਐਲਾਨ ਦਿੱਤਾ। ਇਸ ਨਾਲ ਸਿਆਸੀ ਹਵਾ ਰਾਤੋ-ਰਾਤ ਬਦਲ ਗਈ। ਜਿਹੜੀ ਡੈਮੋਕਰੈਟਿਕ ਪਾਰਟੀ ਇਸ ਚੋਣ ਵਿਚ ਬੁਰੀ ਤਰ੍ਹਾਂ ਪਛੜ ਰਹੀ ਸੀ, ਉਹ ਮੁਕਾਬਲੇ ਵਿਚ ਆ ਗਈ। ਇਸ ਤੋਂ ਬਾਅਦ ਤਾਂ ਕਮਲਾ ਹੈਰਿਸ ਦਾ ਹੱਥ ਕਾਫੀ ਉਤਾਂਹ ਹੋ ਗਿਆ ਪਰ ਮਗਰਲੇ ਕੁਝ ਸਮੇਂ ਦੌਰਾਨ ਟਰੰਪ ਨੇ ਵੀ ਹੰਭਲਾ ਮਾਰਿਆ ਅਤੇ ਹੈਰਿਸ ਨਾਲ ਆਪਣਾ ਫਰਕ ਬਹੁਤ ਘਟਾ ਲਿਆ।

ਅਮਰੀਕਾ ਵਿਚ ਇਲੈਕਟੋਰਲ ਕਾਲਜ ਰਾਹੀਂ 538 ਇਲੈਕਟਰ ਚੁਣੇ ਜਾਂਦੇ ਹਨ। 50 ਸਟੇਟਾਂ ਵਿਚੋਂ 535 ਇਲੈਕਟਰ ਅਤੇ 3 ਇਲੈਕਟਰ 23ਵੀਂ ਸੋਧ ਰਾਹੀਂ ਆਉਂਦੇ ਹਨ। ਅਮਰੀਕਾ ਦੇ ਪਹਿਲੇ ਰਾਸ਼ਟਰਪਤੀ ਜਾਰਜ ਵਾਸ਼ਿੰਗਟਨ ਨੇ 30 ਅਪਰੈਲ 1798 ਵਿਚ ਅਹੁਦਾ ਸੰਭਾਲਿਆ ਸੀ।

# ਆਸਟਰੇਲੀਆ ਨੇ ਚੁੱਕਿਆ ਸਿੱਖਾਂ ਦਾ ਮੁੱਦਾ

**ਮੈਲਬਰਨ:** ਆਸਟਰੇਲੀਆ ਦੀ ਵਿਦੇਸ਼ ਮੰਤਰੀ ਨੇ ਆਪਣੇ ਭਾਰਤੀ ਹਮਰੁਤਬਾ (ਭਾਰਤ ਦੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ) ਕੋਲ ਭਾਰਤ ਵੱਲੋਂ ਕੈਨੇਡਾ ਵਿਚ ਕਥਿਤ ਤੌਰ 'ਤੇ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਏ ਜਾਣ ਦਾ ਮੁੱਦਾ ਚੁੱਕਿਆ ਹੈ।

ਵਿਦੇਸ਼ ਮੰਤਰੀ ਪੈਨੀ ਵੋਂਗ ਨੇ ਕਿਹਾ ਕਿ ਉਨ੍ਹਾਂ ਆਸਟਰੇਲੀਆ ਦੀ ਰਾਜਧਾਨੀ ਕੈਨਬਰਾ ਵਿਚ ਭਾਰਤੀ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨਾਲ ਕੈਨੇਡਾ ਦੇ ਦੋਸ਼ਾਂ ਬਾਰੇ ਚਰਚਾ ਕੀਤੀ ਹੈ। ਭਾਰਤ ਨੇ ਕੈਨੇਡਾ ਦੇ ਅਜਿਹੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੈਨੇਡਾ ਅੰਦਰ ਸਿੱਖ ਕਾਰਕੁਨਾਂ ਨੂੰ ਨਿਸ਼ਾਨਾ ਬਣਾਉਣ ਦਾ ਹੁਕਮ ਦਿੱਤਾ ਸੀ।

ਵਿਦੇਸ਼ ਮੰਤਰੀ ਵੋਂਗ ਨੇ ਕਿਹਾ ਕਿ ਸਿੱਖ ਭਾਈਚਾਰੇ ਨੂੰ ਉਨ੍ਹਾਂ ਦਾ ਸੰਦੇਸ਼ ਇਹ ਸੀ ਕਿ ਸਾਰੇ ਲੋਕਾਂ ਨੂੰ ਆਸਟਰੇਲੀਆ ਵਿਚ ਸੁਰੱਖਿਅਤ ਅਤੇ ਸਤਿਕਾਰਤ ਹੋਣ ਦਾ ਅਧਿਕਾਰ ਹੈ, ਚਾਹੇ ਉਹ ਕੋਈ ਵੀ ਹੋਵੇ।

ਵਿਦੇਸ਼ ਮੰਤਰੀ ਵੋਂਗ ਨੇ ਜੈਸ਼ੰਕਰ ਨਾਲ ਇਕ ਨਿਊਜ਼ ਕਾਨਫਰੰਸ ਵਿਚ ਕਿਹਾ, "ਅਸੀਂ ਜਾਂਚ ਅਧੀਨ ਦੋਸ਼ਾਂ ਬਾਰੇ ਆਪਣੀਆਂ ਚਿੰਤਾਵਾਂ ਸਪੱਸ਼ਟ ਕਰ ਦਿੱਤੀਆਂ ਹਨ। ਅਸੀਂ ਕਿਹਾ ਹੈ ਕਿ ਅਸੀਂ ਕੈਨੇਡਾ ਦੀ ਨਿਆਇਕ ਪ੍ਰਕਿਰਿਆ ਦਾ ਸਨਮਾਨ ਕਰਦੇ ਹਾਂ।"

ਉਨ੍ਹਾਂ ਹੋਰ ਕਿਹਾ ਕਿ ਅਸੀਂ ਆਪਣੇ ਵਿਚਾਰ ਭਾਰਤ ਤੱਕ ਪਹੁੰਚਾਉਂਦੇ ਹਾਂ ਜਿਵੇਂ ਤੁਸੀਂ ਸਾਡੇ ਤੋਂ ਉਮੀਦ ਕਰਦੇ ਹੋ ਅਤੇ ਸਾਡੇ ਕੋਲ ਕਾਨੂੰਨ ਦੇ ਸ਼ਾਸਨ ਤੇ ਨਿਆਪਾਲਿਕਾ ਦੀ ਆਜ਼ਾਦੀ ਅਤੇ ਸਪੱਸ਼ਟ ਤੌਰ 'ਤੇ ਸਾਰੇ ਦੇਸ਼ਾਂ ਦੀ ਪ੍ਰਭੂਸੱਤਾ ਵਰਗੇ ਮਾਮਲਿਆਂ ਦੇ ਸਬੰਧ ਵਿਚ ਸਿਧਾਂਤਕ ਸਥਿਤੀ ਹੈ।

ਮੋਰਟਗੇਜ, ਇੰਸ਼ੋਰੈਂਸ ਅਤੇ ਪ੍ਰਾਪਰਟੀ ਨਾਲ ਸਬੰਧਤ ਸੇਵਾਵਾਂ

Mortgage | Insurance | Property

Dhillon Agencies

Home Mortgages, Commercial Loans, All kinds of Insurances, Residential / Commercial properties

* ਪ੍ਰਾਪਰਟੀ, ਲੋਨਜ਼ ਅਤੇ ਇੰਸ਼ੋਰੈਂਸ ਲਈ ਸਭ ਤੋਂ ਭਰੋਸੇਮੰਦ ਢਿੱਲੋਂ ਏਜੰਸੀਜ਼ ਹਰ ਸਮੇਂ ਤੁਹਾਡੀ ਸੇਵਾ ਵਿਚ ਹਾਜ਼ਰ ਹੈ।
* ਆਪਣੇ ਸੁਪਨਿਆਂ ਦਾ ਘਰ ਜਾਂ ਹੋਰ ਕਾਮਰਸ਼ੀਅਲ ਪ੍ਰਾਪਰਟੀ ਖਰੀਦਣ, ਮੋਰਟਗੇਜ, ਕਾਮਰਸ਼ੀਅਲ ਲੋਨਜ਼ ਅਤੇ ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸਾਡੇ ਨਾਲ ਸੰਪਰਕ ਕਰੋ।

@ Mortgages: mortgages@dhillonagencies.com; Insurances: insurances@dhillonagencies.com; Properties: properties @dhillonagencies.com

dhillonagencies.com | (516) 441-0188

8624 239th Street, Bellerose, NY11426



ਵਾਹਿਗੁਰੂ ਜੀ ਕਾ ਖਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥

# ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਦੀਵਾਨ

## November 11th to 17th, 2024 at

# GURDWARA SANT SAGAR

242-25 Braddock Ave., Bellerose NY 11426. Ph. 718-343-1030

## ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸੰਗਤਾਂ ਨੂੰ ਲੱਖ-ਲੱਖ ਵਧਾਈ ਹੋਵੇ ਜੀ ।

ਸੰਗਤਾਂ ਦੇ ਪਿਆਰ ਤੇ ਉਦਮ ਸਦਕਾ 15 ਨਵੰਬਰ ਦਿਨ ਸ਼ੁਕਰਵਾਰ ਨੂੰ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਸ਼ਰਧਾ ਤੇ ਧੂਮ ਧਾਮ ਨਾਲ ਮਨਾਇਆ ਜਾ ਰਿਹਾ ਹੈ। ਇਸ ਸੰਬੰਧ ਵਿੱਚ ਉਲੀਕੇ ਗਏ ਪ੍ਰੋਗਰਾਮ ਦਾ ਵੇਰਵਾ ਇਸ ਤਰਾਂ ਹੈ।

ਗੁਰਪੁਰਬ ਦੇ ਸੰਬੰਧ'ਚ 11 ਨਵੰਬਰ ਤੋਂ 17 ਨਵੰਬਰ 2024 ਤੱਕ ਸ਼ਾਮ 5:30 ਤੋਂ 9:00 ਵਜੇ ਤੱਕ ਹਰ ਰੋਜ਼ ਵਿਸ਼ੇਸ਼ ਦੀਵਾਨ ਸੱਜਣਗੇ। ਜਿਸ ਵਿੱਚ ਪੰਥ ਪ੍ਰਸਿੱਧ ਕਥਾ ਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਰੋਜ਼ ਸ਼ਾਮ ਨੂੰ 8:00 ਵਜੇ ਤੋਂ 9:00 ਵਜੇ ਤੱਕ ਅਤੇ ਐਤਵਾਰ 1:30 ਤੋਂ 2:30 ਵਜੇ ਤੱਕ ਕਥਾ ਕਰਣਗੇ । ਇਹਨਾਂ ਤੋਂ ਇਲਾਵਾ ਨਾਮਵਰ ਪੰਥ ਪ੍ਰਸਿੱਧ ਰਾਗੀ ਜਥੇ ਗੁਰਬਾਣੀ ਕੀਰਤਨ ਅਤੇ ਪ੍ਰਚਾਰਕ ਗੁਰ-ਇਤਹਾਸ ਨਾਲ ਸੰਗਤਾਂ ਨੂੰ ਨਿਹਾਲ ਕਰਣਗੇ ।

ਗੁਰਪੁਰਬ ਦੇ ਸੰਬੰਧ ਵਿੱਚ ਹਰ ਸਾਲ ਦੀ ਤਰਾਂ 14 ਨਵੰਬਰ ਦਿਨ ਵੀਰਵਾਰ ਸ਼ਾਮ 5:30 ਤੋਂ ਰਾਤ ਪ੍ਰਕਾਸ਼ ਸਮੇਂ ਤੱਕ ਦੀਵਾਨ ਸਜਣਗੇ । ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੀ ਕਥਾ 11:15 ਤੋਂ 12:00 ਵਜੇ ਤੱਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਜੀ ਕਰਣਗੇ । ਉਪਰੰਤ ਸਤਿਗੁਰੂ ਦੇ ਪ੍ਰਕਾਸ਼ ਸਮੇਂ ਤੋਂ ਆਰਤੀ ਕੀਰਤਨ ਤੇ ਫੁੱਲਾਂ ਦੀ ਵਰਖਾ ਨਾਲ ਸਮਾਪਤੀ ਕੀਤੀ ਜਾਵੇਗੀ।

15 ਨਵੰਬਰ ਦਿਨ ਸ਼ੁਕਰਵਾਰ ਸਵੇਰੇ 9:00 ਵਜੇ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ ਉਪਰੰਤ ਸਵੇਰੇ 9:30 ਤੋਂ ਦੁਪਹਿਰ 2:00 ਵਜੇ ਤੱਕ ਦੀਵਾਨ ਸਜਣਗੇ। ਸ਼ਾਮ 5:00 ਵਜੇ ਰੱਖੇ ਹੋਏ ਅਖੰਡ ਪਾਠ ਸਾਹਿਬ ਦੇ ਭੋਗ ਪੈਣਗੇ । ਸ਼ਾਮ 5:30 ਵਜੇ ਤੋਂ ਰਾਤ 10:30 ਵਜੇ ਤੱਕ ਦੀਵਾਨ ਸਜਾਏ ਜਾਣਗੇ । 15 ਨਵੰਬਰ (ਸ਼ੁਕਰਵਾਰ) ਸਵੇਰੇ ਅਖੰਡ ਪਾਠ ਆਰਭ ਹੋਣਗੇ ਤੇ 17 ਨਵੰਬਰ (ਐਤਵਾਰ) ਸਵੇਰੇ ਭੋਗ ਪੈਣਗੇ ।

ਸਮੂਹ ਸੰਗਤ ਅੱਗੇ ਬੇਨਤੀ ਹੈ ਕਿ ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਜਿੱਥੇ ਆਪ ਆਉਣਾ ਹੈ ਉਥੇ ਹੋਰਨਾ ਨੂੰ ਵੀ ਪ੍ਰੇਰਨਾ ਹੈ ਅਤੇ ਜਨਮ ਸਫਲ ਕਰਨਾ ਹੈ।

ਗੁਰਪੂਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ 25 ਅਗਸਤ ਤੋਂ ਪ੍ਰਭਾਤ ਫੇਰੀਆਂ ਆਰੰਭ ਹਨ ਜੋ ਕੀ 10 ਨਵੰਬਰ ਨੂੰ ਸਮਾਪਤ ਹੋਣਗੀਆ।

ਸਮੂਹ ਸੰਗਤਾਂ ਦਾ ਇਸ ਉਲੀਕੇ ਗਏ ਪ੍ਰੋਗਰਾਮਾਂ ਵਿੱਚ ਆਪਣਾ ਯੋਗਦਾਨ ਪਾਕੇ ਸਫਲ ਕਰਨ ਲਈ ਬਹੁਤ ਬਹੁਤ ਧਨੰਵਾਦ।

ਇਹਨਾਂ ਸਾਰੇ ਪ੍ਰੋਗਰਾਮਾਂ ਵਿੱਚ ਗੁਰੂ ਕਾ ਲੰਗਰ ਅਟੁੱਟ ਵਰਤੇਗਾ।

ਵਧੇਰੇ ਜਾਣਕਾਰੀ ਲਈ
718-343-1030 ਤੇ ਕਾਲ ਕਰੋ ਜੀ ।

ਗੁਰੂ-ਸੰਗਤਾਂ ਦਾ ਦਾਸ- ਭਾਈ ਸੱਜਣ ਸਿੰਘ
ਸਾਬਕਾ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone # 718.343.1030



IPTV

ਵਿਸ਼ੇਸ਼ ਕੀਰਤਨ ਦਰਬਾਰ ਦਾ ਸਿੱਧਾ ਪ੍ਰਸਾਰਣ ਗੁਰਦਆਰਾ ਸੰਤ ਸਾਗਰ ਦੇ ਟੀ. ਵੀ. ਚੈਨਲ, ਯੂਟਿਊਬ ਅਤੇ ਫੇਸਬੁਕ ਤੇ ਦੇਖ ਸਕਦੇ ਹੋ।

Watch LIVE on GURDWARA SANT SAGAR's IPTV Channel, YouTube Channel & Facebook Page

Print by : PrintLinkers.com # 347-475-5555 ( Dilpreet Singh )

# ਪਾਕਿਸਤਾਨ ਦੇ ਗੁਰਧਾਮਾਂ ਦੀ ਆਰਥਿਕ ਮਦਦ ਕਰਨਾ ਹਰ ਸਿੱਖ ਆਪਣਾ ਫ਼ਰਜ਼ ਸਮਝੇ: ਗਾਖਲ

ਸ੍ਰੀ ਗੁਰੂ ਨਾਨਕ ਦੇਵ ਜੀ ਦੇ 555ਵੇਂ ਪ੍ਰਕਾਸ਼ ਪੁਰਬ ਦੇ ਸਮਾਗਮਾਂ 'ਚ ਸ਼ਾਮਿਲ ਹੋਣ ਪਾਕਿਸਤਾਨ ਦੀ ਯਾਤਰਾ 'ਤੇ ਗਏ ਗਾਖਲ ਗਰੁੱਪ ਯੂ.ਐੱਸ.ਏ. ਦੇ ਚੇਅਰਮੈਨ ਅਮੋਲਕ ਸਿੰਘ ਗਾਖਲ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਪਾਕਿਸਤਾਨ ਦੇ ਗੁਰਧਾਮਾਂ ਦੇ ਜਿੱਥੇ ਦਰਸ਼ਨ ਕਰਨੇ ਜ਼ਰੂਰੀ ਹਨ ਉੱਥੇ ਹੀ ਦੇਸ਼-ਵਿਦੇਸ਼ ਵਿਚ ਵਸਦਾ ਹਰ ਸਿੱਖ ਇਨ੍ਹਾਂ ਗੁਰਧਾਮਾਂ ਦੀ ਆਰਥਿਕ ਮਦਦ ਕਰਨਾ ਵੀ ਆਪਣਾ ਫ਼ਰਜ਼ ਸਮਝੇ।

ਇਸ ਮੌਕੇ ਉਨ੍ਹਾਂ ਦੇ ਨਾਲ ਉਨ੍ਹਾਂ ਦੀ ਧਰਮ ਪਤਨੀ ਬੀਬੀ ਇੰਦਰਜੀਤ ਕੌਰ ਗਾਖਲ ਵੀ ਮੌਜੂਦ ਸਨ। ਉਨ੍ਹਾਂ ਦੱਸਿਆ ਕਿ ਉਨ੍ਹਾਂ ਗੁਰਦੁਆਰਾ ਜਨਮ ਅਸਥਾਨ ਸ੍ਰੀ ਗੁਰੂ ਰਾਮਦਾਸ ਜੀ ਚੂਨਾ ਮੰਡੀ ਲਾਹੌਰ ਵਿਖੇ ਨਤਮਸਤਕ ਹੋ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਪ੍ਰਬੰਧਕ ਕਮੇਟੀ ਦੇ ਨੁਮਾਇੰਦਿਆਂ ਵਲੋਂ ਉਨ੍ਹਾਂ ਨਾਲ ਵਿਚਾਰਾਂ ਵੀ ਕੀਤੀਆਂ ਗਈਆਂ। ਇਸ ਉਪਰੰਤ ਲਾਹੌਰ ਵਿਖੇ ਹੀ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਅਸਥਾਨ 'ਤੇ ਸੁਸ਼ੋਭਿਤ ਗੁਰਦੁਆਰਾ ਸਾਹਿਬ ਦੇ ਦਰਸ਼ਨ ਵੀ ਕੀਤੇ ਅਤੇ ਗਾਖਲ ਪਰਿਵਾਰ ਵਲੋਂ ਲੰਗਰਾਂ ਦੀ ਸੇਵਾ ਕੀਤੀ ਗਈ। ਇੱਥੇ ਹੀ ਮਹਾਰਾਜਾ ਰਣਜੀਤ ਸਿੰਘ ਦੇ ਕਿਲੇ ਦੇ ਵੀ ਦਰਸ਼ਨ ਕੀਤੇ ਗਏ। ਅਮੋਲਕ ਸਿੰਘ ਗਾਖਲ ਨੇ ਦੇਸ਼-ਵਿਦੇਸ਼ ਵਸਦੇ ਸਾਰੇ ਹੀ ਐੱਨ.ਆਰ.ਆਈ ਪਰਿਵਾਰਾਂ ਨੂੰ ਬੇਨਤੀ ਕੀਤੀ ਕਿ ਉਹ ਪਾਕਿਸਤਾਨ ਦੇ ਸਿੱਖ ਗੁਰਧਾਮਾਂ ਦੇ ਦਰਸ਼ਨ ਜ਼ਰੂਰ ਕਰਨ ਆਉਣ। ਉਨ੍ਹਾਂ ਕਿਹਾ ਕਿ ਪਾਕਿਸਤਾਨ ਦਾ ਵੀਜ਼ਾ ਬਹੁਤ ਹੀ ਸੁਖਾਲਾ ਹੈ, ਆਨਲਾਈਨ ਮਿਲਦਾ ਹੈ ਅਤੇ ਇੱਥੇ ਪਹੁੰਚ ਕੇ ਜਿੰਨੀ ਵੀ ਹੋ ਸਕੇ ਸਿੱਖ ਗੁਰਧਾਮਾਂ ਦੀ ਆਰਥਿਕ ਮਦਦ ਜ਼ਰੂਰ ਕੀਤੀ ਜਾਵੇ।




ਅਮੋਲਕ ਸਿੰਘ ਗਾਖਲ ਅਤੇ ਉਨ੍ਹਾਂ ਦੀ ਧਰਮ ਪਤਨੀ ਬੀਬੀ ਇੰਦਰਜੀਤ ਕੌਰ ਗਾਖਲ ਗੁਰਦੁਆਰਾ ਸਾਹਿਬ ਵਿਖੇ ਨਤਮਸਤਕ ਹੋਣ ਉਪਰੰਤ।


## ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ

ਮਰਫਰੀਸਬੋਰੋ (ਟੈਨੇਸੀ) ਵਿਚ ਭਾਰਤੀ ਰੈਸਟੋਰੈਂਟ ਲਈ ਸ਼ੈਫ ਅਤੇ ਤੰਦੂਰੀਏ ਦੀ ਫੌਰੀ ਲੋੜ ਹੈ।

* ਚੰਗੀ ਤਨਖਾਹ ਅਤੇ ਮੁਫਤ ਰਿਹਾਇਸ਼ ਅਤੇ ਖਾਣਾ * ਜੋੜੇ ਨੂੰ ਪਹਿਲ

## Restaurant Help Wanted

**Immediately hiring Chef and Tandoori Chef for Indian restaurant in Murfreesboro, TN.**

***Good salary, free accommodation & Food.**

*** Priority to Couples**

ਸੰਪਰਕ ਕਰੋ: ਗੁਰਇਕਬਾਲ ਸਿੰਘ

ਫੋਨ: 629-295-6982

Direct call or What's up call 615-482-5158





## UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**



## SUPER TRAVEL

847-676-9090, 773-465-5566

*E-mail: supertravel2003@live.com*

Lowest Fares With Excellent Service

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

EARLY BIRD SALE!!!!

Domestic fares available


# Matrimonials

## ਲੜਕੇ ਦੀ ਲੋੜ ਹੈ

Jat Sikh family seeks a comparable match from a progressive family for their 1991 born, 5' 7", US-born daughter. Her background is in chemical engineering, and she is currently a department manager at a Fortune 500 multinational corporation. She lives in Chicago. Please contact with details at surjitkaur1937@outlook.com or 312-380-2714.

44-47

---

looking for a USA Citizen match for 6/1988 born, 5'9' divorced girl and has one child living with. She has completed her nursing associate in India, currently working in India and holding a Canada visitor visa. The girl belongs to Punjab (Ludhiana). Please contact us at: Cell 262-960-7366.

## ਲੜਕੀ ਦੀ ਲੋੜ ਹੈ

Seeking gursikh and educated match for Saini sikh turbaned boy. 97 born, 5'4". B.Tech from IIT, Guwahati. Working as Sr. Engineer in MNC in Bangalore. Serious enquiries, please contact us at: 765-570-0149 (USA) or 98182-87307 (INDIA)

44-47

---

Ramgarhia Family seeks a suitable match for their USA Born and Raised 30 year 5'6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.

---

ਅਮਰੀਕਾ 'ਚ ਵੈਲ ਸੈਟਲਡ, ਗੁਰਸਿੱਖ ਪਰਿਵਾਰ ਨੂੰ ਆਪਣੇ ਪ੍ਰੋਫੈਸ਼ਨਲੀ ਕੁਆਲੀਫਾਈਡ ਅੰਮ੍ਰਿਤਧਾਰੀ, 1987 ਬੌਰਨ, ਕੱਦ 5'-11", ਅਮਰੀਕਾ ਤੋਂ ਮਾਸਟਰਜ਼ ਡਿਗਰੀ ਹੋਲਡਰ, ਸੌਫਟਵੇਅਰ ਇੰਜਨੀਅਰਿੰਗ ਪ੍ਰੋਡਕਟ ਮੈਨੇਜਰ ਦੀ ਵਧੀਆ ਜੌਬ ਕਰਦੇ, ਵੈਲ ਸੈਟਲਡ, ਸਾਨਫਰਾਂਸਿਸਕੋ, ਬੇ ਏਰੀਆ, ਕੈਲੇਫੋਰਨੀਆ (ਅਮਰੀਕਾ) 'ਚ ਆਪਣੇ ਘਰ ਦੇ ਮਾਲਕ, ਵਿਆਹ ਤੋਂ ਸਿਰਫ 4 ਮਹੀਨੇ ਵਿਚ ਇਨੋਸੈਂਟਲੀ ਡੀਵੋਰਸਡ (ਕੋਈ ਬੱਚਾ ਨਹੀਂ), ਲੜਕੇ ਲਈ ਗੁਰਸਿੱਖ, ਅੰਮ੍ਰਿਤਧਾਰੀ, ਪੜ੍ਹੀ-ਲਿਖੀ, ਸੋਹਣੀ, ਵੈਸ਼ਨੂੰ, ਪਰਿਵਾਰਕ ਲੜਕੀ ਦੀ ਲੋੜ ਹੈ। ਅਮਰੀਕਾ/ਕੈਨੇਡਾ ਦੀ ਲੜਕੀ ਨੂੰ ਪਹਿਲ ਦਿੱਤੀ ਜਾਵੇਗੀ। ਹੋਰ ਵਧੇਰੇ ਜਾਣਕਾਰੀ ਲਈ 1-510-281-7065 ਜਾਂ ਵ੍ਹਟਸਐਪ +91-98993-79442 'ਤੇ ਫੋਨ ਕਰ ਸਕਦੇ ਹੋ ਜਾਂ ਆਪਣੇ ਵੇਰਵੇ ਈਮੇਲ cjsingh55@gmail.com 'ਤੇ ਭੇਜ ਸਕਦੇ ਹੋ।

41-44

---

US citizen boy is looking for a suitable match. He is born on 1989, 5'-6", in Ludhiana and raised in the US. He is never married, and working as a behavioral specialist. Father is a taxi driver, and mother is a nurse. Seeking a kind-hearted, family-oriented, and educated girl. Please email at manna.suie@gmail.com or call +1 (312) 217-8849.

40-43

---

Jatt Sikh family residing in SF Bay area California looking for a suitable match in US/Canada/India for their US born and raised 24, 5'10" son. He has done a Bachelor degree from UCLA and Masters from UCSF in Computer Science and BioMedical Imaging. Boy wears a turban and keeps his hair. He is employed with a high salary in a reputed company in the SF Bay Area. Beyond education, girl must possess a joint family-oriented mindset with good moral family values. Please Contact ph: 510 861 6491 or email: pgrrealty@gmail.com

37-40


## ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ? ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu DHMS, BAMS**

**HOMEOPATHIC NATURAL MEDICINES**

When Tired of all Treatments, For any Disease, At any Age, Try Alternative Treatment



Gurdip Singh Sandhu

Homeopathic Ayurvedic Consultant/Physician Since 1973
DHMS-Gold medalist, Ex-Prof, Principal, & CMO Medical Colleges/Hospitals in India

**Ph: (408) 687-1899**
**(925) 557-9093**

Email: Homeomdicine@yahoo.com
Website: www.Homeopathyatoz.com

7021 Village Parkway, Dublin, CA 94568
Practice under provision of Act S8_577
State of CA

# ਜਥੇਦਾਰ ਵੱਲੋਂ ਸਿੱਖ ਸੰਸਥਾਵਾਂ 'ਚ ਸਰਕਾਰੀ ਦਖਲਅੰਦਾਜ਼ੀ ਉਤੇ ਫਿਕਰਮੰਦੀ

**ਅੰਮ੍ਰਿਤਸਰ:** ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਬੰਦੀ ਛੋੜ ਦਿਵਸ ਮੌਕੇ ਸਿੱਖ ਕੌਮ ਦੇ ਨਾਂ ਜਾਰੀ ਸੰਦੇਸ਼ 'ਚ ਪੰਜਾਬ ਵਿਚ ਜਵਾਨੀ, ਕਿਸਾਨੀ ਅਤੇ ਤਜਾਰਤ ਦੇ ਭਵਿੱਖ ਨੂੰ ਧੁੰਦਲਾ ਦੱਸਦਿਆਂ ਫ਼ਿਕਰ ਜਤਾਇਆ ਹੈ। ਜਥੇਦਾਰ ਨੇ ਪੰਜਾਬ ਦੀ ਤਰੱਕੀ ਤੇ ਚੜ੍ਹਦੀ ਕਲਾ ਲਈ ਇਕਮੁੱਠ ਹੋਣ ਦੀ ਲੋੜ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਆਪਸੀ ਮਤਭੇਦ ਛੱਡ ਕੇ ਅਕਾਲ ਤਖ਼ਤ ਦੀ ਸਰਪ੍ਰਸਤੀ ਹੇਠ ਇਕੱਠੇ ਹੋਣ ਦੀ ਲੋੜ ਹੈ।



ਉਨ੍ਹਾਂ ਦੇਸ਼ ਭਰ ਵਿਚ ਸਿੱਖਾਂ ਨਾਲ ਹੋ ਰਹੇ ਵਿਤਕਰੇ ਅਤੇ ਸਿੱਖ ਸੰਸਥਾਵਾਂ ਵਿਚ ਵੱਧ ਰਹੀ ਸਰਕਾਰੀ ਦਖਲਅੰਦਾਜ਼ੀ 'ਤੇ ਵੀ ਫ਼ਿਕਰ ਜਤਾਇਆ। ਉਨ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਆਪਣੇ ਮੂਲ ਨਾਲ ਜੁੜਨ ਅਤੇ ਡੂੰਘੇ ਆਤਮ ਚਿੰਤਨ ਦੀ ਲੋੜ 'ਤੇ ਜ਼ੋਰ ਦਿੱਤਾ। ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਓਢੀ ਤੋਂ ਸਿੱਖ ਪੰਥ ਦੇ ਨਾਂ ਸੰਦੇਸ਼ ਵਿਚ ਉਨ੍ਹਾਂ ਕਿਹਾ ਕਿ ਪੰਥ ਦਾ ਭਵਿੱਖ ਪੰਜਾਬ ਖਿੱਤੇ ਨਾਲ ਜੁੜਿਆ ਹੋਇਆ ਹੈ ਪਰ ਮੌਜੂਦਾ ਸਮੇਂ ਇੱਥੋਂ ਦਾ ਸਮਾਜਿਕ, ਰਾਜਨੀਤਕ ਸੱਭਿਆਚਾਰਕ ਅਤੇ ਆਰਥਿਕ ਤਾਣਾ-ਬਾਣਾ ਚਿੰਤਾਜਨਕ ਸਥਿਤੀ ਵਿਚ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਪੰਜਾਬ ਦੀ ਨੌਜਵਾਨੀ ਤਬਾਹ ਹੋ ਰਹੀ ਹੈ। ਸਿਆਸੀ ਧਿਰਾਂ ਦੀ ਗੁਰੂ ਗ੍ਰੰਥ ਤੇ ਗੁਰੂ ਪੰਥ ਪ੍ਰਤੀ ਵਫ਼ਾਦਾਰੀ ਵਿਚ ਕਮੀ ਆਈ ਹੈ, ਜਦੋਂਕਿ ਸਿੱਖ ਰਾਜਨੀਤੀ ਦਵੰਧ ਦਾ ਸ਼ਿਕਾਰ ਹੋ ਕੇ ਹਾਸ਼ੀਏ 'ਤੇ ਆ ਗਈ ਹੈ ਅਤੇ ਇਸ ਦੇ ਭਵਿੱਖ 'ਤੇ ਪ੍ਰਸ਼ਨ ਚਿੰਨ ਲੱਗ ਗਿਆ ਹੈ। ਇਸ ਦਵੰਧ ਕਾਰਨ ਸਿੱਖ ਸਿਧਾਂਤਾਂ, ਸੰਸਥਾਵਾਂ ਅਤੇ ਪਰੰਪਰਾਵਾਂ ਦੀ ਮੌਲਿਕਤਾ ਨੂੰ ਖੋਰਾ ਲੱਗਾ ਹੈ। ਜਥੇਦਾਰ ਨੇ ਕਿਹਾ ਕਿ ਪੰਜਾਬ ਦੇ ਕੁਦਰਤੀ ਸਰੋਤਾਂ ਤੇ ਬੁਨਿਆਦੀ ਹੱਕਾਂ ਦੇ ਮੁੱਦੇ, ਜੋ ਕਦੇ ਪੰਥਕ ਸਿਆਸਤ ਦਾ ਕੇਂਦਰ ਹੁੰਦੇ ਸਨ, ਨੂੰ ਵਿਸਾਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਅਜੋਕੀ ਸਥਿਤੀ ਵਿਚ ਸਿੱਖ ਰਾਜਨੀਤੀ ਦੀ ਸੁਰਜੀਤੀ ਦੀ ਲੋੜ ਹੈ, ਜੋ ਪੰਜਾਬ, ਗੁਰੂ ਗ੍ਰੰਥ ਅਤੇ ਗੁਰੂ ਪੰਥ ਨੂੰ ਸਮਰਪਿਤ ਹੋਵੇ।

ਜਥੇਦਾਰ ਨੇ 1984 ਸਿੱਖ ਕਤਲੇਆਮ ਦੀ ਗੱਲ ਕਰਦਿਆਂ ਕਿਹਾ ਕਿ 40 ਸਾਲ ਦਾ ਲੰਮਾ ਸਮਾਂ ਬੀਤਣ ਮਗਰੋਂ ਵੀ ਹਜ਼ਾਰਾਂ ਨਿਰਦੋਸ਼ ਸਿੱਖਾਂ ਦੇ ਕਤਲਾਂ ਦਾ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ '84 ਸਿੱਖ ਕਤਲੇਆਮ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਸ਼ਰਧਾਂਜਲੀ ਵੀ ਭੇਟ ਕੀਤੀ। ਇਸ ਮੌਕੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਸੁਲਤਾਨ ਸਿੰਘ ਨੇ ਵੀ ਸੰਬੋਧਨ ਕੀਤਾ ਅਤੇ ਸੰਗਤ ਨੂੰ ਬੰਦੀ ਛੋੜ ਦਿਵਸ ਦੀ ਵਧਾਈ ਦਿੱਤੀ। ਇਸ ਦੌਰਾਨ ਅਕਾਲ ਤਖ਼ਤ ਤੋਂ ਨਿਹੰਗ ਸਿੰਘ ਜਥੇਬੰਦੀਆਂ, ਸੰਪਰਦਾਵਾਂ ਦੇ ਮੁਖੀਆਂ ਅਤੇ ਹੋਰ ਪ੍ਰਤੀਨਿਧਾਂ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਤੋਂ ਪਹਿਲਾਂ ਬੰਦੀ ਛੋੜ ਦਿਵਸ ਦੇ ਸਬੰਧ ਵਿਚ ਗੁਰਦੁਆਰਾ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਹੋਏ, ਜਿਸ ਵਿਚ ਰਾਗੀ, ਢਾਡੀ ਅਤੇ ਕਵੀਸ਼ਰ ਜਥਿਆਂ ਨੇ ਗੁਰਬਾਣੀ ਦਾ ਕੀਰਤਨ ਅਤੇ ਇਤਿਹਾਸ ਬਾਰੇ ਚਾਨਣਾ ਪਾਇਆ। ਸਮਾਗਮਾਂ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਬੁੱਢਾ ਦਲ ਦੇ ਮੁਖੀ ਬਾਬਾ ਬਲਬੀਰ ਸਿੰਘ, ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂ ਤਰਨਾ ਦਲ, ਦਮਦਮੀ ਟਕਸਾਲ ਵੱਲੋਂ ਬਾਬਾ ਸੁਖਦੇਵ ਸਿੰਘ, ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਗੁਰਮੁੱਖ ਸਿੰਘ, ਗਿਆਨੀ ਮਲਕੀਤ ਸਿੰਘ, ਸ਼੍ਰੋਮਣੀ ਕਮੇਟੀ ਮੈਂਬਰ ਸੁਰਜੀਤ ਸਿੰਘ ਭਿੱਟੇਵੱਡ ਆਦਿ ਹਾਜ਼ਰ ਸਨ।

## ਸਿੱਖ ਨੌਜਵਾਨਾਂ ਦੇ ਪਰਵਾਸ ਨੂੰ ਚਿੰਤਾਜਨਕ ਦੱਸਿਆ

**ਅੰਮ੍ਰਿਤਸਰ:** ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਵੱਡੀ ਗਿਣਤੀ ਸਿੱਖ ਨੌਜਵਾਨਾਂ ਦੇ ਵਿਦੇਸ਼ਾਂ ਵਿਚ ਪਰਵਾਸ ਕਰਨ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ ਅਜਿਹਾ ਪੰਜਾਬ ਵਿਚ ਰੁਜ਼ਗਾਰ ਦੇ ਮੌਕੇ ਘਟਣ ਅਤੇ ਚੰਗਾ ਜੀਵਨ ਜਿਉਣ ਦੀਆਂ ਸੰਭਾਵਨਾਵਾਂ ਦੀ ਬੇਯਕੀਨੀ ਕਰਕੇ ਹੋਇਆ ਹੈ। ਪੰਜਾਬ ਵਿਚ ਬਾਹਰੀ ਰਾਜਾਂ ਤੋਂ ਹੋ ਰਹੇ ਪਰਵਾਸ ਕਾਰਨ ਪੰਜਾਬ ਦਾ ਡੈਮੋਗ੍ਰਾਫਿਕ ਢਾਂਚਾ ਬਦਲ ਰਿਹਾ ਹੈ। ਸਿੱਖ ਬਹੁਗਿਣਤੀ ਵਾਲਾ ਸੂਬਾ ਘੱਟਗਿਣਤੀ ਬਣ ਰਿਹੈ, ਜਿਸ ਦੇ ਭਵਿੱਖੀ ਨਤੀਜੇ ਚੰਗੇ ਨਹੀਂ ਹੋਣਗੇ ਅਤੇ ਇਸ ਤੋਂ ਸੰਭਲਣ ਦੀ ਲੋੜ ਹੈ।

# ਸ਼੍ਰੋਮਣੀ ਕਮੇਟੀ ਜਥੇਦਾਰਾਂ ਦੇ ਹੱਕਾਂ 'ਚ ਦਖਲ ਦੇ ਕੇ ਸਿੱਖ ਸਿਧਾਂਤਾਂ ਦਾ ਘਾਣ ਕਰ ਰਹੀ: ਮੰਡ

**ਅੰਮ੍ਰਿਤਸਰ:** ਮੁਤਵਾਜ਼ੀ ਜਥੇਦਾਰ ਭਾਈ ਧਿਆਨ ਸਿੰਘ ਮੰਡ ਨੇ ਸਿੱਖ ਕੌਮ ਦੇ ਨਾਂ ਸੰਦੇਸ਼ ਜਾਰੀ ਕਰਦਿਆਂ ਸਮੁੱਚੀ ਸਿੱਖ ਕੌਮ ਨੂੰ ਵੱਡੇ ਕੌਮੀ ਹਿੱਤਾਂ ਲਈ ਇਕਜੁੱਟ ਹੋਣ ਦੀ ਅਪੀਲ ਕੀਤੀ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਸਿੱਖ ਸਿਧਾਂਤਾਂ ਦਾ ਘਾਣ ਕਰਨ ਅਤੇ ਸਿੱਖ ਸੰਸਥਾਵਾਂ 'ਤੇ ਆਪਣੀ ਜ਼ਿੰਮੇਵਾਰੀ ਤੋਂ ਭੱਜਣ ਦਾ ਦੋਸ਼ ਲਾਇਆ।

ਉਹ 'ਬੰਦੀ ਛੋੜ ਦਿਵਸ' ਮੌਕੇ ਸ੍ਰੀ ਅਕਾਲ ਤਖ਼ਤ ਵਿਖੇ ਨਤਮਸਤਕ ਹੋਣ ਲਈ ਪੁੱਜੇ ਸਨ। ਇਸ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕੀਤੀ। ਸਿੱਖ ਕੌਮ ਦੇ ਨਾਂ ਜਾਰੀ ਸੰਦੇਸ਼ ਵਿਚ ਭਾਈ ਮੰਡ ਨੇ ਕਿਹਾ ਕਿ ਇਸ ਵਾਰ ਜਿਹੜੇ ਦਿਨਾਂ ਵਿਚ ਦੀਵਾਲੀ ਦਾ ਤਿਉਹਾਰ ਅਤੇ 'ਬੰਦੀ ਛੋੜ ਦਿਵਸ' ਆਏ ਹਨ, ਲਗਭਗ 40 ਸਾਲ ਪਹਿਲਾਂ ਇਨ੍ਹਾਂ ਦਿਨਾਂ ਦੌਰਾਨ ਦਿੱਲੀ ਅਤੇ ਹੋਰ ਸ਼ਹਿਰਾਂ ਵਿਚ ਸਿੱਖਾਂ ਦਾ ਕਤਲੇਆਮ ਤੇ ਨਸ਼ਲਕੁਸ਼ੀ ਕੀਤੀ ਗਈ ਸੀ। ਇਸ ਸਬੰਧੀ ਸਿੱਖਾਂ ਨੂੰ ਹੁਣ ਤੱਕ ਇਨਸਾਫ਼ ਨਹੀਂ ਮਿਲਿਆ। ਬਿਨਾਂ ਕਿਸੇ ਸਿਆਸੀ ਧਿਰ ਦਾ ਨਾਂ ਲਏ ਭਾਈ ਮੰਡ ਨੇ ਕਿਹਾ ਕਿ ਇਕ ਧਿਰ ਵੱਲੋਂ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲਾ ਕੀਤਾ ਗਿਆ, ਦਿੱਲੀ ਸਮੇਤ ਵੱਖ-ਵੱਖ ਸੂਬਿਆਂ



ਵਿਚ ਸਿੱਖਾਂ ਦਾ ਕਤਲੇਆਮ ਕੀਤਾ ਗਿਆ ਅਤੇ ਪੰਜਾਬ ਵਿਚ ਹਜ਼ਾਰਾਂ ਬੇਗੁਨਾਹ ਸਿੱਖਾਂ ਦੇ ਝੂਠੇ ਪੁਲਿਸ ਮੁਕਾਬਲੇ ਬਣਾ ਕੇ ਨਸਲਕੁਸ਼ੀ ਕੀਤੀ ਗਈ। ਉਨ੍ਹਾਂ ਦੋਸ਼ ਲਾਇਆ ਕਿ ਦੂਜੇ ਧਿਰ ਵੱਲੋਂ ਸਿੱਖਾਂ ਦਾ ਸੱਤ ਸਮੁੰਦਰੋਂ ਪਾਰ ਤੱਕ ਪਿੱਛਾ ਕਰਕੇ ਮਾਰਨਾ ਸਿੱਖ ਪੰਥ ਦੇ ਭਵਿੱਖ ਅਤੇ ਹੋਂਦ 'ਤੇ ਸਵਾਲੀਆ ਨਿਸ਼ਾਨ ਲਾਉਂਦਾ ਹੈ। ਉਨ੍ਹਾਂ ਦੁੱਖ ਪ੍ਰਗਟਾਇਆ ਕਿ ਸਿੱਖ ਸੰਸਥਾਵਾਂ ਆਪਣੀ ਜ਼ਿੰਮੇਵਾਰੀ ਤੋਂ ਭੱਜ ਰਹੀਆਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ 'ਤੇ ਦੋਸ਼ ਲਾਇਆ ਕਿ ਉਹ ਤਖ਼ਤਾਂ ਦੇ ਜਥੇਦਾਰਾਂ ਦੇ ਹੱਕਾਂ ਵਿਚ ਦਖ਼ਲ ਦੇ ਕੇ ਸਿੱਖ ਸਿਧਾਂਤਾਂ ਦਾ ਘਾਣ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਨੌਜਵਾਨਾਂ ਦੇ ਪੰਜਾਬ ਛੱਡ ਜਾਣ ਦੀ ਕਿਸੇ ਸੰਸਥਾ ਨੂੰ ਚਿੰਤਾ ਨਹੀਂ ਹੈ। ਪੰਜਾਬ ਵਿਚ ਵੱਡੀ ਗਿਣਤੀ ਵਿਚ ਵਸਾਏ ਜਾ ਰਹੇ ਗ਼ੈਰ-ਪੰਜਾਬੀਆਂ ਦੇ ਰੁਝਾਨ ਵੱਲ ਵੀ ਕੋਈ ਧਿਆਨ ਨਹੀਂ ਦੇ ਰਿਹਾ। ਅਜੋਕੀ ਸਥਿਤੀ 'ਤੇ ਚਿੰਤਾ ਦਾ ਪ੍ਰਗਟ ਕਰਦਿਆਂ ਉਨ੍ਹਾਂ ਨੇ ਸਮੁੱਚੀਆਂ ਪੰਥਕ ਜਥੇਬੰਦੀਆਂ ਅਤੇ ਅਕਾਲੀ ਧੜਿਆਂ ਨੂੰ ਅਪੀਲ ਕੀਤੀ ਕਿ ਉਹ ਨਿੱਜੀ ਹਿੱਤਾਂ ਨੂੰ ਜਾਂ ਵਖਰੇਵਿਆਂ ਨੂੰ ਛੱਡ ਕੇ ਪੰਥਕ ਹਿੱਤਾਂ ਲਈ ਆਪਸੀ ਮਤਭੇਦ ਭੁਲਾ ਕੇ ਦਰਪੇਸ਼ ਚੁਣੌਤੀਆਂ ਦਾ ਟਾਕਰਾ ਕਰਨ ਲਈ ਇਕ ਨਿਸ਼ਾਨ ਹੇਠ ਇਕੱਠੇ ਹੋਣ। ਉਨ੍ਹਾਂ ਨੇ ਨਵੰਬਰ 1984 ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਵੀ ਭੇਟ ਕੀਤੀ।

# ਸਿੱਖ ਕਤਲੇਆਮ ਦੇ ਜ਼ਖਮ 40 ਸਾਲਾਂ ਮਗਰੋਂ ਵੀ ਅੱਲ੍ਹੇ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਹੈ ਕਿ ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਵਿਚ ਨਵੰਬਰ 1984 ਵਿਚ ਸਮੇਂ ਦੀ ਕਾਂਗਰਸ ਹਕੂਮਤ ਦੀ ਸ਼ਹਿ 'ਤੇ ਸਿੱਖਾਂ ਦੇ ਕੀਤੇ ਕਤਲੇਆਮ ਦੇ ਜ਼ਖ਼ਮ 40 ਸਾਲ ਬੀਤ ਜਾਣ ਮਗਰੋਂ ਵੀ ਅੱਲ੍ਹੇ ਹਨ ਅਤੇ ਦੁੱਖ ਦੀ ਗੱਲ ਹੈ ਸਿੱਖ ਕੌਮ ਨੂੰ ਇਸ ਦਾ ਇਨਸਾਫ਼ ਨਹੀਂ ਮਿਲਿਆ।



ਸ਼੍ਰੋਮਣੀ ਕਮੇਟੀ ਵੱਲੋਂ ਨਵੰਬਰ 1984 'ਚ ਹੋਏ ਸਿੱਖ ਕਤਲੇਆਮ ਦੇ ਸ਼ਹੀਦਾਂ ਦੀ ਯਾਦ ਵਿਚ ਦਰਬਾਰ ਸਾਹਿਬ ਸਮੂਹ ਸਥਿਤ ਗੁਰਦੁਆਰਾ ਝੰਡਾ ਬੁੰਗਾ ਸਾਹਿਬ ਵਿਚ ਅਖੰਡ ਪਾਠ ਦੇ ਭੋਗ ਪਾਏ ਗਏ ਅਤੇ ਸ਼ਰਧਾਂਜਲੀ ਦਿੱਤੀ ਗਈ। ਇਸ ਦੌਰਾਨ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਅਰਦਾਸ ਭਾਈ ਪ੍ਰੇਮ ਸਿੰਘ ਨੇ ਕੀਤੀ। ਇਸੇ ਮੌਕੇ ਐਡਵੋਕੇਟ ਧਾਮੀ ਨੇ ਕਿਹਾ ਕਿ ਸਰਕਾਰ ਦੀ ਸ਼ਹਿ ਉਤੇ ਕੀਤਾ ਗਿਆ ਇਹ ਮਾਨਵਤਾ ਵਿਰੋਧੀ ਅਣਮਨੁੱਖੀ ਕਾਰਾ ਸੀ, ਜਿਸ ਤੋਂ ਕਾਂਗਰਸ ਕਦੇ ਵੀ ਬਰੀ ਨਹੀਂ ਹੋ ਸਕਦੀ। ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਜੀਤ ਸਿੰਘ ਨੇ ਸ਼ਰਧਾਂਜਲੀ ਭੇਟ ਕਰਦਿਆਂ ਕਿਹਾ ਕਿ ਸਭ ਤੋਂ ਵੱਧ ਕੁਰਬਾਨੀਆਂ ਕਰਨ ਵਾਲੀ ਸਿੱਖ ਕੌਮ ਨੂੰ ਦੇਸ਼ ਅੰਦਰ ਹੀ ਹਮੇਸ਼ਾ ਬੇਗਾਨਗੀ ਦਾ ਅਹਿਸਾਸ ਕਰਵਾਇਆ ਗਿਆ।

ਸਮਾਗਮ ਵਿਚ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਆਨਰੇਰੀ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਸੁਰਜੀਤ ਸਿੰਘ ਭਿੱਟੇਵੱਡ, ਗੁਰਮੀਤ ਸਿੰਘ ਬੂਹ, ਰਣਜੀਤ ਸਿੰਘ ਕਾਹਲੋਂ, ਹਰਜਾਪ ਸਿੰਘ ਸੁਲਤਾਨਵਿੰਡ, ਬੀਬੀ ਦਵਿੰਦਰ ਕੌਰ ਕਾਲੜਾ, ਸਕੱਤਰ ਪ੍ਰਤਾਪ ਸਿੰਘ, ਵਧੀਕ ਸਕੱਤਰ ਗੁਰਿੰਦਰ ਸਿੰਘ ਮਥਰੇਵਾਲ, ਬਿਜੈ ਸਿੰਘ, ਪ੍ਰੀਤਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਮੀਤ ਸਕੱਤਰ ਗੁਰਚਰਨ ਸਿੰਘ ਕੁਹਾਲਾ ਆਦਿ ਹਾਜ਼ਰ ਸਨ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹੈ ਅਤੇ ਇਨਸਾਫ਼ ਦੀ ਲੜਾਈ 'ਚ ਲੋੜੀਂਦੀ ਭੂਮਿਕਾ ਨਿਭਾਉਂਦੀ ਰਹੇਗੀ। ਉਹ ਦਿੱਲੀ ਦੇ ਗੁਰਦੁਆਰਾ ਸ਼ਹੀਦਗੰਜ ਸਾਹਿਬ (ਤਿਲਕ ਵਿਹਾਰ) ਵਿਚ ਕਰਵਾਏ ਗੁਰਮਤਿ ਸਮਾਗਮ ਵਿਚ ਬੋਲ ਰਹੇ ਸਨ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ਼ਹੀਦਗੰਜ ਸਾਹਿਬ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਪੀੜਤਾਂ ਨੂੰ 1984 ਦਾ ਇਨਸਾਫ਼, ਮੁੜ ਵਸੇਬਾ ਤੇ ਹੋਰ ਸਮਾਜਿਕ ਸਹੂਲਤਾਂ ਮੁਹੱਈਆ ਕਰਵਾਉਣ ਬਾਰੇ ਸਰਕਾਰੀ ਤੰਤਰ ਦੇ ਰਵੱਈਏ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ 1984 ਸਿੱਖ ਕਤਲੇਆਮ ਲਈ ਸਿੱਖ ਕੌਮ ਤੋਂ ਮੁਆਫ਼ੀ ਮੰਗਣ ਲਈ ਵੀ ਕਿਹਾ ਹੈ। ਉਨ੍ਹਾਂ ਕਿਹਾ, "ਜੇ ਪੜਚੋਲ ਕਰੀਏ ਤਾਂ ਸਾਡੇ ਨਾਲ ਸੁਪਰੀਮ ਕੋਰਟ ਵੀ ਖੜ੍ਹਾ ਨਹੀਂ ਹੋਇਆ ਜਦਕਿ 2002 ਦੇ ਗੁਜਰਾਤ ਦੰਗਿਆਂ ਦੇ ਸਮੇਂ ਸੁਪਰੀਮ ਕੋਰਟ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਰਾਹ ਪੱਧਰਾ ਕੀਤਾ ਸੀ।"

# ਸਿੱਖ ਕਤਲੇਆਮ ਪ੍ਰਤੀ ਅੱਖਾਂ ਬੰਦ ਰੱਖਣ ਲਈ ਮੁਆਫੀ ਮੰਗੇ ਸੁਪਰੀਮ ਕੋਰਟ: ਫੂਲਕਾ

**ਨਵੀਂ ਦਿੱਲੀ:** 1984 ਦੇ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਲਗਾਤਾਰ ਸੰਘਰਸ਼ ਕਰ ਰਹੇ ਸੀਨੀਅਰ ਵਕੀਲ ਐਚ.ਐਸ. ਫੂਲਕਾ ਨੇ ਮੰਗ ਕੀਤੀ ਹੈ ਕਿ ਕੌਮੀ ਰਾਜਧਾਨੀ 'ਚ ਸਿੱਖ ਕਤਲੇਆਮ ਪ੍ਰਤੀ ਅੱਖਾਂ ਬੰਦ ਕਰਕੇ ਰੱਖਣ ਲਈ ਸੁਪਰੀਮ ਕੋਰਟ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਸਿੱਖ ਕਤਲੇਆਮ ਦੀ 40ਵੀਂ ਬਰਸੀ ਮੌਕੇ ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਸ੍ਰੀ ਫੂਲਕਾ ਨੇ ਕਿਹਾ ਕਿ ਸੁਪਰੀਮ ਕੋਰਟ 33 ਸਾਲਾਂ ਮਗਰੋਂ ਹਰਕਤ 'ਚ ਆਈ, ਜਦੋਂ ਜਸਟਿਸ ਦੀਪਕ ਮਿਸ਼ਰਾ ਦੀ ਅਗਵਾਈ ਹੇਠਲੇ ਬੈਂਚ ਨੇ ਮਾਮਲੇ ਦੀ ਪੜਤਾਲ ਲਈ ਵਿਸ਼ੇਸ਼ ਜਾਂਚ ਟੀਮ ਕਾਇਮ ਕਰਨ ਦੇ ਹੁਕਮ ਦਿੱਤੇ, ਜਿਸ ਮਗਰੋਂ ਕਈ ਕੇਸ ਦੁਬਾਰਾ ਤੋਂ ਖੁੱਲ੍ਹੇ।



ਉਨ੍ਹਾਂ ਕਿਹਾ ਕਿ ਸਿੱਖ ਕਤਲੇਆਮ ਦੀ ਜਾਂਚ ਲਈ ਕਈ ਕਮਿਸ਼ਨ ਬਣਾਏ ਪਰ ਪੀੜਤ ਹਾਲੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ ਕਿਉਂਕਿ ਕਈ ਮੁਲਜ਼ਮਾਂ ਨੂੰ ਨਿਆਂ ਦੇ ਘੇਰੇ ਹੇਠ ਲਿਆਉਣਾ ਬਾਕੀ ਹੈ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ, 1984 ਨੂੰ ਹੱਤਿਆ ਮਗਰੋਂ ਦਿੱਲੀ 'ਚ ਸਿੱਖਾਂ ਦਾ ਕਤਲੇਆਮ ਹੋਇਆ ਸੀ ਅਤੇ ਕਰੀਬ 3 ਹਜ਼ਾਰ ਵਿਅਕਤੀ ਮਾਰੇ ਗਏ ਸਨ। ਦਿੱਲੀ ਹਾਈ ਕੋਰਟ ਨੇ 17 ਦਸੰਬਰ, 2018 ਨੂੰ ਕਾਂਗਰਸ ਆਗੂ ਅਤੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੇ ਸਜ਼ਾ ਖ਼ਿਲਾਫ਼ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਹੋਈ ਹੈ। ਦਿੱਲੀ ਦੀ ਅਦਾਲਤ ਨੇ 13 ਸਤੰਬਰ ਨੂੰ ਇਕ ਹੋਰ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਦੋਸ਼ ਆਇਦ ਕੀਤੇ ਹਨ। ਟਾਈਟਲਰ 'ਤੇ ਪੁਲ ਬੰਗਸ਼ ਇਲਾਕੇ 'ਚ ਤਿੰਨ ਸਿੱਖਾਂ ਦੀ ਹੱਤਿਆ ਲਈ ਭੀੜ ਨੂੰ ਭੜਕਾਉਣ ਦਾ ਦੋਸ਼ ਹੈ। ਟਾਈਟਲਰ ਨੇ ਦੋਸ਼ਾਂ ਨੂੰ ਦਿੱਲੀ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਉਸ ਦੀ ਪਟੀਸ਼ਨ 'ਤੇ 29 ਨਵੰਬਰ ਨੂੰ ਸੁਣਵਾਈ ਹੋਵੇਗੀ।

ਇਧਰ, ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਮਗਰੋਂ ਦਿੱਲੀ ਸਮੇਤ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿਚ ਹੋਏ ਸਿੱਖ ਕਤਲੇਆਮ ਬਾਰੇ ਬਣਾਈਆਂ ਗਈਆਂ 12 ਲਘੂ ਫ਼ਿਲਮਾਂ ਪ੍ਰੈੱਸ ਕਲੱਬ ਆਫ਼ ਇੰਡੀਆ ਵਿਚ ਰਿਲੀਜ਼ ਕੀਤੀਆਂ ਗਈਆਂ। ਇਨ੍ਹਾਂ ਫ਼ਿਲਮਾਂ ਦਾ ਉਪਰਾਲਾ ਸਿੱਖ ਕਤਲੇਆਮ ਲਈ 40 ਸਾਲਾਂ ਤੋਂ ਕਾਨੂੰਨੀ ਸੰਘਰਸ਼ ਕਰਦੇ ਆ ਰਹੇ ਸੁਪਰੀਮ ਕੋਰਟ ਦੇ ਵਕੀਲ ਐਚ.ਐਸ. ਫੂਲਕਾ ਵੱਲੋਂ ਕੀਤਾ ਗਿਆ ਹੈ। ਕਤਲੇਆਮ ਦੀ 40ਵੀਂ ਬਰਸੀ ਮੌਕੇ ਪ੍ਰੈੱਸ ਕਾਨਫਰੰਸ ਦੌਰਾਨ ਸ੍ਰੀ ਫੂਲਕਾ ਨਾਲ ਸਿੱਖ ਕਤਲੇਆਮ ਦੇ ਪੀੜਤ ਵੀ ਮੌਜੂਦ ਸਨ।

ਫ਼ਿਲਮਾਂ ਰਾਹੀਂ ਸਿੱਖ ਕਤਲੇਆਮ ਨਾਲ ਜੁੜੇ ਇਤਿਹਾਸ ਨੂੰ ਡਿਜੀਟਲ ਕਰਨ ਦਾ ਇਹ ਉਪਰਾਲਾ ਹੈ। ਕਤਲੇਆਮ ਬਾਰੇ ਬਣਾਏ ਵੀਡੀਓ ਕੁੱਲ 20 ਲੜੀਆਂ ਵਿਚ ਪੇਸ਼ ਕੀਤੇ ਜਾਣਗੇ, ਜਿਨ੍ਹਾਂ 'ਚੋਂ 12 ਜਾਰੀ ਕੀਤੇ ਗਏ। ਬਾਕੀ 8 ਲੜੀਵਾਰ 9 ਨਵੰਬਰ ਨੂੰ ਜਾਰੀ ਕੀਤੇ ਜਾਣਗੇ।

ਲਘੂ ਫ਼ਿਲਮਾਂ ਵਿਚ ਸਿੱਖਾਂ ਨਾਲ ਵਿਸ਼ਵਾਸਘਾਤ, ਸਭ ਤੋਂ ਭਿਆਨਕ ਸਿੱਖ ਕਤਲੇਆਮ, ਕਮਲਨਾਥ ਵੱਲੋਂ ਰਕਾਬਗੰਜ 'ਤੇ ਹਮਲਾ, ਸਿਵਲ ਸੁਸਾਇਟੀ ਦੀ ਭੂਮਿਕਾ, ਰਾਮ ਵਿਲਾਸ ਪਾਸਵਾਨ ਦਾ ਸਿੱਖਾਂ ਨੂੰ ਬਚਾਉਣ ਬਦਲੇ ਫੂਕਿਆ ਗਿਆ ਘਰ, ਕਮਿਸ਼ਨ ਦਰ ਕਮਿਸ਼ਨ-ਕੋਈ ਇਨਸਾਫ਼ ਨਹੀਂ, ਐਚ.ਐਸ. ਫੂਲਕਾ ਦੀ ਕਤਲੇਆਮ ਬਾਰੇ ਨਿੱਜੀ ਸਟੋਰੀ ਸਮੇਤ ਨਾਨਾਵਤੀ ਕਮਿਸ਼ਨ, ਐਚ.ਕੇ.ਐਲ ਭਗਤ ਦੀ ਗ੍ਰਿਫ਼ਤਾਰੀ, 1984 ਵਿਉਂਤਬੰਦ ਹਿੰਸਾ ਵਰਗੇ ਕਈ ਮੁੱਦੇ ਉਭਾਰੇ ਗਏ ਹਨ।

## 'ਪੀੜਤ ਹਾਲੇ ਵੀ ਇਨਸਾਫ਼ ਦੀ ਉਡੀਕ ਵਿਚ'

**ਨਵੀਂ ਦਿੱਲੀ:** ਐਡਵੋਕੇਟ ਐਚ.ਐਸ. ਫੂਲਕਾ ਨੇ ਕਿਹਾ ਕਿ ਸਿੱਖ ਕਤਲੇਆਮ ਦੀ ਜਾਂਚ ਲਈ ਕਈ ਕਮਿਸ਼ਨ ਬਣਾਏ ਪਰ ਪੀੜਤ ਹਾਲੇ ਵੀ ਇਨਸਾਫ਼ ਦੀ ਉਡੀਕ ਕਰ ਰਹੇ ਹਨ ਕਿਉਂਕਿ ਕਈ ਮੁਲਜ਼ਮਾਂ ਨੂੰ ਨਿਆਂ ਦੇ ਘੇਰੇ ਹੇਠ ਲਿਆਉਣਾ ਬਾਕੀ ਹੈ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ 31 ਅਕਤੂਬਰ, 1984 ਨੂੰ ਹੱਤਿਆ ਮਗਰੋਂ ਦਿੱਲੀ 'ਚ ਸਿੱਖਾਂ ਦਾ ਕਤਲੇਆਮ ਹੋਇਆ ਸੀ ਅਤੇ ਕਰੀਬ 3 ਹਜ਼ਾਰ ਵਿਅਕਤੀ ਮਾਰੇ ਗਏ ਸਨ। ਦਿੱਲੀ ਹਾਈ ਕੋਰਟ ਨੇ 17 ਦਸੰਬਰ, 2018 ਨੂੰ ਕਾਂਗਰਸ ਆਗੂ ਅਤੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਹੈ। ਉਸ ਨੇ ਸਜ਼ਾ ਖ਼ਿਲਾਫ਼ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਹੋਈ ਹੈ।



ੴ
ਬਲਿਓ ਚਰਾਗ
ਆਓ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਮਨਾਈਏ।
ਹਲੇਮੀਆਂ ਅਤੇ ਪਿਆਰਾਂ ਦੀ ਸਾਂਝ ਪਾਈਏ।
Let's celebrate Sahib Sri Guru Nanak Dev Ji's Gurpurab!
Spread kindness and love for each other!
ਪੁਰਬ ਮੁਬਾਰਿਕ
ਘਰਾਂ ਤੇ ਲਾਈਟਾਂ ਲਗਾਈਏ ਜੀ
Light-Up Our Homes
Light-up our homes & businesses the entire month of November, out of joy and celebration that we are One!
November
15
ਇਸ ਦਿਨ ਛੁੱਟੀ ਕਰੀਏ ਜੀ
Take The Day Off
Take the day off to instill the importance of this day in the hearts of our children, as well as our own.
ਸ਼ੁਕਰਾਨੇ ਦੀ ਸਾਂਝ ਪਾਈਏ ਜੀ
Share Your Gratitude
Share with those in need, share laughter, give gifts to children, and distribute sweets to your neighbors, friends, and family.
Scan the QR code for more information
baleyocharaag.com

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Managing Editor**
Jaspreet Kaur
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura

**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਭਾਰਤ-ਕੈਨੇਡਾ ਵਿਵਾਦ ਹੋਰ ਵਧਿਆ

## ਹਿੰਦੂਆਂ ਅਤੇ ਸਿੱਖਾਂ ਵਿਚਕਾਰ ਝੜਪਾਂ ਨੇ ਚਿੰਤਾ ਵਧਾਈ

**ਬਰੈਂਪਟਨ (ਕੈਨੇਡਾ):** ਭਾਰਤ ਅਤੇ ਕੈਨੇਡਾ ਦਰਮਿਆਨ ਚੱਲ ਰਿਹਾ ਵਿਵਾਦ ਹੋਰ ਡੂੰਘਾ ਹੋ ਰਿਹਾ ਹੈ। ਇਹ ਵਿਵਾਦ ਹੁਣ ਇਥੇ ਭਾਰਤੀ ਭਾਈਚਾਰੇ ਦੇ ਲੋਕਾਂ ਵਿਚਾਲੇ ਲਕੀਰਾਂ ਖਿੱਚਣ ਲੱਗਾ ਹੈ। ਕੈਨੇਡਾ ਦੇ ਬਰੈਂਪਟਨ ਵਿਚ ਹਿੰਦੂ ਮੰਦਰ ਅੱਗੇ ਹੋਈ ਹਿੰਸਕ ਝੜਪ ਤੋਂ ਬਾਅਦ ਭਾਈਚਾਰੇ ਵਿਚ ਕਾਫੀ ਰੋਸ ਹੈ ਅਤੇ ਲਗਾਤਾਰ ਰੋਸ ਮੁਜ਼ਾਹਰੇ ਕੀਤੇ ਜਾ ਰਹੇ ਹਨ। ਇਥੇ ਇਕ ਹਜ਼ਾਰ ਤੋਂ ਵੱਧ ਕੈਨੇਡੀਅਨ ਹਿੰਦੂਆਂ ਨੇ ਬਰੈਂਪਟਨ ਵਿਚ ਹਿੰਦੂ ਸਭਾ ਮੰਦਰ ਦੇ ਬਾਹਰ ਇਕੱਠੇ ਹੋ ਕੇ ਇਕਜੁੱਟਤਾ ਰੈਲੀ ਕੀਤੀ। ਭਾਈਚਾਰੇ ਦਾ ਦੋਸ਼ ਹੈ ਕਿ ਖਾਲਿਸਤਾਨੀ ਸਮਰਥਕਾਂ ਨੇ ਹਿੰਦੂ ਮੰਦਰ ਉਤੇ ਹਮਲੇ ਦੀ ਕੋਸ਼ਿਸ਼ ਕੀਤੀ ਅਤੇ ਸ਼ਰਧਾਲੂਆਂ ਦੀ ਖਿੱਚ-ਧੂਹ ਵੀ ਹੋਈ। ਇਸ ਖਿੱਚਧੂਹ ਵਿਚ ਇਕ ਪੁਲਿਸ ਮੁਲਾਜ਼ਮ ਦੇ ਸ਼ਾਮਲ ਹੋਣ ਦੇ ਦੋਸ਼ ਲੱਗੇ ਹਨ। ਪੀਲ ਪੁਲਿਸ ਨੇ ਮੁਲਾਜ਼ਮ (ਸਾਰਜੈਂਟ ਹਰਿੰਦਰ ਸਿੰਘ ਸੋਹੀ) ਨੂੰ ਫ਼ਰਜ਼ਾਂ ਵਿਚ ਕੋਤਾਹੀ ਦੇ ਦੋਸ਼ ਹੇਠ ਮੁਅੱਤਲ ਕਰ ਦਿੱਤਾ ਹੈ। ਪੁਲਿਸ ਨੇ ਹਿੰਸਾ ਦੀ ਮੁਢਲੀ ਜਾਂਚ ਵਿਚ ਸਰੀ ਅਤੇ ਬਰੈਂਪਟਨ ਵਿਚ 3-3 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ ਤੇ ਅਗਲੀ ਜਾਂਚ ਜਾਰੀ ਹੈ।



ਉਧਰ, ਭਾਰਤੀ ਕੌਂਸਲੇਟ ਅਮਲੇ ਵੱਲੋਂ ਧਾਰਮਿਕ ਸਥਾਨਾਂ ਉਤੇ ਕੌਂਸਲਰ ਕੈਂਪ ਲਾਏ ਜਾਣ ਕਾਰਨ ਉਥੇ ਹੋਏ ਸੋਚ ਦੇ ਟਕਰਾਅ ਨੂੰ ਮੀਡੀਆ ਵੱਲੋਂ ਫਿਰਕੂ ਰੰਗਤ ਦੇ ਕੇ ਪ੍ਰਚਾਰੇ ਜਾਣ ਦੀ ਆਮ ਲੋਕਾਂ ਵੱਲੋਂ ਨਿੰਦਾ ਕੀਤੀ ਜਾ ਰਹੀ ਹੈ। ਉਨ੍ਹਾਂ ਦਾ ਮੰਨਣਾ ਹੈ ਕਿ ਕੌਂਸਲੇਟ ਅਮਲੇ ਵੱਲੋਂ ਸੁਵਿਧਾ ਕੈਂਪ ਧਾਰਮਿਕ ਸਥਾਨਾਂ 'ਤੇ ਲਾਏ ਜਾਣ ਕਾਰਨ ਅਜਿਹੀਆਂ ਘਟਨਾਵਾਂ ਦਾ ਮੁੱਢ ਬੱਝਦਾ ਹੈ।

ਸੀ.ਬੀ.ਸੀ. ਦੀ ਰਿਪੋਰਟ ਮੁਤਾਬਕ ਸਿੱਖਸ ਫਾਰ ਜਸਟਿਸ ਸਮੂਹ ਦਾ ਕਹਿਣਾ ਹੈ ਕਿ ਖਾਲਿਸਤਾਨ ਸਮਰਥਕ ਭਾਰਤੀ ਕੌਂਸਲੇਟ ਦੇ ਅਧਿਕਾਰੀਆਂ ਦੀ ਪ੍ਰਸ਼ਾਸਨਿਕ ਸੇਵਾਵਾਂ ਜਿਵੇਂ ਬਜ਼ੁਰਗਾਂ ਨੂੰ ਪੈਨਸ਼ਨ ਤੱਕ ਪਹੁੰਚ ਕਰਨ ਵਿਚ ਮਦਦ ਕਰਨ ਲਈ ਐਲਾਨੀ ਫੇਰੀ ਦਾ ਵਿਰੋਧ ਕਰ ਰਹੇ ਸਨ। ਸਿੱਖਸ ਫਾਰ ਜਸਟਿਸ ਨੇ ਇਲਜ਼ਾਮ ਲਗਾਇਆ ਕਿ ਹਿੰਦੂ ਰਾਸ਼ਟਰਵਾਦੀਆਂ ਨੇ ਲੜਾਈ ਨੂੰ ਭੜਕਾਇਆ ਸੀ। ਉਨ੍ਹਾਂ ਇਹ ਦਲੀਲ ਦਿੱਤੀ ਕਿ ਕੌਂਸਲਰ ਅਧਿਕਾਰੀਆਂ ਵੱਲੋਂ ਕੀਤੇ ਬਾਹਰੀ ਥਾਵਾਂ ਦੇ ਦੌਰੇ ਕੈਨੇਡਾ ਵਿਚ ਖਾਲਿਸਤਾਨ ਪੱਖੀ ਨਾਗਰਿਕਾਂ ਦੀ ਸੁਰੱਖਿਆ ਅਤੇ ਸੁਰੱਖਿਆ ਨੂੰ ਸਿੱਧੇ ਤੌਰ 'ਤੇ ਖ਼ਤਰੇ ਵਿਚ ਪਾਉਂਦੇ ਹਨ। ਵਰਲਡ ਸਿੱਖ ਆਰਗੇਨਾਈਜੇਸ਼ਨ ਆਫ ਕੈਨੇਡਾ ਦਾ ਕਹਿਣਾ ਹੈ ਕੈਨੇਡੀਅਨ ਭਾਈਚਾਰਿਆਂ ਵਿਚ ਭਾਰਤੀ ਡਿਪਲੋਮੈਟਾਂ ਦੇ ਸੰਗਠਿਤ ਹਮਲੇ ਸੰਘਰਸ਼ ਨੂੰ ਭੜਕਾਉਣ ਲਈ ਤਿਆਰ ਕੀਤੇ ਗਏ ਪ੍ਰਤੀਤ ਹੁੰਦੇ ਹਨ ਅਤੇ ਇਸ ਨੂੰ ਬੰਦ ਕਰਨਾ ਚਾਹੀਦਾ ਹੈ।

ਦਰਅਸਲ, ਕੈਨੇਡਾ ਵਿਚ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਵਧ ਰਿਹਾ ਤਣਾਅ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਆਏ ਨਿਘਾਰ ਨਾਲ ਨੇੜਿਓਂ ਜੁੜਿਆ ਹੋਇਆ ਹੈ। ਕੈਨੇਡਾ ਦੇ ਉਪ ਵਿਦੇਸ਼ ਮੰਤਰੀ ਡੇਵਿਡ ਮੌਰੀਸਨ ਨੇ ਦੋਸ਼ ਲਾਇਆ ਸੀ ਕਿ ਉਨ੍ਹਾਂ ਦੇ ਮੁਲਕ ਵਿਚ ਸਿੱਖ ਕਾਰਕੁਨਾਂ ਨੂੰ ਹਿੰਸਾ ਅਤੇ ਧਮਕੀਆਂ ਦਾ ਨਿਸ਼ਾਨਾ ਬਣਾਉਣ ਲਈ ਵਿੱਢੀ ਮੁਹਿੰਮ ਦਾ ਸੰਚਾਲਨ ਗ੍ਰਹਿ ਮੰਤਰੀ ਅਮਿਤ ਸ਼ਾਹ ਕਰ ਰਹੇ ਸਨ। ਨਵੀਂ ਦਿੱਲੀ ਨੇ ਇਸ ਦੋਸ਼ ਨੂੰ ਬੇਬੁਨਿਆਦ ਕਰਾਰ ਦੇ ਕੇ ਰੱਦ ਕਰ ਦਿੱਤਾ ਸੀ। ਕੈਨੇਡਾ ਵੱਲੋਂ ਭਾਰਤ ਉਤੇ ਲਾਏ ਦੋਸ਼ਾਂ ਤੋਂ ਬਾਅਦ ਇਥੇ ਗਰਮਖਿਆਲੀਆਂ ਵੱਲੋਂ ਕਈ ਵਾਰ ਭਾਰਤ ਵਿਰੋਧੀ ਪ੍ਰਦਰਸ਼ਨ ਕੀਤੇ ਗਏ ਹਨ ਜਿਸ ਦਾ ਭਾਰਤੀ ਖਾਸ ਕਰਕੇ ਹਿੰਦੂ ਭਾਈਚਾਰੇ ਵੱਲੋਂ ਵਿਰੋਧ ਕੀਤਾ ਗਿਆ ਹੈ। ਤਾਜ਼ਾ ਘਟਨਾ ਨੂੰ ਵੀ ਇਸੇ ਨਾਲ ਜੋੜਿਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਟਰੂਡੋ ਵੱਲੋਂ ਪਿਛਲੇ ਸਾਲ ਕੈਨੇਡਾ ਵਿਚ ਸਿੱਖ ਕਾਰਕੁਨ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨਾਲ ਭਾਰਤ ਸਰਕਾਰ ਦੇ ਸਬੰਧ ਹੋਣ ਦੇ ਲਾਏ ਜਾਣ ਤੋਂ ਬਾਅਦ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਕੁੜੱਤਣ ਆ ਗਈ ਸੀ। ਭਾਰਤ ਨੇ ਇਨ੍ਹਾਂ ਦੋਸ਼ਾਂ ਨੂੰ ਸਖ਼ਤੀ ਨਾਲ ਰੱਦ ਕੀਤਾ ਹੈ। ਨਵੀਂ ਦਿੱਲੀ ਲੰਬੇ ਸਮੇਂ ਤੋਂ ਸਿੱਖ ਵੱਖਵਾਦੀ ਸਮੂਹਾਂ ਬਾਰੇ ਚਿੰਤਤ ਹੈ।

# ਜਸਵੀਰ ਗੜ੍ਹੀ ਨੂੰ ਬਸਪਾ 'ਚੋਂ ਕੱਢਿਆ, ਅਵਤਾਰ ਕਰੀਮਪੁਰੀ ਮੁੜ ਪ੍ਰਧਾਨ

**ਜਲੰਧਰ:** ਬੁਹਜਨ ਸਮਾਜ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੂੰ 'ਅਨੁਸ਼ਾਸਨਹੀਣਤਾ' ਦੇ ਦੋਸ਼ ਹੇਠ ਪਾਰਟੀ ਵਿਚੋਂ ਕੱਢ ਦਿੱਤਾ ਗਿਆ ਹੈ। ਉਨ੍ਹਾਂ ਦੀ ਥਾਂ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਤੇ ਸਾਬਕਾ ਰਾਜ ਸਭਾ ਮੈਂਬਰ ਅਵਤਾਰ ਸਿੰਘ ਕਰੀਮਪੁਰੀ ਨੂੰ ਨਵਾਂ ਸੂਬਾ ਪ੍ਰਧਾਨ ਬਣਾਇਆ ਗਿਆ ਹੈ।

ਬਸਪਾ ਦੇ ਪੰਜਾਬ ਮਾਮਲਿਆ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਵੱਲੋਂ ਇਸ ਫੈਸਲੇ ਦੀ ਪੁਸ਼ਟੀ ਕੀਤੀ ਗਈ ਹੈ ਕਿ ਜਸਵੀਰ ਸਿੰਘ ਗੜ੍ਹੀ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ ਹੈ ਤੇ ਉਨ੍ਹਾਂ ਦੀ ਥਾਂ ਅਵਤਾਰ ਸਿੰਘ ਕਰੀਮਪੁਰੀ ਨੂੰ ਮੁੜ ਪੰਜਾਬ ਦੀ ਮੁੜ ਜ਼ਿੰਮੇਵਾਰੀ ਸੌਂਪ ਦਿੱਤੀ ਗਈ ਹੈ। ਸੂਤਰਾਂ ਅਨੁਸਾਰ ਬੀਤੇ ਦਿਨੀਂ ਹੋਈ ਪਾਰਟੀ ਮੀਟਿੰਗ ਵਿਚ ਜਸਵੀਰ ਸਿੰਘ ਗੜ੍ਹੀ ਨੇ ਜਨਤਕ ਤੌਰ ਉਤੇ ਇਹ ਮੁੱਦਾ ਉਠਾਇਆ ਸੀ ਕਿ ਪਾਰਟੀ ਮਾਮਲਿਆ ਦੇ ਇੰਚਾਰਜ ਉਤਰ ਪ੍ਰਦੇਸ਼ ਤੋਂ ਹੀ ਕਿਉਂ ਲੱਗਦੇ ਹਨ।

ਬਸਪਾ ਸੂਤਰਾਂ ਦਾ ਕਹਿਣਾ ਹੈ ਕਿ ਪਾਰਟੀ ਸੁਪਰੀਮੋ ਕੁਮਾਰੀ ਮਾਇਆਵਤੀ ਉਤਰ ਪ੍ਰਦੇਸ਼ ਵਿਚ ਪੰਜ ਵਾਰ ਮੁੱਖ ਮੰਤਰੀ ਬਣੀ ਸੀ। ਬਸਪਾ ਦੇ ਬਾਨੀ ਬਾਬੂ ਕਾਂਸ਼ੀ ਰਾਮ ਨੇ ਵੀ ਉਤਰ ਪ੍ਰਦੇਸ਼ ਨੂੰ ਸਭ ਤੋਂ ਵੱਧ ਸਮਾਂ ਦਿੱਤਾ ਸੀ। ਪੰਜਾਬ ਦੇ ਆਗੂ ਅਵਤਾਰ ਸਿੰਘ ਕਰੀਮਪੁਰੀ ਨੂੰ ਵੀ ਉਤਰ ਪ੍ਰਦੇਸ਼ ਤੋਂ ਹੀ ਬਸਪਾ ਨੇ ਰਾਜ ਸਭਾ ਵਿਚ ਭੇਜਿਆ ਸੀ।

ਪਾਰਟੀ ਨੇ ਜਸਵੀਰ ਸਿੰਘ ਗੜ੍ਹੀ ਦੇ ਬਿਆਨ ਨੂੰ ਅਨੁਸ਼ਾਸਨਹੀਣਤਾ ਮੰਨਦਿਆਂ ਉਨ੍ਹਾਂ ਨੂੰ ਬਾਹਰ ਦਾ ਰਸਤਾ ਦਿਖਾ ਦਿੱਤਾ ਹੈ। ਬਸਪਾ ਆਗੂ ਬੈਨੀਵਾਲ ਨੇ ਦੱਸਿਆ ਕਿ ਬਹੁਤ ਸਾਰੀਆਂ ਹੋਰ ਗੱਲਾਂ ਦੇ ਖੁਲਾਸੇ ਜਲਦੀ ਕੀਤੇ ਜਾਣਗੇ।

## ਪੰਜਾਬੀ ਨੌਜਵਾਨ ਦੀ ਯੂਨਾਨ 'ਚ ਮੌਤ

**ਸ਼ਾਹਕੋਟ:** ਸ਼ਾਹਕੋਟ ਦੇ ਨੌਜਵਾਨ ਦੀ ਯੂਨਾਨ ਵਿਚ ਭੇਤਭਰੀ ਮੌਤ ਹੋ ਗਈ। ਸਰਬਜੀਤ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਮੁਹੱਲਾ ਬਾਗ ਵਾਲਾ ਸ਼ਾਹਕੋਟ ਨੇ ਦੱਸਿਆ ਕਿ ਪੰਜ ਸਾਲ ਪਹਿਲਾਂ ਉਸ ਦਾ ਛੋਟਾ ਭਰਾ ਧਰਮਿੰਦਰ ਸਿੰਘ (42) ਯੂਨਾਨ ਗਿਆ ਸੀ। ਉਨ੍ਹਾਂ ਦੱਸਿਆ ਕਿ ਕੋਟਲਾ ਸੂਰਜ ਮੱਲ ਦੇ ਕਿਸੇ ਵਿਅਕਤੀ ਨੇ ਵੁਆਇਸ ਮੈਸਜ਼ ਨਾਲ ਉਸ ਦੇ ਭਰਾ ਦੀ ਫੋਟੋ ਵੱਟਸਐਪ ਗਰੁੱਪਾਂ ਵਿਚ ਪਾ ਕੇ ਮੌਤ ਬਾਰੇ ਜਾਣਕਾਰੀ ਦਿੰਦਿਆਂ ਉਸ ਦੀ ਪਛਾਣ ਕਰਨ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਆਪਣੇ ਭਰਾ ਦੀ ਤਸਵੀਰ ਦੀ ਸ਼ਨਾਖਤ ਕਰਕੇ ਯੂਨਾਨ ਰਹਿੰਦੇ ਪੰਜਾਬੀਆਂ ਨਾਲ ਫੋਨ 'ਤੇ ਸੰਪਰਕ ਕੀਤਾ। ਉਥੇ ਰਹਿੰਦੇ ਪੰਜਾਬੀਆਂ ਨੇ ਧਰਮਿੰਦਰ ਦੀ ਮੌਤ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਉਸ ਦੀ ਲਾਸ਼ ਸਮੁੰਦਰ ਕੰਢਿਉਂ ਮਿਲੀ, ਜੋ ਇਸ ਸਮੇਂ ਹਸਪਤਾਲ ਵਿਚ ਰੱਖੀ ਹੋਈ ਹੈ।

# ਮੁਲਤਾਨੀ ਕੇਸ: ਸੁਮੇਧ ਸੈਣੀ ਖਿਲਾਫ ਸੁਣਵਾਈ ਸ਼ੁਰੂ

**ਮੁਹਾਲੀ:** ਮੁਹਾਲੀ ਦੇ ਵਸਨੀਕ ਤੇ ਜੂਨੀਅਰ ਇੰਜੀਨੀਅਰ ਬਲਵੰਤ ਸਿੰਘ ਮੁਲਤਾਨੀ ਨੂੰ ਤਕਰੀਬਨ 33 ਸਾਲ ਪਹਿਲਾਂ ਘਰੋਂ ਅਗਵਾ ਕਰਨ ਅਤੇ ਬਾਅਦ ਵਿਚ ਉਸ ਦੀ ਲਾਸ਼ ਖ਼ੁਰਦ ਬੁਰਦ ਕਰਨ ਦੇ ਮਾਮਲੇ 'ਚ ਮੁਹਾਲੀ ਦੀ ਵਿਸ਼ੇਸ਼ ਅਦਾਲਤ ਨੇ ਪੰਜਾਬ ਦੇ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਸਾਬਕਾ ਡੀ.ਐਸ.ਪੀ. ਕੇ.ਆਈ.ਪੀ. ਸਿੰਘ ਨੂੰ ਮੁੱਖ ਚਲਾਨ ਅਤੇ ਸਪਲੀਮੈਂਟਰੀ ਚਲਾਨ ਦੀਆਂ ਕਾਪੀਆਂ ਦਿੱਤੀਆਂ। ਉਂਝ ਹਾਈ ਕੋਰਟ ਤੋਂ ਸੁਮੇਧ ਸੈਣੀ ਨੂੰ ਪੇਸ਼ ਤੋਂ ਛੋਟ ਮਿਲਣ ਕਾਰਨ ਉਹ ਅਦਾਲਤ 'ਚ ਪੇਸ਼ ਨਹੀਂ ਹੋਏ ਜਿਸ ਕਾਰਨ ਅਦਾਲਤ ਵੱਲੋਂ ਸਾਬਕਾ ਡੀ.ਜੀ.ਪੀ. ਨੂੰ ਮੁਹਾਲੀ ਪੁਲਿਸ ਵੱਲੋਂ ਸੈਣੀ ਖ਼ਿਲਾਫ਼ ਪੇਸ਼ ਚਲਾਨ ਦੀਆਂ ਕਾਪੀਆਂ ਉਨ੍ਹਾਂ ਦੇ ਵਕੀਲ ਐਚ.ਐਸ. ਧਨੋਆ ਨੂੰ ਦਿੱਤੀਆਂ ਗਈਆਂ। ਕਰੀਬ ਚਾਰ ਸਾਲ ਬਾਅਦ ਇਸ ਕੇਸ ਦੀ ਅਗਲੀ ਸੁਣਵਾਈ 26 ਨਵੰਬਰ ਨੂੰ ਹੋਵੇਗੀ। ਪਹਿਲਾਂ ਸੁਮੇਧ ਸੈਣੀ ਨੇ ਉੱਚ ਅਦਾਲਤ ਤੋਂ ਹੇਠਲੀ ਅਦਾਲਤ 'ਚ ਸੁਣਵਾਈ 'ਤੇ ਸਟੇਅ ਹਾਸਲ ਕੀਤੀ ਹੋਈ ਸੀ। ਹੁਣ ਇਸ ਮਾਮਲੇ ਵਿਚ ਗਵਾਹੀਆਂ ਸ਼ੁਰੂ ਹੋਣ ਦੀ ਸੰਭਾਵਨਾ ਹੈ। ਉੱਚ ਅਦਾਲਤ ਦੇ ਦਖ਼ਲ ਤੋਂ ਬਾਅਦ ਸਾਬਕਾ ਡੀ.ਜੀ.ਪੀ. ਸੁਮੇਧ ਸੈਣੀ ਅਤੇ ਹੋਰਨਾਂ ਵਿਰੁੱਧ ਮਟੌਰ ਥਾਣੇ ਵਿਚ ਧਾਰਾ 302, 384, 201, 344, 330, 219 ਅਤੇ 120-ਬੀ ਦੇ ਤਹਿਤ ਅਪਰਾਧਿਕ ਪਰਚਾ ਦਰਜ ਕੀਤਾ ਗਿਆ ਸੀ। ਇਸ ਸਬੰਧੀ ਸਿੱਟ ਦੀ ਰਿਪੋਰਟ ਦੇ ਆਧਾਰਿਤ ਦਸੰਬਰ 2020 ਵਿਚ ਇਲਾਕਾ ਮੈਜਿਸਟਰੇਟ ਦੀ ਅਦਾਲਤ ਵਿਚ ਚਾਰਜਸ਼ੀਟ ਦਾਖ਼ਲ ਕੀਤੀ ਗਈ ਸੀ। ਐਸ.ਆਈ.ਟੀ. ਨੇ ਕਰੀਬ 500 ਪੰਨਿਆਂ ਦੀ ਚਾਰਜਸ਼ੀਟ ਵਿਚ 47 ਗਵਾਹ ਬਣਾਏ ਹਨ ਜਿਨ੍ਹਾਂ ਵਿਚ ਸਾਬਕਾ ਸਬ ਇੰਸਪੈਕਟਰ ਜਗੀਰ ਸਿੰਘ ਅਤੇ ਥਾਣੇਦਾਰ ਕੁਲਦੀਪ ਸਿੰਘ ਨੂੰ ਵਾਅਦਾ ਮੁਆਫ਼ ਗਵਾਹ ਬਣਾਇਆ ਗਿਆ ਹੈ, ਜਦੋਂਕਿ ਸਾਬਕਾ ਸਬ ਇੰਸਪੈਕਟਰ ਅਨੂਪ ਸਿੰਘ ਅਤੇ ਸਬ ਇੰਸਪੈਕਟਰ ਹਰ ਸਹਾਏ ਸ਼ਰਮਾ ਨੂੰ ਜਾਂਚ ਉਪਰੰਤ ਬੇਗੁਨਾਹ ਕਰਾਰ ਦਿੱਤਾ ਜਾ ਚੁੱਕਾ ਹੈ।

# ਨਸਲਕੁਸ਼ੀ ਦੇ ਸ਼ਿਕਾਰ ਬੇਦੋਸ਼ੇ ਸਿੱਖਾਂ ਦੀ ਯਾਦ ਵਿਚ ਸੈਮੀਨਾਰ

**ਫਤਹਿਗੜ੍ਹ ਸਾਹਿਬ:** ਨਵੰਬਰ 1984 ਵਿਚ 'ਨਸਲਕੁਸ਼ੀ ਦੀ ਰਾਜਨੀਤੀ' ਦੇ ਸ਼ਿਕਾਰ ਬੇਦੋਸ਼ੇ ਸਿੱਖਾਂ ਦੀ ਯਾਦ ਵਿਚ ਦਲ ਖਾਲਸਾ ਵੱਲੋਂ 'ਗ਼ੈਰ-ਨਿਆਇਕ ਕਤਲਾਂ ਦੀ 40 ਸਾਲਾ ਗਾਥਾ ਅਤੇ ਸਿੱਖ ਸੰਘਰਸ਼ ਦੇ ਬਦਲਦੇ ਰੂਪ' ਵਿਸ਼ੇ ਉਤੇ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੀ ਸਮਾਪਤੀ ਉਤੇ ਇਤਿਹਾਸਕ ਗੁਰਦੁਆਰੇ ਵਿਚ ਦਿੱਲੀ ਸਣੇ ਭਾਰਤ ਦੇ ਹੋਰਨਾਂ ਸ਼ਹਿਰਾਂ ਵਿਚ ਸਰਕਾਰੀ ਪੁਸ਼ਤਪਨਾਹੀ ਹੇਠ ਕਤਲ ਕੀਤੇ ਗਏ ਸਿੱਖਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਅਤੇ ਉਨ੍ਹਾਂ ਨਮਿਤ ਅਰਦਾਸ ਕੀਤੀ ਗਈ। ਕੈਨੇਡਾ ਦੀ ਟਰੂਡੋ ਸਰਕਾਰ ਵੱਲੋਂ ਸਿੱਖਾਂ ਦੇ ਗੈਰ-ਨਿਆਇਕ ਕਤਲਾਂ ਪਿੱਛੇ ਅਮਿਤ ਸ਼ਾਹ ਦਾ ਹੱਥ ਹੋਣ ਦੇ ਲਾਏ ਦੋਸ਼ਾਂ ਨੂੰ ਗੰਭੀਰ ਦੱਸਦਿਆਂ ਦਲ ਖ਼ਾਲਸਾ ਨੇ ਕੌਮਾਂਤਰੀ ਭਾਈਚਾਰੇ ਅਤੇ ਖ਼ਾਸ ਕਰ ਅਮਰੀਕਾ, ਇੰਗਲੈਂਡ, ਆਸਟਰੇਲੀਆ ਤੇ ਨਿਊਜ਼ੀਲੈਂਡ ਨੂੰ ਆਪਣੇ ਗੱਠਜੋੜ ਵਾਲੇ ਮਿੱਤਰ ਮੁਲਕ (ਕੈਨੇਡਾ) ਵੱਲੋਂ ਲਾਏ ਦੋਸ਼ਾਂ ਦੀ ਜਾਂਚ ਕਰਨ ਅਤੇ ਭਾਰਤ ਸਰਕਾਰ ਦੀ ਜੁਆਬ-ਤਲਬੀ ਕਰਨ ਦੀ ਅਪੀਲ ਕੀਤੀ ਹੈ। ਸੈਮੀਨਾਰ ਵਿਚ ਬੁਲਾਰਿਆਂ ਨੇ ਕੈਨੇਡਾ ਸਰਕਾਰ ਵੱਲੋਂ ਭਾਰਤ ਨੂੰ ਦੁਸ਼ਮਣ ਸੂਚੀ ਵਿਚ ਦਰਜ ਕਰਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਨ੍ਹਾਂ ਹਾਲਾਤ ਲਈ ਨਰਿੰਦਰ ਮੋਦੀ ਅਤੇ ਉਨ੍ਹਾਂ ਦੇ ਵਿਦੇਸ਼ ਮੰਤਰੀ ਜ਼ਿੰਮੇਵਾਰ ਹਨ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਸ਼੍ਰੋਮਣੀ ਕਮੇਟੀ ਦੇ ਸਲਾਹਕਾਰ ਬੋਰਡ ਸਬੰਧੀ ਫੈਸਲੇ ਉਤੇ ਉਠੇ ਸਵਾਲ



**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਮੇਟੀ ਵੱਲੋਂ ਬਣਾਏ ਜਾਣ ਵਾਲੇ ਸਲਾਹਕਾਰ ਬੋਰਡ ਸਬੰਧੀ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਮੀਤ ਸਿੰਘ ਕਾਲਕਾ ਵੱਲੋਂ ਚੁੱਕੇ ਸਵਾਲਾਂ 'ਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਕਾਲਕਾ ਆਪਣੇ ਰਾਜਸੀ ਆਗੂਆਂ ਨੂੰ ਖ਼ੁਸ਼ ਕਰਨ ਲਈ ਅਤੇ ਕੇਂਦਰ ਦੀਆਂ ਸਲਾਹ 'ਤੇ ਅਜਿਹੀ ਬਿਆਨਬਾਜ਼ੀ ਕਰ ਰਹੇ ਹਨ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਾਲ ਤਖ਼ਤ 'ਤੇ ਪੁੱਜੇ ਮੁੱਦਿਆਂ ਦੇ ਸਰਲੀਕਰਨ ਲਈ 11 ਮੈਂਬਰੀ ਸਲਾਹਕਾਰ ਬੋਰਡ ਬਣਾਉਣ ਦਾ ਵਿਰੋਧ ਕੀਤਾ ਸੀ।

ਸ੍ਰੀ ਕਾਲਕਾ ਨੇ ਕਿਹਾ ਸੀ ਕਿ ਇਸ ਸਲਾਹਕਾਰ ਬੋਰਡ ਦਾ ਮਕਸਦ ਅਕਾਲ ਤਖ਼ਤ ਦੇ ਜਥੇਦਾਰ ਤੇ ਹੋਰ ਜਥੇਦਾਰਾਂ ਦੇ ਫੈਸਲਿਆਂ ਨੂੰ ਖੋਰਾ ਲਗਾਉਣਾ ਹੈ। ਇਹ ਫੈਸਲਾ ਅਜਿਹੇ ਸਮੇਂ ਆਇਆ ਹੈ, ਜਦੋਂ ਪੰਜਾਂ ਤਖ਼ਤਾਂ ਦੇ ਜਥੇਦਾਰ ਹੁਣ ਇਕ ਪਰਿਵਾਰ ਦੇ ਗਲਬੇ ਹੇਠੋਂ ਮੁਕਤ ਹੋ ਕੇ ਫੈਸਲੇ ਲੈ ਰਹੇ ਹਨ। ਇਸ ਤੋਂ ਬਾਅਦ ਇੱਥੇ ਸਮਾਗਮ ਵਿਚ ਸ਼ਿਰਕਤ ਕਰਨ ਆਏ ਸ੍ਰੀ ਧਾਮੀ ਨੇ ਕਿਹਾ ਕਿ ਕਾਲਕਾ ਵੱਲੋਂ ਚੁੱਕੇ ਸਵਾਲ ਬੇਬੁਨਿਆਦ ਅਤੇ ਨਿਰਾਧਾਰ ਹਨ। ਉਨ੍ਹਾਂ ਕਿਹਾ ਕਿ ਸਲਾਹਕਾਰ ਬੋਰਡ ਬਣਾਉਣ ਦਾ ਫੈਸਲਾ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਵੱਲੋਂ ਪਾਸ ਹੋਏ ਮਤੇ ਅਨੁਸਾਰ ਕੀਤਾ ਗਿਆ ਹੈ ਅਤੇ ਇਸ ਬੋਰਡ ਦਾ ਮਕਸਦ ਕੇਵਲ ਛੋਟੇ ਮੁੱਦਿਆਂ ਨੂੰ ਵਿਚਾਰਨਾ ਹੈ। ਉਨ੍ਹਾਂ ਕਿਹਾ ਕਿ ਗੁਰੂ ਹਰਗੋਬਿੰਦ ਸਾਹਿਬ ਦਾ ਸਾਜਿਆ ਅਕਾਲ ਤਖ਼ਤ ਸਰਬਉੱਚ ਹੈ ਤੇ ਇਸ ਦੇ ਅਧਿਕਾਰਾਂ ਨੂੰ ਕੋਈ ਵੀ ਖੋਰਾ ਨਹੀਂ ਲਗਾ ਸਕਦਾ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਤੋੜਨ ਲਈ ਵਿਰੋਧੀ ਸਾਜ਼ਿਸ਼ਾਂ ਕਰ ਰਹੇ ਹਨ ਅਤੇ ਧਿਆਨ ਭਟਕਾਉਣ ਵਾਲੇ ਮੁੱਦੇ ਚੁੱਕੇ ਜਾ ਰਹੇ ਹਨ।

ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਲਾਹਕਾਰ ਬੋਰਡ ਪੂਰੀ ਤਰ੍ਹਾਂ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਅਤੇ ਨਿਰਦੇਸ਼ਾਂ ਹੇਠ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਧਾਰਮਿਕ ਸਲਾਹਕਾਰ ਬੋਰਡ ਦੇ ਮੈਂਬਰ ਨਾਮਜ਼ਦ ਕਰਨ ਦੇ ਅਧਿਕਾਰ ਸਬੰਧੀ ਵਿਵਾਦ ਵੀ ਤਰਕਸੰਗਤ ਨਹੀਂ ਹੈ ਕਿਉਂਕਿ ਇਸ ਬੋਰਡ ਵਿਚ ਕੇਵਲ ਵਿਦਵਾਨ ਹੀ ਸ਼ਾਮਲ ਕੀਤੇ ਜਾਣੇ ਹਨ ਅਤੇ ਵਿਦਵਾਨ ਸਭ ਦੇ ਸਾਂਝੇ ਹੁੰਦੇ ਹਨ। 11 ਮੈਂਬਰਾਂ ਦੀ ਨਾਮਜ਼ਦਗੀ ਵੀ ਸਿੰਘ ਸਾਹਿਬਾਨ ਦੀ ਰਾਏ ਨਾਲ ਹੀ ਹੋਵੇਗੀ ਅਤੇ ਇਸ ਬੋਰਡ ਨੂੰ ਵਿਚਾਰਨ ਵਾਸਤੇ ਮਾਮਲੇ ਵੀ ਜਥੇਦਾਰ ਸਾਹਿਬ ਵੱਲੋਂ ਹੀ ਭੇਜੇ ਜਾਣਗੇ। ਕੋਈ ਵੀ ਮਾਮਲਾ ਇਨ੍ਹਾਂ ਪਾਸ ਸਿੱਧੇ ਤੌਰ 'ਤੇ ਨਹੀਂ ਆਵੇਗਾ।

## 'ਸਲਾਹਕਾਰ ਬੋਰਡ ਦੀ ਸਥਾਪਨਾ ਸਮੇਂ ਦੀ ਲੋੜ'

**ਅੰਮ੍ਰਿਤਸਰ:** ਸਿੱਖ ਵਿਦਵਾਨ ਡਾ. ਇੰਦਰਜੀਤ ਸਿੰਘ ਗੋਗੋਆਣੀ ਤੇ ਡਾ. ਅਮਰਜੀਤ ਸਿੰਘ ਨੇ ਕਿਹਾ ਕਿ ਧਾਰਮਿਕ ਸਲਾਹਕਾਰ ਕਮੇਟੀ ਦੀ ਕਾਰਜਸ਼ੈਲੀ ਕਦੇ ਵੀ ਜਥੇਦਾਰ ਸਾਹਿਬਾਨ ਦੇ ਫੈਸਲਿਆਂ ਵਿਚ ਦਖ਼ਲ ਦੇਣ ਵਾਲੀ ਨਹੀਂ ਰਹੀ ਸਗੋਂ ਮਾਮਲਿਆਂ ਦੇ ਹੱਲ ਵਿਚ ਸਪਸ਼ਟਤਾ ਲਈ ਕੰਮ ਕਰਦੀ ਹੈ। ਵਿਸ਼ਵ ਭਰ ਦੇ ਸਿੱਖਾਂ ਅਤੇ ਉਨ੍ਹਾਂ ਦੇ ਮਸਲਿਆਂ ਦੀ ਬਹੁਤਾਤ ਨੂੰ ਵੇਖਦਿਆਂ ਅਜਿਹੇ ਸਲਾਹਕਾਰ ਦੀ ਬੋਰਡ ਦੀ ਸਥਾਪਨਾ ਸਮੇਂ ਦੀ ਲੋੜ ਹੈ।

## ਬੋਰਡ ਅਕਾਲ ਤਖ਼ਤ ਦੇ ਨਿਰਦੇਸ਼ਾਂ ਹੇਠ ਕੰਮ ਕਰੇਗਾ: ਧਾਮੀ



**ਅੰਮ੍ਰਿਤਸਰ:** ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸਲਾਹਕਾਰ ਬੋਰਡ ਪੂਰੀ ਤਰ੍ਹਾਂ ਅਕਾਲ ਤਖ਼ਤ ਸਾਹਿਬ ਦੀ ਛਤਰ-ਛਾਇਆ ਅਤੇ ਨਿਰਦੇਸ਼ਾਂ ਹੇਠ ਕੰਮ ਕਰੇਗਾ। ਉਨ੍ਹਾਂ ਕਿਹਾ ਕਿ ਧਾਰਮਿਕ ਸਲਾਹਕਾਰ ਬੋਰਡ ਦੇ ਮੈਂਬਰ ਨਾਮਜ਼ਦ ਕਰਨ ਦੇ ਅਧਿਕਾਰ ਸਬੰਧੀ ਵਿਵਾਦ ਵੀ ਤਰਕਸੰਗਤ ਨਹੀਂ ਹੈ ਕਿਉਂਕਿ ਇਸ ਬੋਰਡ ਵਿਚ ਕੇਵਲ ਵਿਦਵਾਨ ਹੀ ਸ਼ਾਮਲ ਕੀਤੇ ਜਾਣੇ ਹਨ ਅਤੇ ਵਿਦਵਾਨ ਸਭ ਦੇ ਸਾਂਝੇ ਹੁੰਦੇ ਹਨ।

# ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਨੂੰ ਦੀਵਾਲੀ ਦਾ ਤੋਹਫਾ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮੁਲਾਜ਼ਮਾਂ ਨੂੰ ਦੀਵਾਲੀ ਮੌਕੇ ਵੱਡਾ ਤੋਹਫ਼ਾ ਦਿੱਤਾ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਮੁਲਾਜ਼ਮਾਂ ਦੇ ਮਹਿੰਗਾਈ ਭੱਤੇ (ਡੀ.ਏ) ਵਿਚ 4 ਫੀਸਦ ਵਾਧੇ ਦਾ ਐਲਾਨ ਕੀਤਾ ਹੈ। ਇਸ ਐਲਾਨ ਮਗਰੋਂ ਮਹਿੰਗਾਈ ਭੱਤਾ 38 ਫ਼ੀਸਦੀ ਤੋਂ ਵਧ ਕੇ 42 ਫ਼ੀਸਦ ਹੋ ਗਿਆ ਹੈ। ਇਸ ਨਾਲ ਸੂਬਾ ਸਰਕਾਰ ਦੇ 6.50 ਲੱਖ ਤੋਂ ਵੱਧ ਮੁਲਾਜ਼ਮਾਂ, ਪੈਨਸ਼ਨਰਾਂ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਲਾਭ ਮਿਲੇਗਾ। ਮਾਨ ਨੇ ਕਿਹਾ ਕਿ ਮੁਲਾਜ਼ਮ ਸੂਬਾ ਪ੍ਰਸ਼ਾਸਨ ਦਾ ਅਹਿਮ ਹਿੱਸਾ ਹਨ ਅਤੇ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਕਰਨਾ ਸਰਕਾਰ ਦੀ ਮੁੱਖ ਤਰਜੀਹ ਹੈ।

ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾ ਰਹੀ। ਮੁਲਾਜ਼ਮਾਂ ਦੀ ਭਲਾਈ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਮੁਲਾਜ਼ਮਾਂ ਦੇ ਡੀ.ਏ ਵਿਚ ਇਹ ਵਾਧਾ ਪਹਿਲੀ ਨਵੰਬਰ 2024 ਤੋਂ ਲਾਗੂ ਹੋਵੇਗਾ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਨੇ ਦੀਵਾਲੀ ਦੇ ਮੱਦੇਨਜ਼ਰ ਸਾਰੇ ਸਰਕਾਰੀ ਮੁਲਾਜ਼ਮਾਂ ਨੂੰ ਤਨਖਾਹ ਵੀ ਕੁੱਝ ਪਹਿਲਾਂ ਹੀ ਦੇ ਦਿੱਤੀ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਰੌਸ਼ਨੀਆਂ ਦੇ ਤਿਉਹਾਰ ਦੀਵਾਲੀ ਅਤੇ ਬੰਦੀ ਛੋੜ ਦਿਵਸ ਦੀ ਦੁਨੀਆਂ ਭਰ ਵਿਚ ਵਸਦੇ ਸਮੂਹ ਪੰਜਾਬੀਆਂ ਨੂੰ ਵਧਾਈ ਦਿੱਤੀ।

ਉਨ੍ਹਾਂ ਕਿਹਾ ਕਿ ਦੀਵਾਲੀ ਦੀ ਜਗਮਗ ਨਾਲ ਨਾ ਸਿਰਫ਼ ਹਰ ਘਰ ਰੌਸ਼ਨ ਹੁੰਦਾ ਹੈ, ਸਗੋਂ ਇਹ ਹਨੇਰੇ 'ਤੇ ਚਾਨਣ ਦੀ ਜਿੱਤ, ਬੁਰਾਈ 'ਤੇ ਚੰਗਿਆਈ ਅਤੇ ਨਿਰਾਸ਼ਾ 'ਤੇ ਆਸ ਦੀ ਜਿੱਤ ਦਾ ਪ੍ਰਤੀਕ ਵੀ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਦੀਵਾਲੀ ਇਕ ਵਾਰ ਫਿਰ ਲੋਕਾਂ ਲਈ ਸ਼ਾਂਤੀ ਅਤੇ ਖ਼ੁਸ਼ਹਾਲੀ ਲੈ ਕੇ ਆਵੇ ਅਤੇ ਨਾਲ ਹੀ ਭਾਈਚਾਰਕ ਸਾਂਝ, ਅਮਨ ਅਤੇ ਫਿਰਕੂ ਸਦਭਾਵਨਾ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰੇ। ਇਸੇ ਤਰ੍ਹਾਂ ਮੁੱਖ ਮੰਤਰੀ ਨੇ ਇਤਿਹਾਸਕ 'ਬੰਦੀ ਛੋੜ ਦਿਵਸ' ਮੌਕੇ ਸਮੁੱਚੇ ਦੇਸ਼ ਵਾਸੀਆਂ, ਖਾਸ ਕਰ ਕੇ ਸਿੱਖ ਪੰਥ ਨੂੰ ਵਧਾਈ ਦਿੱਤੀ।

# ਸ਼੍ਰੋਮਣੀ ਕਮੇਟੀ ਚੋਣਾਂ ਲਈ 51 ਲੱਖ ਤੋਂ ਵੱਧ ਨੇ ਬਣਵਾਈਆਂ ਵੋਟਾਂ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ ਲਈ ਵੋਟਰ ਬਣਨ ਦੀ ਆਖ਼ਰੀ ਤਰੀਕ 31 ਅਕਤੂਬਰ ਸੀ ਅਤੇ ਹੁਣ ਤੱਕ ਸੂਬੇ ਵਿਚ ਕਰੀਬ 51.04 ਲੱਖ ਵੋਟਰ ਬਣ ਚੁੱਕੇ ਹਨ। ਸਿੱਖ ਸੰਸਥਾ ਦੀਆਂ 2011 'ਚ ਹੋਈਆਂ ਆਮ ਚੋਣਾਂ 'ਚ ਪੰਜਾਬ ਤੋਂ ਲਗਭਗ 52 ਲੱਖ 69 ਹਜ਼ਾਰ ਯੋਗ ਵੋਟਰ ਸਨ। ਪ੍ਰਾਪਤ ਵੇਰਵਿਆਂ ਅਨੁਸਾਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਸਭ ਤੋਂ ਵੱਧ 5.76 ਲੱਖ ਵੋਟਰ ਬਣੇ ਹਨ, ਜਦੋਂ ਕਿ ਪਠਾਨਕੋਟ ਜ਼ਿਲ੍ਹੇ ਵਿਚ ਸਭ ਤੋਂ ਘੱਟ 36,277 ਵੋਟਰ ਬਣੇ ਹਨ।

ਗੁਰਦੁਆਰਾ ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ 25 ਅਕਤੂਬਰ ਤੱਕ ਅੰਮ੍ਰਿਤਸਰ ਤੋਂ ਬਾਅਦ ਦੂਜੇ ਨੰਬਰ 'ਤੇ ਲੁਧਿਆਣਾ ਜ਼ਿਲ੍ਹਾ ਹੈ, ਜਿੱਥੇ 5.70 ਲੱਖ ਵੋਟਰ ਬਣੇ ਹਨ। ਗੁਰਦਾਸਪੁਰ ਵਿਚ 4.37 ਲੱਖ, ਤਰਨ ਤਾਰਨ ਵਿਚ 3.18 ਲੱਖ, ਪਟਿਆਲਾ ਵਿਚ 2.91 ਲੱਖ, ਸੰਗਰੂਰ ਵਿਚ 2.79 ਲੱਖ, ਮੁਕਤਸਰ ਵਿੱਚ 2.66 ਲੱਖ, ਮੋਗਾ ਵਿੱਚ 2.59 ਲੱਖ, ਜਲੰਧਰ ਵਿਚ 2.29 ਲੱਖ, ਮਾਨਸਾ ਵਿਚ 1.90 ਲੱਖ, ਬਠਿੰਡਾ ਵਿਚ 1.90 ਲੱਖ, ਐੱਸਏਐੱਸ ਨਗਰ (ਮੁਹਾਲੀ) 1.64 ਲੱਖ, ਹੁਸ਼ਿਆਰਪੁਰ 1.60 ਲੱਖ, ਬਰਨਾਲਾ ਵਿੱਚ 1.46 ਲੱਖ, ਰੂਪਨਗਰ 1.39 ਲੱਖ, ਕਪੂਰਥਲਾ ਵਿੱਚ 1.38 ਲੱਖ, ਫਤਹਿਗੜ੍ਹ ਸਾਹਿਬ ਵਿੱਚ 1.21 ਲੱਖ, ਫਾਜ਼ਿਲਕਾ ਵਿੱਚ 1.12 ਲੱਖ, ਫ਼ਰੀਦਕੋਟ ਵਿੱਚ 1.02 ਲੱਖ, ਮਾਲੇਰਕੋਟਲਾ ਵਿਚ 75,057 ਅਤੇ ਐਸ.ਬੀ.ਐਸ. ਨਗਰ ਵਿਚ 58,664 ਵੋਟਰ ਬਣੇ ਹਨ।



ਅਧਿਕਾਰੀਆਂ ਅਨੁਸਾਰ ਯੋਗ ਵੋਟਾਂ ਦੀ ਗਿਣਤੀ, ਪੜਤਾਲ ਅਤੇ ਸ਼ਰਤਾਂ ਦਾ ਨਿਰੀਖਣ ਕਰਨ ਮਗਰੋਂ ਪਤਾ ਲੱਗੇਗੀ। ਇਸ ਵਾਰ ਹਰਿਆਣਾ ਦੇ ਸਿੱਖ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਵਿਚ ਹਿੱਸਾ ਨਹੀਂ ਬਣ ਸਕਣਗੇ ਕਿਉਂਕਿ ਉੱਥੇ ਹਰਿਆਣਾ ਦੇ ਗੁਰਦੁਆਰਿਆਂ ਦੀ ਵੱਖਰੀ ਗੁਰਦੁਆਰਾ ਕਮੇਟੀ ਬਣ ਚੁੱਕੀ ਹੈ। ਫਿਲਹਾਲ ਹਿਮਾਚਲ ਪ੍ਰਦੇਸ਼ ਅਤੇ ਚੰਡੀਗੜ੍ਹ ਦੇ ਸਿੱਖ ਵੋਟਰਾਂ ਦੀ ਗਿਣਤੀ ਸਬੰਧੀ ਸੂਚੀ ਆਉਣੀ ਬਾਕੀ ਹੈ।

# ਜ਼ਿਮਨੀ ਚੋਣਾਂ: ਪੰਜਾਬ ਦੀਆਂ ਚਾਰ ਸੀਟਾਂ 'ਤੇ 45 ਉਮੀਦਵਾਰ ਮੈਦਾਨ 'ਚ



**ਚੰਡੀਗੜ੍ਹ:** ਪੰਜਾਬ ਵਿਚ ਚਾਰ ਵਿਧਾਨ ਸਭਾ ਸੀਟਾਂ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਲਈ 13 ਨਵੰਬਰ ਨੂੰ ਹੋ ਰਹੀਆਂ ਜ਼ਿਮਨੀ ਚੋਣਾਂ ਲਈ ਕੁੱਲ 45 ਉਮੀਦਵਾਰ ਮੈਦਾਨ ਵਿਚ ਰਹਿ ਗਏ ਹਨ। ਤਿੰਨ ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਵਾਪਸ ਲੈ ਲਏ। ਗਿੱਦੜਬਾਹਾ ਤੋਂ ਆਜ਼ਾਦ ਉਮੀਦਵਾਰ ਜਗਮੀਤ ਸਿੰਘ ਬਰਾੜ, ਬਰਨਾਲਾ ਤੋਂ ਗੁਰਪ੍ਰੀਤ ਸਿੰਘ ਅਤੇ ਡੇਰਾ ਬਾਬਾ ਨਾਨਕ ਤੋਂ ਸਿਮਰਜੀਤ ਕੌਰ ਨੇ ਨਾਮਜ਼ਦਗੀ ਪੱਤਰ ਵਾਪਸ ਲਏ ਹਨ।

ਗਿੱਦੜਬਾਹਾ ਅਤੇ ਬਰਨਾਲਾ ਵਿਚ ਸਭ ਤੋਂ ਵੱਧ 14-14 ਉਮੀਦਵਾਰ ਚੋਣ ਮੈਦਾਨ ਵਿਚ ਨਿੱਤਰੇ ਹਨ। ਡੇਰਾ ਬਾਬਾ ਨਾਨਕ ਵਿਚ 11 ਅਤੇ ਚੱਬੇਵਾਲ ਤੋਂ 6 ਉਮੀਦਵਾਰ ਹੀ ਚੋਣ ਮੈਦਾਨ ਵਿਚ ਹਨ।

ਜ਼ਿਕਰਯੋਗ ਹੈ ਕਿ ਇਨ੍ਹਾਂ ਚਾਰ ਸੀਟਾਂ 'ਤੇ ਜ਼ਿਮਨੀ ਚੋਣਾਂ ਲਈ ਕੁੱਲ 60 ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਸਨ। ਉਨ੍ਹਾਂ ਵਿਚੋਂ 12 ਜਣਿਆਂ ਦੇ ਨਾਮਜ਼ਦਗੀ ਪੱਤਰ ਰੱਦ ਕਰ ਦਿੱਤੇ ਗਏ ਸਨ। ਦੱਸਣਯੋਗ ਹੈ ਕਿ ਸੂਬੇ ਦੇ ਇਨ੍ਹਾਂ ਚਾਰ ਵਿਧਾਨ ਸਭਾ ਹਲਕਿਆਂ ਵਿਚ ਜ਼ਿਮਨੀ ਚੋਣਾਂ ਲਈ 831 ਪੋਲਿੰਗ ਸਟੇਸ਼ਨ ਤਿਆਰ ਕੀਤੇ ਗਏ ਹਨ, ਜਿੱਥੇ ਕੁੱਲ 6 ਲੱਖ 96 ਹਜ਼ਾਰ 316 ਵੋਟਰ ਹਨ। ਡੇਰਾ ਬਾਬਾ ਨਾਨਕ ਵਿਚ ਕੁੱਲ ਵੋਟਰਾਂ ਦੀ ਗਿਣਤੀ 1 ਲੱਖ 93 ਹਜ਼ਾਰ 268 ਹੈ ਜਦਕਿ ਚੱਬੇਵਾਲ (ਐਸ.ਸੀ.) ਵਿਚ 1 ਲੱਖ 59 ਹਜ਼ਾਰ 254 ਵੋਟਰ ਹਨ। ਗਿੱਦੜਬਾਹਾ ਵਿਚ 1 ਲੱਖ 66 ਹਜ਼ਾਰ 489 ਅਤੇ ਬਰਨਾਲਾ ਵਿਚ ਵੋਟਰਾਂ ਦੀ ਕੁੱਲ ਗਿਣਤੀ 1 ਲੱਖ 77 ਹਜ਼ਾਰ 305 ਹੈ। ਚਾਰੋਂ ਹਲਕਿਆਂ 'ਚ ਵੋਟਾਂ 13 ਨਵੰਬਰ ਨੂੰ ਪੈਣਗੀਆਂ ਅਤੇ ਨਤੀਜੇ 23 ਨਵੰਬਰ ਨੂੰ ਗਿਣਤੀ ਤੋਂ ਬਾਅਦ ਐਲਾਨੇ ਜਾਣਗੇ।

## ਜਗਮੀਤ ਨੇ ਵੜਿੰਗ 'ਤੇ ਧੱਕੇਸ਼ਾਹੀ ਦੇ ਦੋਸ਼ ਲਾਏ

**ਚੰਡੀਗੜ੍ਹ:** ਗਿੱਦੜਬਾਹਾ 'ਚ ਜਗਮੀਤ ਬਰਾੜ ਵੱਲੋਂ ਨਾਮ ਵਾਪਸ ਲਏ ਜਾਣ ਮਗਰੋਂ ਉਨ੍ਹਾਂ ਕਾਂਗਰਸ ਪ੍ਰਦੇਸ਼ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ 'ਤੇ ਧੱਕੇਸ਼ਾਹੀ ਦੇ ਦੋਸ਼ ਲਾਏ ਹਨ। ਜਗਮੀਤ ਬਰਾੜ ਨੇ ਇਕ ਮਹਿਲਾ ਦੀ ਕਾਲੀ ਬਿੰਦੀ ਲਾ ਕੇ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਦਾ ਹਵਾਲਾ ਦਿੰਦਿਆਂ ਦੱਸਿਆ ਕਿ ਰਾਜਾ ਵੜਿੰਗ ਦੀ ਕਥਿਤ ਧੱਕਾਸ਼ਾਹੀ ਇਸ ਕਦਰ ਵਧ ਗਈ ਹੈ ਕਿ ਕੋਈ ਆਮ ਘਰ ਦੀ ਔਰਤ ਇਥੋਂ ਚੋਣ ਲੜਨ ਤੇ ਵੋਟ ਪਾਉਣ ਦਾ ਹੀਆ ਨਹੀਂ ਕਰ ਸਕਦੀ ਹੈ। ਉਨ੍ਹਾਂ ਰਾਜਾ ਵੜਿੰਗ 'ਤੇ ਬੱਸਾਂ ਦੀਆਂ ਬਾਡੀਆਂ ਅਤੇ ਹੋਰ ਕਈ ਮਾਮਲਿਆਂ 'ਚ ਕਰੋੜਾਂ ਦੀ ਕਥਿਤ ਹੇਰਾਫੇਰੀ ਦੇ ਦੋਸ਼ ਲਾਏ ਅਤੇ ਅਕਾਲ ਤਖ਼ਤ ਦੇ ਜਥੇਦਾਰ ਖ਼ਿਲਾਫ਼ ਦਿੱਤੇ ਬਿਆਨ ਦੀ ਵੀ ਨਿਖੇਧੀ ਕੀਤੀ।

# ਪੰਜਾਬ ਸਰਕਾਰ ਨੇ ਨਿਗਮ ਚੋਣਾਂ ਦੀਆਂ ਤਿਆਰੀਆਂ ਵਿੱਢੀਆਂ

**ਚੰਡੀਗੜ੍ਹ:** ਪੰਜਾਬ ਦੇ ਸਥਾਨਕ ਸਰਕਾਰ ਵਿਭਾਗ ਨੇ ਅੰਮ੍ਰਿਤਸਰ, ਜਲੰਧਰ, ਫਗਵਾੜਾ, ਲੁਧਿਆਣਾ ਤੇ ਪਟਿਆਲਾ ਦੀਆਂ ਪੰਜ ਨਗਰ ਨਿਗਮਾਂ ਅਤੇ 42 ਨਗਰ ਕੌਂਸਲਾਂ/ਨਗਰ ਪੰਚਾਇਤਾਂ ਦੀਆਂ ਚੋਣ ਕਰਵਾਉਣ ਸਬੰਧੀ ਐਡਵੋਕੇਟ ਜਨਰਲ (ਏ.ਜੀ) ਦਫ਼ਤਰ ਤੋਂ ਕਾਨੂੰਨੀ ਰਾਏ ਮੰਗੀ ਹੈ। ਚੋਣਾਂ ਦੇ ਸ਼ਡਿਊਲ ਬਾਰੇ ਫੈਸਲਾ ਲੈਣ ਲਈ ਪ੍ਰਵਾਨਗੀ ਸਬੰਧੀ ਫਾਈਲ ਮੁੱਖ ਮੰਤਰੀ ਭਗਵੰਤ ਮਾਨ ਨੂੰ ਵੀ ਭੇਜੀ ਗਈ ਹੈ।

ਸੂਤਰਾਂ ਮੁਤਾਬਕ ਚਾਰ ਅਸੈਂਬਲੀ ਹਲਕਿਆਂ ਦੇ ਚੋਣ ਨਤੀਜਿਆਂ ਤੋਂ ਬਾਅਦ ਮੁੱਖ ਮੰਤਰੀ ਨਿਗਮ ਚੋਣਾਂ ਲਈ ਪ੍ਰੋਗਰਾਮ ਐਲਾਨ ਸਕਦੇ ਹਨ। ਵਿਭਾਗ ਦੀ ਇਸ ਪੇਸ਼ਕਦਮੀ ਤੋਂ ਜਾਣੂ ਅਧਿਕਾਰੀਆਂ ਨੇ ਕਿਹਾ ਕਿ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਹਾਲੀਆ ਹੁਕਮਾਂ, ਜਿਸ ਵਿਚ ਵਾਰਡਾਂ ਦੀ ਹੱਦਬੰਦੀ ਦੇ ਕਿਸੇ ਨਵੇਂ ਅਮਲ ਤੋਂ ਬਗੈਰ ਸਾਰੇ ਨਿਗਮਾਂ ਅਤੇ ਨਗਰ ਕੌਂਸਲਾਂ ਜਾਂ ਨਗਰ ਪੰਚਾਇਤਾਂ ਲਈ ਅਗਲੇ 15 ਦਿਨਾਂ ਵਿਚ ਚੋਣ ਪ੍ਰੋਗਰਾਮ ਨੋਟੀਫਾਈ ਕਰਨ ਦੀ ਗੱਲ ਆਖੀ ਗਈ ਸੀ, ਮਗਰੋਂ ਏਜੀ ਦਫ਼ਤਰ ਤੋਂ ਕੁਝ ਸਪਸ਼ਟੀਕਰਨਾਂ ਦੀ ਲੋੜ ਸੀ। ਅਧਿਕਾਰੀਆਂ ਨੇ ਕਿਹਾ, "ਕੋਰਟ ਨੇ ਕੁਝ ਕੇਸਾਂ ਵਿਚ ਹੱਦਬੰਦੀ ਉੱਤੇ ਰੋਕ ਲਾ ਦਿੱਤੀ ਸੀ ਜਦੋਂਕਿ ਕੁਝ ਹੋਰਨਾਂ ਵਿਚ ਹੱਦਬੰਦੀ ਦਾ ਅਮਲ ਜਾਰੀ ਸੀ।



47 ਨਗਰ ਕੌਂਸਲਾਂ/ਪੰਚਾਇਤਾਂ ਵਿਚੋਂ 44 ਲਈ ਹੱਦਬੰਦੀ ਬੋਰਡ ਕਾਇਮ ਕੀਤੇ ਗਏ ਸਨ। ਚੋਣਾਂ ਕਰਵਾਉਣ ਤੋਂ ਪਹਿਲਾਂ ਜ਼ਰੂਰੀ ਕਾਰਵਾਈ ਲਈ ਸੂਬਾ ਸਰਕਾਰ ਨੂੰ ਵਿਸਥਾਰਤ ਨੋਟ ਬਣਾ ਕੇ ਭੇਜਿਆ ਗਿਆ ਹੈ।" ਫਗਵਾੜਾ ਐਮ.ਸੀ. ਦੀ ਮਿਆਦ ਮਾਰਚ 2020 ਜਦੋਂਕਿ ਹੋਰਨਾਂ ਐਮਸੀ'ਜ਼ ਦੀ 2023 ਵਿਚ ਖ਼ਤਮ ਹੋ ਗਈ ਸੀ। ਨੇਮਾਂ ਮੁਤਾਬਕ ਨਿਗਮ ਭੰਗ ਹੋਣ ਤੋਂ ਛੇ ਮਹੀਨਿਆਂ ਅੰਦਰ ਚੋਣ ਕਰਵਾਉਣੀ ਜ਼ਰੂਰੀ ਹੈ। ਸਰਕਾਰ ਵਿਚਲੇ ਸੂਤਰਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਚਾਰ ਅਸੈਂਬਲੀ ਹਲਕਿਆਂ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਦੀ 13 ਨਵੰਬਰ ਨੂੰ ਹੋਣ ਵਾਲੀ ਜ਼ਿਮਨੀ ਚੋਣਾਂ ਦੇ ਨਤੀਜਿਆਂ ਮੁਤਾਬਕ ਨਿਗਮ ਚੋਣਾਂ ਲਈ ਸ਼ਡਿਊਲ ਦਾ ਐਲਾਨ ਕਰ ਸਕਦੇ ਹਨ।

'ਆਪ' ਸੁਪਰੀਮੋ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਮਾਨ ਨੇ ਅਜੇ ਪਿਛਲੇ ਦਿਨੀਂ ਨਗਰ ਨਿਗਮਾਂ ਦੇ ਕਮਿਸ਼ਨਰਾਂ ਨਾਲ ਬੈਠਕ ਕਰਕੇ ਉਨ੍ਹਾਂ ਨੂੰ ਦਿੱਲੀ ਦੀ ਤਰਜ਼ 'ਤੇ ਆਮ ਲੋਕਾਂ ਨੂੰ ਸ਼ਹਿਰੀ ਖੇਤਰਾਂ ਵਿਚ ਆਧੁਨਿਕ ਸਹੂਲਤਾਂ ਮੁਹੱਈਆ ਕਰਨ ਦੀ ਤਾਕੀਦ ਕੀਤੀ ਹੈ।

# ਸਿੱਖ ਵੱਖਵਾਦੀਆਂ ਦੇ ਮਸਲੇ ’ਤੇ ਕੈਨੇਡਾ ਅਤੇ ਭਾਰਤ ਦੇ ਸਬੰਧ ਹੋਰ ਵਿਗੜੇ

**ਓਟਵਾ:** ਕੈਨੇਡਾ ਦੇ ਵਿਦੇਸ਼ ਮਾਮਲਿਆਂ ਬਾਰੇ ਉਪ ਮੰਤਰੀ ਡੇਵਿਡ ਮੌਰੀਸਨ ਨੇ ਦੋਸ਼ ਲਾਇਆ ਹੈ ਕਿ ਭਾਰਤ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੈਨੇਡਾ ’ਚ ਰਹਿ ਰਹੇ ਸਿੱਖ ਵੱਖਵਾਦੀਆਂ ਨੂੰ ਨਿਸ਼ਾਨਾ ਬਣਾ ਕੇ ਹਿੰਸਾ ਕਰਨ, ਧਮਕੀਆਂ ਦੇਣ ਅਤੇ ਖ਼ੁਫ਼ੀਆ ਜਾਣਕਾਰੀ ਇਕੱਠੀ ਕਰਨ ਦੀ ਮੁਹਿੰਮ ਚਲਾਉਣ ਦੇ ਹੁਕਮ ਦਿੱਤੇ ਹਨ।

ਮੌਰੀਸਨ ਨੇ ਕੌਮੀ ਸੁਰੱਖਿਆ ਕਮੇਟੀ ਦੇ ਸੰਸਦ ਮੈਂਬਰਾਂ ਨੂੰ ਦੱਸਿਆ ਕਿ ਉਨ੍ਹਾਂ ‘ਵਾਸ਼ਿੰਗਟਨ ਪੋਸਟ’ ਕੋਲ ਸ਼ਾਹ ਦੇ ਨਾਮ ਦੀ ਪੁਸ਼ਟੀ ਕੀਤੀ ਹੈ ਜਿਸ ਨੇ ਸਭ ਤੋਂ ਪਹਿਲਾਂ ਇਨ੍ਹਾਂ ਦੋਸ਼ਾਂ ਬਾਰੇ ਖ਼ਬਰ ਪ੍ਰਕਾਸ਼ਿਤ ਕੀਤੀ ਸੀ। ਸ਼ਾਹ ਦਾ ਜ਼ਿਕਰ ਕਰਦਿਆਂ ਮੌਰੀਸਨ ਨੇ ਕਮੇਟੀ ਨੂੰ ਦੱਸਿਆ, “ਪੱਤਰਕਾਰ ਨੇ ਮੈਨੂੰ ਫੋਨ ਕਰਕੇ ਪੁੱਛਿਆ ਕਿ ਕੀ ਇਹ ਉਹੋ ਵਿਅਕਤੀ ਹੈ। ਮੈਂ ਪੁਸ਼ਟੀ ਕੀਤੀ ਕਿ ਇਹ ਉਹੋ ਵਿਅਕਤੀ ਹੈ।” ਮੌਰੀਸਨ ਨੇ ਅਮਰੀਕੀ ਅਖ਼ਬਾਰ ਕੋਲ ਭਾਰਤ ਦੇ ਕੈਨੇਡਾ ’ਚ ਦਖ਼ਲ ਦੇ ਵੇਰਵੇ ਲੀਕ ਕਰਨ ਦੀ ਗੱਲ ਕਬੂਲੀ ਹੈ। ਉਂਜ ਮੌਰੀਸਨ ਨੇ ਇਹ ਨਹੀਂ ਦੱਸਿਆ ਕਿ ਕੈਨੇਡਾ ਨੂੰ ਸ਼ਾਹ ਦੀ ਕਥਿਤ ਸ਼ਮੂਲੀਅਤ ਬਾਰੇ ਕਿਵੇਂ ਪਤਾ ਲੱਗਾ। ਓਟਵਾ ’ਚ ਭਾਰਤੀ ਸਫ਼ਾਰਤਖਾਨੇ ਨੇ ਸ਼ਾਹ ਖ਼ਿਲਾਫ਼ ਲਾਏ ਗਏ ਦੋਸ਼ਾਂ ਬਾਰੇ ਪ੍ਰਤੀਕਰਮ ਲਈ ਭੇਜੇ ਗਏ ਸੁਨੇਹਿਆਂ ਦਾ ਫ਼ੌਰੀ ਕੋਈ ਜਵਾਬ ਨਹੀਂ ਦਿੱਤਾ।

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਕੌਮੀ ਸੁਰੱਖਿਆ ਸਲਾਹਕਾਰ ਨਥਾਲੀ ਡਰੋਈਨ ਨੇ ਕਮੇਟੀ ਨੂੰ ਦੱਸਿਆ ਕਿ ਕੈਨੇਡਾ ਕੋਲ ਇਸ ਗੱਲ ਦੇ ਸਬੂਤ ਹਨ ਕਿ ਭਾਰਤ ਸਰਕਾਰ ਨੇ ਸਭ ਤੋਂ ਪਹਿਲਾਂ ਡਿਪਲੋਮੈਟਿਕ ਚੈਨਲਾਂ ਅਤੇ ਪ੍ਰੌਕਸੀਆਂ ਰਾਹੀਂ ਕੈਨੇਡਾ ’ਚ ਭਾਰਤੀ ਅਤੇ ਕੈਨੇਡਿਆਈ ਨਾਗਰਿਕਾਂ ਬਾਰੇ ਜਾਣਕਾਰੀ ਇਕੱਠੀ ਕੀਤੀ ਸੀ। ਉਨ੍ਹਾਂ ਕਿਹਾ ਕਿ ਇਸ ਮਗਰੋਂ ਇਹ ਜਾਣਕਾਰੀ ਨਵੀਂ ਦਿੱਲੀ ਦੀ ਸਰਕਾਰ ਨੂੰ ਦਿੱਤੀ ਗਈ ਜੋ ਕਥਿਤ ਤੌਰ ’ਤੇ ਲਾਰੈਂਸ ਬਿਸ਼ਨੋਈ ਨਾਲ ਜੁੜੇ ਇਕ ਅਪਰਾਧਿਕ ਨੈੱਟਵਰਕ ਨਾਲ ਮਿਲ ਕੇ ਕੰਮ ਕਰਦਾ ਹੈ। ਉਂਜ ਡਰੋਈਨ ਨੇ ਦੋਸ਼ ਲਾਇਆ ਕਿ ਬਿਸ਼ਨੋਈ ਦਾ ਵਿਸ਼ਾਲ ਅਪਰਾਧਿਕ ਨੈੱਟਵਰਕ ਕੈਨੇਡਾ ਵਿਚ ਹੱਤਿਆ, ਹੱਤਿਆ ਦੀ ਸਾਜ਼ਿਸ਼ ਅਤੇ ਹੋਰ ਹਿੰਸਕ ਵਾਰਦਾਤਾਂ ਨੂੰ ਅੰਜਾਮ ਦੇਣ ਨਾਲ ਜੁੜਿਆ ਹੈ। ਉਨ੍ਹਾਂ ਕਿਹਾ ਕਿ ਜਵਾਬਦੇਹੀ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨਾਲ ਰਲ ਕੇ ਕੰਮ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ।



## ਸ਼ਾਹ ਖਿਲਾਫ ਲਾਏ ਦੋਸ਼ਾਂ ਨੂੰ ਬੇਬੁਨਿਆਦ ਦੱਸਿਆ

**ਨਵੀਂ ਦਿੱਲੀ:** ਸਿੱਖ ਵੱਖਵਾਦੀ ਹਰਦੀਪ ਸਿੰਘ ਨਿੱਝਰ ਦੀ ਪਿਛਲੇ ਸਾਲ ਬ੍ਰਿਟਿਸ਼ ਕੋਲੰਬੀਆ ’ਚ ਹੱਤਿਆ ਮਗਰੋਂ ਭਾਰਤ ਅਤੇ ਕੈਨੇਡਾ ਦੇ ਸਬੰਧਾਂ ’ਚ ਲਗਾਤਾਰ ਨਿਘਾਰ ਆ ਰਿਹਾ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਬਾਰੇ ਕੈਨੇਡਾ ਦੇ ਮੰਤਰੀ ਵੱਲੋਂ ਕੀਤੀ ਟਿੱਪਣੀ ਕਾਰਨ ਭਾਰਤ ਨੇ ਸਖ਼ਤ ਸ਼ਬਦਾਂ ’ਚ ਵਿਰੋਧ ਦਰਜ ਕਰਵਾਇਆ ਹੈ। ਵਿਦੇਸ਼ ਮੰਤਰਾਲੇ ਨੇ ਸ਼ਾਹ ਖ਼ਿਲਾਫ਼ ਲਾਏ ਦੋਸ਼ਾਂ ਨੂੰ ਬੇਤੁਕਾ ਅਤੇ ਬੇਬੁਨਿਆਦ ਕਰਾਰ ਦਿੱਤਾ ਹੈ। ਵਿਦੇਸ਼ ਮੰਤਰਾਲੇ ਦੇ ਤਰਜਮਾਨ ਰਣਧੀਰ ਜੈਸਵਾਲ ਨੇ ਦੱਸਿਆ ਕਿ ਕੈਨੇਡੀਅਨ ਹਾਈ ਕਮਿਸ਼ਨ ਦੇ ਨੁਮਾਇੰਦੇ ਨੂੰ ਤਲਬ ਕਰਕੇ ਭਾਰਤ ਵੱਲੋਂ ਸਖ਼ਤ ਸ਼ਬਦਾਂ ’ਚ ਵਿਰੋਧ ਦਰਜ ਕਰਵਾਇਆ ਗਿਆ ਹੈ।

## ਅਮਰੀਕਾ ਵੱਲੋਂ ਭਾਰਤ ਦੇ 15 ਵਿਅਕਤੀਆਂ ਅਤੇ ਕੰਪਨੀਆਂ ‘ਤੇ ਪਾਬੰਦੀ

**ਵਾਸ਼ਿੰਗਟਨ:** ਅਮਰੀਕਾ ਨੇ ਰੂਸ ਦੇ ਫ਼ੌਜੀ-ਉਦਯੋਗਿਕ ਬੇਸ ਦਾ ਸਮਰਥਨ ਕਰਨ ਦੇ ਦੋਸ਼ ਹੇਠ ਕੁੱਲ 275 ਵਿਅਕਤੀਆਂ ਅਤੇ ਸੰਸਥਾਵਾਂ ‘ਤੇ ਪਾਬੰਦੀਆਂ ਲਗਾਈਆਂ ਹਨ ਜਿਨ੍ਹਾਂ ‘ਚੋਂ 15 ਭਾਰਤੀ ਹਨ। ਵਿੱਤ ਵਿਭਾਗ ਨੇ ਬਿਆਨ ‘ਚ ਕਿਹਾ ਕਿ ਚੀਨ, ਸਵਿਟਜ਼ਰਲੈਂਡ, ਥਾਈਲੈਂਡ ਅਤੇ ਤੁਰਕੀ ਦੀਆਂ ਕੰਪਨੀਆਂ ਉਤੇ ਵੀ ਰੂਸ ਨੂੰ ਆਧੁਨਿਕ ਤਕਨਾਲੋਜੀ ਅਤੇ ਸਾਜ਼ੋ-ਸਾਮਾਨ ਦੀ ਸਪਲਾਈ ਕਰਨ ਲਈ ਪਾਬੰਦੀਆਂ ਲਾਈਆਂ ਗਈਆਂ ਹਨ।

ਵਿੱਤ ਵਿਭਾਗ ਦੇ ਉਪ ਸਕੱਤਰ ਵੈਲੀ ਅਡੇਯੇਮੋ ਨੇ ਕਿਹਾ, “ਯੂਕਰੇਨ ਖ਼ਿਲਾਫ਼ ਗੈਰਕਾਨੂੰਨੀ ਅਤੇ ਅਨੈਤਿਕ ਜੰਗ ਲਈ ਰੂਸ ਨੂੰ ਲੋੜੀਂਦੇ ਸਾਧਨ ਅਤੇ ਤਕਨਾਲੋਜੀਆਂ ਦਾ ਪ੍ਰਵਾਹ ਰੋਕਣ ਲਈ ਅਮਰੀਕਾ ਅਤੇ ਸਹਿਯੋਗੀ ਦੁਨੀਆ ਭਰ ਵਿਚ ਕਾਰਵਾਈ ਜਾਰੀ ਰੱਖਣਗੇ।” ਅਮਰੀਕਾ ਨੇ ਰੂਸੀ ਰੱਖਿਆ ਮੰਤਰਾਲੇ ਦੇ ਅਧਿਕਾਰੀਆਂ, ਰੱਖਿਆ ਕੰਪਨੀਆਂ ਅਤੇ ਰੂਸ ਦੇ ਭਵਿੱਖੀ ਊਰਜਾ ਉਤਪਾਦਨ ਅਤੇ ਨਿਰਯਾਤ ਦਾ ਸਮਰਥਨ ਕਰਨ ਵਾਲਿਆਂ ਖ਼ਿਲਾਫ਼ ਵੀ ਕਾਰਵਾਈ ਕੀਤੀ ਹੈ।

## ਅਮਰੀਕਾ ਦੇ ਓਕਲਾਹੋਮਾ ’ਚ ਤੂਫਾਨ ਕਾਰਨ ਹਜ਼ਾਰਾਂ ਲੋਕ ਪ੍ਰਭਾਵਿਤ




**ਓਕਲਾਹੋਮਾ:** ਅਮਰੀਕੀ ਰਾਜ ਓਕਲਾਹੋਮਾ ’ਚ ਆਏ ਭਿਆਨਕ ਤੂਫਾਨ ਤੇ ਵਾਵਰੋਲਿਆਂ ਕਾਰਨ ਕਈ ਘਰਾਂ ਦੀਆਂ ਛੱਤਾਂ ਤੇ ਲੋਕਾਂ ਦੀਆਂ ਕਾਰਾਂ ਉੱਡ ਗਈਆਂ ਅਤੇ ਹਜ਼ਾਰਾਂ ਘਰਾਂ ਤੇ ਕਾਰੋਬਾਰੀ ਅਦਾਰਿਆਂ ਦੀ ਬਿਜਲੀ ਬੰਦ ਹੋ ਗਈ। ਇਸ ਦੌਰਾਨ ਵਾਪਰੀਆਂ ਘਟਨਾਵਾਂ ’ਚ ਘੱਟੋ ਘੱਟ ਛੇ ਜਣੇ ਜ਼ਖ਼ਮੀ ਹੋ ਗਏ। ਨੁਕਸਾਨ ਬਾਰੇ ਸਪੱਸ਼ਟ ਜਾਣਕਾਰੀ ਉਸ ਸਮੇਂ ਹਾਸਲ ਹੋਈ ਜਦੋਂ ਰਾਜ ਦੀ ਰਾਜਧਾਨੀ ਓਕਲਾਹੋਮਾ ਸ਼ਹਿਰ ’ਚ ਰਾਤ ਭਰ ਆਏ ਭਿਆਨਕ ਤੂਫਾਨ ਮਗਰੋਂ ਦਿਨ ਚੜ੍ਹਿਆ ਅਤੇ ਅਰਕੈਂਸਾਸ ਹੱਦ ਵੱਲ ਵੱਧ ਰਹੇ ਵਾਵਰੋਲੇ ਬਾਰੇ ਚਿਤਾਵਨੀ ਦਿੱਤੀ ਗਈ। ਸਥਾਨਕ ਟੈਲੀਵਿਜ਼ਨ ਫੁਟੇਜ ’ਚ ਬਿਜਲੀ ਦੀਆਂ ਡਿੱਗੀਆਂ ਹੋਈਆਂ ਲਾਈਨਾਂ, ਘਰਾਂ ਦੀਆਂ ਡਿੱਗੀਆਂ ਹੋਈਆਂ ਕੰਧਾਂ, ਪਲਟੇ ਹੋਏ ਵਾਹਨ ਤੇ ਮਲਬੇ ਨਾਲ ਭਰੀਆਂ ਸੜਕਾਂ ਦਿਖਾਈ ਦੇ ਰਹੀਆਂ ਸਨ।

## ਸਾਈਬਰ ਰਿਪੋਰਟ: ਕੈਨੇਡਾ ਨੇ ਭਾਰਤ ਨੂੰ ਦੁਸ਼ਮਣ ਦੇਸ਼ਾਂ ਦੀ ਸੂਚੀ ’ਚ ਪਾਇਆ

**ਓਟਵਾ:** ਭਾਰਤ ਤੇ ਕੈਨੇਡਾ ਦਰਮਿਆਨ ਚੱਲ ਰਹੇ ਵਿਵਾਦ ਦੇ ਦਰਮਿਆਨ ਕੈਨੇਡਾ ਨੇ ਪਹਿਲੀ ਵਾਰ ਭਾਰਤ ਨੂੰ ਸਾਈਬਰ ਧਮਕੀ ਵਿਰੋਧੀਆਂ ਦੀ ਸੂਚੀ ਵਿਚ ਸ਼ਾਮਲ ਕੀਤਾ ਹੈ। ਕੈਨੇਡਾ ਨੇ ਨਾਲ ਹੀ ਸੁਝਾਅ ਵੀ ਦਿੱਤਾ ਹੈ ਕਿ ਭਾਰਤ ਦੀ ਪੁਸ਼ਤਪਨਾਹੀ ਵਾਲੇ ਸਮਾਗਮਾਂ ਵਿਚ ਕੈਨੇਡਾ ਖ਼ਿਲਾਫ਼ ਜਾਸੂਸੀ ਕੀਤੀ ਜਾ ਰਹੀ ਹੈ।



ਨੈਸ਼ਨਲ ਸਾਈਬਰ ਥਰੈੱਟ ਅਸੈਸਮੈਂਟ 2025-2026 (ਐਨ.ਸੀ.ਟੀ.ਏ. 2025-2026) ਰਿਪੋਰਟ ਵਿਚ ਚੀਨ, ਰੂਸ, ਈਰਾਨ ਅਤੇ ਉੱਤਰੀ ਕੋਰੀਆ ਤੋਂ ਬਾਅਦ ਭਾਰਤ ਦਾ ਨਾਮ ਪੰਜਵੇਂ ਨੰਬਰ ’ਤੇ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ ਭਾਰਤ ਦੀ ਪੁਸ਼ਤਪਨਾਹੀ ਨਾਲ ਕਰਵਾਏ ਜਾਣ ਵਾਲੇ ਸਮਾਗਮਾਂ ਵਿਚ ਸੰਭਵ ਤੌਰ ’ਤੇ ਕੈਨੇਡਾ ਸਰਕਾਰ ਦੀ ਜਾਸੂਸੀ ਕੀਤੀ ਜਾ ਰਹੀ ਹੈ ਤੇ ਉਨ੍ਹਾਂ ਦੇ ਦੇਸ਼ ਖ਼ਿਲਾਫ਼ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ।

ਐਨ.ਸੀ.ਟੀ.ਏ. 2025-2026 ਰਿਪੋਰਟ ਕੈਨੇਡਾ ਵਿਚ ਸਾਈਬਰ ਖ਼ਤਰਿਆਂ ਦਾ ਮੁਲਾਂਕਣ ਕਰਦੀ ਹੈ ਤੇ ਇਸ ਰਿਪੋਰਟ ਨੂੰ 30 ਅਕਤੂਬਰ ਨੂੰ ਕੈਨੇਡੀਅਨ ਸੈਂਟਰ ਫਾਰ ਸਾਈਬਰ ਸਕਿਓਰਿਟੀ (ਸਾਈਬਰ ਸੈਂਟਰ) ਵੱਲੋਂ ਜਾਰੀ ਕੀਤਾ ਗਿਆ ਸੀ। ਇਹ ਮੁਲਾਂਕਣ ਰਿਪੋਰਟ ਹਰ ਦੋ ਸਾਲ ਬਾਅਦ ਜਾਰੀ ਕੀਤੀ ਜਾਂਦੀ ਹੈ।

## ਝਾਰਖੰਡ ’ਚ ਸਾਂਝਾ ਸਿਵਲ ਕੋਡ ਲਾਗੂ ਕਰੇਗੀ ਭਾਜਪਾ: ਸ਼ਾਹ

**ਰਾਂਚੀ:** ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਐਲਾਨ ਕੀਤਾ ਕਿ ਜੇਕਰ ਭਾਜਪਾ ਝਾਰਖੰਡ ਵਿਚ ਸੱਤਾ ’ਚ ਆਈ ਤਾਂ ਸੂਬੇ ਵਿਚ ਸਾਂਝਾ ਸਿਵਲ ਕੋਡ (ਯੂ.ਸੀ.ਸੀ.) ਲਾਗੂ ਕੀਤੀ ਜਾਵੇਗੀ ਪਰ ਜਨਜਾਤੀ ਭਾਈਚਾਰਿਆਂ ਨੂੰ ਇਸ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਵੇਗਾ। ਸ਼ਾਹ ਨੇ ਝਾਰਖੰਡ ਵਿਚ ਆਗਾਮੀ ਵਿਧਾਨ ਸਭਾ ਚੋਣਾਂ ਲਈ ਭਾਜਪਾ ਦਾ ਚੋਣ ਮੈਨੀਫੈਸਟੋ ‘ਸੰਕਲਪ ਪੱਤਰ’ ਜਾਰੀ ਕਰਦੇ ਹੋਏ ਐਲਾਨ ਕੀਤਾ ਕਿ ਸੂਬੇ ਵਿੱਚ ਉਦਯੋਗਾਂ ਤੇ ਖਦਾਨਾਂ ਕਰ ਕੇ ਉੱਜੜੇ ਹੋਏ ਲੋਕਾਂ ਦਾ ਪੁਨਰਵਾਸ ਯਕੀਨੀ ਬਣਾਉਣ ਲਈ ਵਿਸਥਾਪਨ ਕਮਿਸ਼ਨ ਦਾ ਗਠਨ ਕੀਤਾ ਜਾਵੇਗਾ।

ਸ਼ਾਹ ਨੇ ਰਾਂਚੀ ਵਿਚ ਕਿਹਾ, “ਸਾਡੀ ਸਰਕਾਰ ਝਾਰਖੰਡ ਵਿਚ ਸਾਂਝਾ ਸਿਵਲ ਕੋਡ ਲਾਗੂ ਕਰੇਗੀ ਪਰ ਜਨਜਾਤੀ ਭਾਈਚਾਰਿਆਂ ਨੂੰ ਇਸ ਦੇ ਦਾਇਰੇ ਤੋਂ ਬਾਹਰ ਰੱਖਿਆ ਜਾਵੇਗਾ।” ਉਨ੍ਹਾਂ ਕਿਹਾ, “ਜੇਕਰ ਭਾਜਪਾ ਝਾਰਖੰਡ ਵਿਚ ਸੱਤਾ ’ਚ ਆਉਂਦੀ ਹੈ ਤਾਂ ਉਹ ‘ਸਰਨਾ ਧਰਮ ਕੋਡ’ ਦੇ ਮੁੱਦੇ ’ਤੇ ਵਿਚਾਰ ਕਰੇਗੀ ਅਤੇ ਉਚਿਤ ਫੈਸਲਾ ਲਵੇਗੀ। ਸ਼ਾਹ ਨੇ ਕਿਹਾ ਕਿ ਜੇਕਰ ਪਾਰਟੀ ਸੱਤਾ ਵਿਚ ਆਈ ਤਾਂ ਝਾਰਖੰਡ ’ਚ 2.87 ਲੱਖ ਸਰਕਾਰੀ ਨੌਕਰੀਆਂ ਸਣੇ ਰੁਜ਼ਗਾਰ ਦੇ ਪੰਜ ਲੱਖ ਮੌਕੇ ਪੈਦਾ ਕੀਤੇ ਜਾਣਗੇ। ਝਾਰਖੰਡ ਵਿਚ ਪ੍ਰਸ਼ਨ ਪੱਤਰ ਲੀਕ ਦੀ ਸੀ.ਬੀ.ਆਈ. ਅਤੇ ਵਿਸ਼ੇਸ਼ ਜਾਂਚ ਟੀਮ ਤੋਂ ਜਾਂਚ ਕਰਵਾਈ ਜਾਵੇਗੀ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿੱਤੀਆਂ ਜਾਣਗੀਆਂ।

## ਸਪੇਨ ਵਿਚ ਹੜ੍ਹਾਂ ਕਾਰਨ 213 ਜਾਨਾਂ ਗਈਆਂ

**ਮੈਡਰਿਡ:** ਪੂਰਬੀ ਸਪੇਨ ਵਿਚ ਮੋਹਲੇਧਾਰ ਮੀਂਹ ਮਗਰੋਂ ਅਚਾਨਕ ਆਏ ਹੜ੍ਹਾਂ ਕਾਰਨ ਉਸ ਦੇ ਰਾਹ ’ਚ ਆਇਆ ਹਰ ਕੋਈ ਕੁਝ ਹੀ ਪਲਾਂ ’ਚ ਰੁੜ੍ਹ ਗਿਆ। ਲੋਕਾਂ ਦੇ ਪੱਲੇ ਕੁਝ ਨਹੀਂ ਪਿਆ ਅਤੇ ਉਹ ਵਾਹਨਾਂ, ਘਰਾਂ ਅਤੇ ਆਪਣੇ ਕੰਮ-ਧੰਦਿਆਂ ’ਤੇ ਫਸੇ ਰਹਿ ਗਏ। ਹੜ੍ਹਾਂ ਕਾਰਨ ਹੁਣ ਤੱਕ 213 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਜਿਨ੍ਹਾਂ ’ਚੋਂ ਜ਼ਿਆਦਾਤਰ ਪੀੜਤ ਪੂਰਬੀ ਵੈਲੇਂਸੀਆ ਖ਼ਿੱਤੇ ਨਾਲ ਸਬੰਧਤ ਹਨ।

ਅਧਿਕਾਰੀ ਹਾਲੇ ਵੀ ਕਈ ਲਾਪਤਾ ਲੋਕਾਂ ਦੀ ਭਾਲ ਕਰ ਰਹੇ ਹਨ। ਬਹੁਤੀਆਂ ਥਾਵਾਂ ’ਤੇ ਪਾਣੀ ਅਤੇ ਬਿਜਲੀ ਸਪਲਾਈ ਠੱਪ ਹੈ ਅਤੇ ਘਰਾਂ, ਸੜਕਾਂ ਤੇ ਗਲੀਆਂ ’ਚ ਗਾਰ ਅਤੇ ਮਲਬਾ ਫੈਲਿਆ ਹੋਇਆ ਹੈ। ਹਜ਼ਾਰਾਂ ਵਾਲੰਟੀਅਰ ਮਲਬੇ ਨੂੰ ਸਾਫ਼ ਕਰਨ ’ਚ ਜੁਟੇ ਹੋਏ ਹਨ। ਸਪੇਨ ਦੀ ਕੌਮੀ ਮੌਸਮ ਸੇਵਾ ਨੇ ਕਿਹਾ ਕਿ ਚੀਵਾ ’ਚ ਅੱਠ ਘੰਟੇ ਐਨਾ ਮੀਂਹ ਪਿਆ ਜਿੰਨਾ ਪਿਛਲੇ 20 ਮਹੀਨਿਆਂ ’ਚ ਨਹੀਂ ਪਿਆ ਹੋਵੇਗਾ। ਮਾਹਿਰਾਂ ਮੁਤਾਬਕ ਸਪੇਨ ’ਚ 2022 ਅਤੇ 2023 ’ਚ ਸੋਕਾ ਪਿਆ ਸੀ ਜਿਸ ਮਗਰੋਂ ਮੌਸਮ ’ਚ ਅਚਾਨਕ ਵਿਗਾੜ ਪੈਦਾ ਹੋਇਆ। ਉਨ੍ਹਾਂ ਕਿਹਾ ਕਿ ਵਾਤਾਵਰਨ ਬਦਲਾਅ ਕਾਰਨ ਸੋਕੇ ਅਤੇ ਹੜ੍ਹਾਂ ਵਰਗੇ ਹਾਲਾਤ ਲਗਾਤਾਰ ਵੱਧ ਰਹੇ ਹਨ। ਪ੍ਰਧਾਨ ਮੰਤਰੀ ਪੈਡਰੋ ਸਾਂਚੇਜ਼ ਨੇ ਰਾਹਤ ਅਤੇ ਬਚਾਅ ਕਾਰਜਾਂ ਲਈ 5 ਹਜ਼ਾਰ ਤੋਂ ਵੱਧ ਜਵਾਨਾਂ ਨੂੰ ਤਾਇਨਾਤ ਕਰਨ ਦਾ ਐਲਾਨ ਕੀਤਾ ਹੈ। ਸਾਂਚੇਜ਼ ਨੇ ਕਿਹਾ ਕਿ ਸਰਕਾਰ ਵੈਲੇਂਸੀਆ ਖ਼ਿੱਤੇ ’ਚ 5 ਹਜ਼ਾਰ ਤੋਂ ਵੱਧ ਪੁਲਿਸ ਅਧਿਕਾਰੀਆਂ ਨੂੰ ਵੀ ਭੇਜੇਗੀ।



## ਚੀਨ ਨੇ ਜਨਮ ਦਰ ਵਧਾਉਣ ਲਈ ਨਵੇਂ ਉਪਰਾਲੇ ਐਲਾਨੇ

**ਪੇਈਚਿੰਗ:** ਚੀਨ ਨੇ ਡਿੱਗਦੀ ਜਨਮ ਦਰ ਨਾਲ ਨਜਿੱਠਣ ਲਈ ਜੋੜਿਆਂ ਨੂੰ ਵਧੇਰੇ ਬੱਚੇ ਪੈਦਾ ਕਰਨ ਵਾਸਤੇ ਪ੍ਰੇਰਨ ਦੇ ਇਰਾਦੇ ਨਾਲ ਚਾਈਲਡਕੇਅਰ ਸਬਸਿਡੀ ਪ੍ਰਬੰਧ ਤੇ ਮਾਪਿਆਂ ਲਈ ਟੈਕਸ ਵਿਚ ਕਟੌਤੀ ਜਿਹੇ ਨਵੇਂ ਉਪਰਾਲਿਆਂ ਦਾ ਐਲਾਨ ਕੀਤਾ ਹੈ। ਕੇਂਦਰੀ ਕੈਬਨਿਟ ਜਾਂ ਸਟੇਟ ਕੌਂਸਲ ਵੱਲੋਂ ਜਾਰੀ ਹਦਾਇਤਾਂ ’ਚ 13 ਉਪਰਾਲਿਆਂ ਦਾ ਖਰੜਾ ਤਿਆਰ ਕੀਤਾ ਗਿਆ ਹੈ, ਜਿਸ ਨਾਲ ਚਾਈਲਡਕੇਅਰ ਸਪੋਰਟ ਸੇਵਾਵਾਂ; ਸੰਭਾਲ ਪ੍ਰਬੰਧ ਦਾ ਘੇਰਾ ਵਧਾਉਣ ਤੇ ਰੁਜ਼ਗਾਰ ਜਿਹੇ ਖੇਤਰ ਮਜ਼ਬੂਤ ਕਰਨ ’ਚ ਮਦਦ ਮਿਲੇਗੀ।

## ਅਨਮੋਲ ਬਿਸ਼ਨੋਈ ਦੀ ਹਵਾਲਗੀ ਦਾ ਪ੍ਰਸਤਾਵ ਗ੍ਰਹਿ ਮੰਤਰਾਲੇ ਨੂੰ ਭੇਜਿਆ

**ਮੁੰਬਈ:** ਮੁੰਬਈ ਪੁਲਿਸ ਨੇ ਜੇਲ੍ਹ ਵਿਚ ਬੰਦ ਗੈਂਗਸਟਰ ਲਾਰੈਂਸ ਬਿਸ਼ਨੋਈ ਦੇ ਛੋਟੇ ਭਰਾ ਅਨਮੋਲ ਬਿਸ਼ਨੋਈ ਦੀ ਹਵਾਲਗੀ ਦਾ ਪ੍ਰਸਤਾਵ ਗ੍ਰਹਿ ਮੰਤਰਾਲੇ ਨੂੰ ਭੇਜਿਆ ਹੈ। ਅਨਮੋਲ, ਰਾਸ਼ਟਰਵਾਦੀ ਕਾਂਗਰਸ ਪਾਰਟੀ (ਐਨ.ਸੀ.ਪੀ.) ਆਗੂ ਅਤੇ ਸਾਬਕਾ ਵਿਧਾਇਕ ਬਾਬਾ ਸਿੱਦੀਕੀ ਦੀ ਹੱਤਿਆ ਸਣੇ ਕੁਝ ਚਰਚਿਤ ਮਾਮਲਿਆਂ ਵਿਚ ਨਾਮਜ਼ਦ ਮੁਲਜ਼ਮ ਹੈ। ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਅਮਰੀਕੀ ਅਧਿਕਾਰੀਆਂ ਨੇ ਮੁੰਬਈ ਪੁਲਿਸ ਨੂੰ ਅਨਮੋਲ ਬਿਸ਼ਨੋਈ ਦੇ ਉਨ੍ਹਾਂ ਦੇ ਦੇਸ਼ ਵਿਚ ਹੋਣ ਦੀ ਸੂਚਨਾ ਦਿੱਤੀ, ਜਿਸ ਮਗਰੋਂ ਇਹ ਪ੍ਰਸਤਾਵ ਭੇਜਿਆ ਗਿਆ ਹੈ। ਪਿਛਲੇ ਮਹੀਨੇ ਮੁੰਬਈ ਪੁਲਿਸ ਦੀ ਅਪਰਾਧ ਸ਼ਾਖਾ ਨੇ ਵਿਸ਼ੇਸ਼ ਮਹਾਰਾਸ਼ਟਰ ਸੰਗਠਿਤ ਅਪਰਾਧ ਕੰਟਰੋਲ ਐਕਟ (ਮਕੋਕਾ) ਅਦਾਲਤ ਵਿਚ ਪਟੀਸ਼ਨ ਦਾਇਰ ਕਰ ਕੇ ਕਿਹਾ ਸੀ ਕਿ ਉਹ ਭਗੌੜੇ ਅਪਰਾਧੀ ਅਨਮੋਲ ਬਿਸ਼ਨੋਈ ਦੀ ਹਵਾਲਗੀ ਦੀ ਪ੍ਰਕਿਰਿਆ ਸ਼ੁਰੂ ਕਰਨਾ ਚਾਹੁੰਦੀ ਹੈ। ਉਸ ਨੇ ਅਗਲੀ ਜ਼ਰੂਰੀ ਕਾਰਵਾਈ ਲਈ ਹਲਫ਼ਨਾਮਾ ਦਾਖ਼ਲ ਕੀਤਾ ਸੀ, ਜਿਸ ਨੂੰ ਵਿਸ਼ੇਸ਼ ਅਦਾਲਤ ਨੇ ਸਵੀਕਾਰ ਕਰ ਲਿਆ ਸੀ। ਮੁੰਬਈ ਪੁਲਿਸ ਨੇ ਅਨਮੋਲ ਬਿਸ਼ਨੋਈ ਦੀ ਹਵਾਲਗੀ ਦਾ ਪ੍ਰਸਤਾਵ ਗ੍ਰਹਿ ਮੰਤਰਾਲੇ ਨੂੰ ਭੇਜਿਆ ਹੈ, ਜਿਸ ਨੂੰ ਉੱਥੋਂ ਵਿਦੇਸ਼ ਮੰਤਰਾਲੇ ਨੂੰ ਭੇਜਿਆ ਜਾਵੇਗਾ।



ਲਾਰੈਂਸ ਬਿਸ਼ਨੋਈ ਅਤੇ ਅਨਮੋਲ ਬਿਸ਼ਨੋਈ ਨੂੰ 14 ਅਪਰੈਲ ਨੂੰ ਮੁੰਬਈ ਦੇ ਬਾਂਦਰਾ ਇਲਾਕੇ ਵਿਚ ਬੌਲੀਵੁੱਡ ਅਦਾਕਾਰ ਸਲਮਾਨ ਖਾਨ ਦੇ ਗੈਲੇਕਸੀ ਅਪਾਰਟਮੈਂਟ ਦੇ ਬਾਹਰ ਹੋਈ ਗੋਲੀਬਾਰੀ ਦੀ ਘਟਨਾ ’ਚ ਲੋੜੀਂਦੇ ਮੁਲਜ਼ਮਾਂ ਵਜੋਂ ਨਾਮਜ਼ਦ ਕੀਤਾ ਗਿਆ ਸੀ।

ਵਿੱਕੀ ਗੁਪਤਾ ਤੇ ਸਾਗਰ ਪਾਲ ਨੇ ਇਹ ਗੋਲੀਬਾਰੀ ਕੀਤੀ ਸੀ। ਉਨ੍ਹਾਂ ਨੂੰ ਸੋਨੂੰ ਕੁਮਾਰ ਬਿਸ਼ਨੋਈ, ਮੁਹੰਮਦ ਰਫ਼ੀਕ ਚੌਧਰੀ ਅਤੇ ਹਰਪਾਲ ਸਿੰਘ ਦੇ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਹ ਫਿਲਹਾਲ ਨਿਆਇਕ ਹਿਰਾਸਤ ’ਚ ਹਨ। ਇਕ ਹੋਰ ਮੁਲਜ਼ਮ ਅਨੁਜ ਕੁਮਾਰ ਥਾਪਨ ਨੇ ਪੁਲਿਸ ਹਿਰਾਸਤ ’ਚ ਖ਼ੁਦਕੁਸ਼ੀ ਕਰ ਲਈ ਸੀ। ਸਿੱਦੀਕੀ ਦੀ 12 ਅਕਤੂਬਰ ਨੂੰ ਉਸ ਦੇ ਪੁੱਤਰ ਤੇ ਵਿਧਾਇਕ ਜ਼ੀਸ਼ਾਨ ਸਿੱਦੀਕੀ ਦੇ ਦਫ਼ਤਰ ਕੋਲ ਤਿੰਨ ਵਿਅਕਤੀਆਂ ਨੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਸੀ।

# ਯੂਬਾ ਸਿਟੀ ਨਗਰ ਕੀਰਤਨ ਵਿਚ ਸੰਗਤਾਂ ਦਾ ਰਿਕਾਰਡ ਤੋੜ ਇਕੱਠ

ਯੂਬਾ ਸਿਟੀ (ਕੈਲੇਫੋਰਨੀਆ) ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਉਲੀਕਿਆ ਇਸ ਸਾਲ ਦਾ ਨਗਰ



ਕੀਰਤਨ ਸਫਲਤਾ ਸਹਿਤ ਸੰਪੂਰਨ ਹੋਇਆ, ਜਿਸ ਵਿਚ ਪ੍ਰਬੰਧਕ ਸੇਵਾਦਾਰਾਂ, ਲੰਗਰ ਸੇਵਾਦਾਰਾਂ ਅਤੇ ਸੰਗਤ ਦਾ ਅਥਾਹ ਯੋਗਦਾਨ ਰਿਹਾ।

**ਮੁੱਖ ਝਲਕੀਆਂ:**

-ਸਾਰਾ ਹਫਤਾ ਗੁਰਬਾਣੀ ਕਥਾ, ਕੀਰਤਨ, ਢਾਡੀ ਵਾਰਾਂ, ਕਵੀਸ਼ਰੀ ਨਾਲ ਸਿੱਖ ਧਰਮ ਅਤੇ ਇਤਿਹਾਸ ਸੰਗਤ ਵਿਚ ਵਰਤਦਾ ਰਿਹਾ, ਜਿਸ ਦੀ ਸਿਖਰ ਨਗਰ ਕੀਰਤਨ ਮੌਕੇ ਮੁੱਖ ਫਲੋਟ ਤੋਂ ਹੋ ਰਿਹਾ ਰਸ-ਭਿੰਨਾ ਕੀਰਤਨ ਸੀ।

-ਖਾਲਿਸਤਾਨ ਅਤੇ ਭਾਰਤੀ ਹਿੰਸਾ ਦੀ ਗੱਲ ਹਰੇਕ ਜ਼ੁਬਾਨ 'ਤੇ ਸੀ। ਸਿੱਖਸ ਫਾਰ ਜਸਟਿਸ, ਅਕਾਲੀ ਦਲ ਅੰਮ੍ਰਿਤਸਰ ਅਤੇ ਹੋਰ ਜਥੇਬੰਦੀਆਂ ਨੇ ਆਜ਼ਾਦੀ ਦੀ ਗੱਲ ਬਹੁਤ ਵੱਡੇ ਪੱਧਰ 'ਤੇ ਕੀਤੀ।

-ਨਗਰ ਕੀਰਤਨ 'ਚ ਸ਼ਰਾਰਤ ਬਾਬਤ ਐਫ ਬੀ ਆਈ ਦੀ ਗੁਪਤ ਚੇਤਾਵਨੀ ਜਨਤਕ ਹੋਣ ਮਗਰੋਂ ਲੱਗਦਾ ਸੀ ਕਿ ਸ਼ਾਇਦ ਲੋਕ ਘੱਟ ਹੋਣ, ਪਰ ਸੰਗਤ ਨੇ ਇਸਨੂੰ ਚੁਣੌਤੀ ਵਜੋਂ ਲਿਆ ਤੇ ਬਹੁਤੇ ਇਹੀ ਕਹਿ ਰਹੇ ਸਨ ਕਿ ਆਏ ਹੀ ਇਸ ਲਈ ਹਾਂ ਤਾਂ ਕਿ ਸੁਨੇਹਾ ਜਾਵੇ ਕਿ ਅਸੀਂ ਡਰਦੇ ਨਹੀਂ। ਇਕੱਠ ਪਿਛਲੇ ਸਾਲ ਨਾਲੋਂ ਵੀ ਵੱਧ ਸੀ।

-ਸੁਰੱਖਿਆ ਦੇ ਪ੍ਰਬੰਧ ਇਸ ਵਾਰ ਬਹੁਤ ਸਖ਼ਤ ਸਨ। ਯੂਬਾ ਸਿਟੀ ਪੁਲਿਸ, ਸ਼ੈਰਿਫ, ਸਟੇਟ ਹਾਈਵੇਅ ਪੈਟਰੋਲ, ਸਵੈਟ ਅਤੇ ਐਫ ਬੀ ਆਈ ਦੇ ਬਾਵਰਦੀ ਤੇ ਬਿਨਾ ਵਰਦੀ ਤੋਂ ਸੈਂਕੜੇ ਮੁਲਾਜ਼ਮ ਚੱਪੇ-ਚੱਪੇ ਦੀ ਨਿਗਰਾਨੀ ਕਰ ਰਹੇ ਸਨ। ਅਹਿਮ ਇਮਾਰਤਾਂ 'ਤੇ ਸਨਾਈਪਰ ਡਟੇ ਹੋਏ ਸਨ। ਹੈਲੀਕਾਪਟਰ ਰਾਹੀਂ ਨਗਰ ਕੀਰਤਨ ਦੀ ਨਿਗਰਾਨੀ ਰੱਖੀ ਜਾ ਰਹੀ ਸੀ।

-ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਅਤੇ ਸੂਬਿਆਂ ਤੋਂ ਇਲਾਵਾ ਹਜ਼ਾਰਾਂ ਸੰਗਤਾਂ ਕੈਨੇਡਾ ਤੋਂ ਪੁੱਜੀਆਂ ਸਨ। ਸਰੀ-ਐਬਟਸਫੋਰਡ ਤੋਂ ਵੱਡੀ ਗਿਣਤੀ ਲੋਕ ਪਰਿਵਾਰਾਂ ਸਮੇਤ ਪੁੱਜੇ ਹੋਏ ਸਨ। ਇੰਗਲੈਂਡ ਅਤੇ ਪੰਜਾਬ ਤੋਂ ਵੀ ਕੁਝ ਲੋਕ ਉਚੇਚਾ ਪੁੱਜੇ ਸਨ।

-ਲੰਗਰ ਅਤੇ ਸਾਫ-ਸਫਾਈ ਦੇ ਬਹੁਤ ਪੁਖਤਾ ਇੰਤਜ਼ਾਮ ਸਨ। ਸੰਗਤ ਦਾ ਉਤਸ਼ਾਹ ਵੇਖਿਆਂ ਬਣਦਾ ਸੀ।

***-ਗੁਰਪ੍ਰੀਤ ਸਿੰਘ ਸਹੋਤਾ***

# ਸਿੱਖ, ਸਿੱਖੀ ਤੇ ਭਾਈਚਾਰਾ ਬਨਾਮ ਅਖੌਤੀ ਖਾੜਕੂ

ਜੋ ਕੁਝ ਕੈਨੇਡਾ ਦੇ ਇੱਕ ਮੰਦਰ ਵਿਚ ਹੋਇਆ, ਬਹੁਤ ਮੰਦਭਾਗਾ ਹੋਇਆ। ਮੁਜ਼ਾਹਰਾ ਕਰਨ ਵਾਲੇ ਕੌਣ ਸਨ? ਕੀ ਸੰਬੰਧਿਤ ਵਿਭਾਗਾਂ ਤੋਂ ਆਗਿਆ ਲਈ ਗਈ ਸੀ? ਮੰਦਿਰ ਬਾਹਰ ਰੋਸ-ਮੁਜ਼ਾਹਰਾ ਕਿਉਂ? ਮੰਦਰ ਦੇ ਅੰਦਰ ਕਿਉਂ ਦਾਖਲ ਹੋਏ? ਕੀ ਇਹ ਰਾਜਸੀ ਸ਼ਰਨ ਵਰਗੇ (ਜੋ ਕਿਹਾ ਜਾਂਦੈ) ਨਿੱਜੀ ਮੁੱਦਿਆਂ ਲਈ ਸੀ?...ਵਗੈਰਾ ਤਮਾਮ ਸਵਾਲ ਹਨ।



ਹਾਲ ਦੀ ਘੜੀ ਜੋ ਕੁੱਝ ਸਿੱਖਾਂ ਤੇ ਸਿੱਖੀ ਦੇ ਨਾਂ ਟੋਰਾਂਟੋ (ਬਰੈਂਪਟਨ) ਵਿਚ ਹੋਇਆ ਉਸ ਦੀ ਨਿਖੇਧੀ ਕਰਨ ਦੀ ਲੋੜ ਹੈ ਨਾ ਕਿ ਹਾਸਾ-ਠੱਠਾ ਕਰਨ ਦੀ, ਇਸ ਵਿਚ ਵੀ ਸਿੱਖ, ਸਿੱਖੀ ਅਤੇ ਭਾਈਚਾਰੇ ਦੀ ਭਲਾਈ ਹੈ। ਲੋੜ ਹੈ ਬੰਦੇ ਪਛਾਨਣ ਦੀ ਵੀ ਕਿਉਂਕਿ ਇਹ ਕਾਰਾ ਕੋਈ ਕਿਸੇ ਸਰਕਾਰ ਦੀ ਸ਼ਹਿ ਉੱਤੇ ਵੀ ਕਰ ਸਕਦਾ ਹੈ।

ਟੋਰਾਂਟੋ ਵਿਚ ਨਗਰ ਕੀਰਤਨ ਮੌਕੇ ਕੁਝ ਅਖੌਤੀ ਸਿੱਖ ਨੇਤਾਵਾਂ ਵੱਲੋਂ ਬੇਲੋੜੀ ਖਾਲਿਸਤਾਨੀ ਨਾਹਰੇਬਾਜ਼ੀ ਦੀ ਆਮ ਸਿੱਖ ਨਿੰਦਾ ਕਰਦੇ ਹਨ... ਲੋਕਾਈ ਦਾ ਕਹਿਣਾ ਹੈ ਕਿ ਉਨ੍ਹਾਂ ਦਾ ਅਮਰੀਕਾ/ਕੈਨੇਡਾ ਦੇ ਕਾਨੂੰਨ ਵਿਚ ਵਿਸ਼ਵਾਸ ਹੈ, ਜੇ ਭਾਰਤ ਸਰਕਾਰ ਕੁਝ ਗਲਤ ਕਰਦੀ ਹੈ, ਉਸ ਖ਼ਿਲਾਫ਼ ਸ਼ਾਂਤੀ ਨਾਲ ਵਿਰੋਧ ਕਰੋ ਅਤੇ ਅਮਰੀਕੀ-ਕੈਨੇਡੀਅਨ ਕਾਨੂੰਨ ਉਤੇ ਵਿਸ਼ਵਾਸ ਕਰੋ। ਸਿੱਖਾਂ ਨੂੰ ਸਿੱਖੀ ਦੇ ਨਾਂ 'ਤੇ ਕੁਰਾਹੇ ਪਾਉਣ ਵਾਲੇ ਦਾਨੇ ਦੁਸ਼ਮਣ ਪਛਾਨਣ ਅਤੇ ਬੁੱਕਲ ਦੇ ਸੱਪ ਮਾਰਨ ਦੀ ਲੋੜ ਹੈ।

ਇਸੇ ਦਿਨ ਯੂਬਾ ਸਿਟੀ ਦੇ ਇਤਿਹਾਸਿਕ ਸਿੱਖ ਨਗਰ ਕੀਰਤਨ ਦੀ ਸ਼ਾਮ ਸੀ। ਮਾਣ ਹੈ ਕਿ ਮੇਰੇ ਰਿਸ਼ਤੇਦਾਰ/ਬਜ਼ੁਰਗਾਂ ਅਤੇ ਪਰਿਵਾਰਕ ਦੋਸਤ ਮਿੱਤਰਾਂ ਦੇ ਬਜ਼ੁਰਗਾਂ ਦਾ ਇਸ ਨੂੰ ਚਾਲੂ ਕਰਨ 'ਚ ਮੋਹਰੀ ਰੋਲ ਹੈ। ਨਗਰ ਕੀਰਤਨ ਦੀ ਪਹਿਲੀ ਸ਼ਾਮ ਜੋ ਖਾਲਿਸਤਾਨ ਦੀ ਨਾਹਰੇਬਾਜ਼ੀ ਕੀਤੀ ਉਹ ਸਧਾਰਣ ਸੰਗਤ ਦੀਆਂ ਭਾਵਨਾਵਾਂ ਦੇ ਉਲਟ ਸੀ...ਇਹ ਸੰਗਤ ਦੇ ਹੁੰਗਾਰੇ ਤੋਂ ਸਪਸ਼ਟ ਸੀ। ਸੰਗਤ ਜੁੜੀ ਸੀ ਨਗਰ ਕੀਰਤਨ ਮੌਕੇ ਸ਼ਬਦ-ਕੀਰਤਨ, ਕਥਾ ਤੇ ਸ਼ੁਧ ਸਿੱਖ ਤਵਾਰੀਖ ਸੁਣਨ ਲਈ...ਕੀ ਟੋਰਾਂਟੋ ਅਤੇ ਯੂਬਾ ਸਿਟੀ ਦਾ ਸੰਮੇਲਨ ਸੁਭਾਵਿਕ ਹੈ ਜਾਂ ਕਿਸੇ ਸਾਜ਼ਿਸ਼ ਦਾ ਹਿੱਸਾ ਸੀ, ਗੱਲ ਵਿਚਾਰਨ ਵਾਲੀ ਹੈ। ਅਮਰੀਕਾ ਦੇ ਗੁਰੂ ਘਰ ਜਿਸ ਕਾਨੂੰਨ ਦੇ ਅਧੀਨ ਬਣੇ ਹਨ, ਉਸ ਮੁਤਾਬਿਕ ਗੁਰਦੁਆਰੇ ਅੰਦਰ ਕੋਈ ਰਾਜਸੀ ਸਰਗਰਮੀ ਨਹੀਂ ਹੋ ਸਕਦੀ...ਵੱਖਰਾ ਸਿੱਖ ਰਾਜ ਬਣਾਉਣ ਦੀ ਗੱਲ ਕਰਨਾ ਇੱਕ ਰਾਜਸੀ ਏਜੰਡਾ ਹੈ...ਜੋ ਅਮਰੀਕੀ ਕਾਨੂੰਨ ਮੁਤਾਬਿਕ ਗੁਰੂ ਘਰ ਨਹੀਂ ਹੋ ਸਕਦਾ...ਵੱਖਰਾ ਸਿੱਖ ਰਾਜ ਬਣਾਉਣ ਦੀ ਚਾਹਤ ਰੱਖਣ ਵਾਲਿਆਂ ਦੇ ਅਸੀਂ ਵਿਰੋਧੀ ਨਹੀਂ...ਸ਼ਾਂਤਮਈ ਮੰਗ ਕਰਨ ਵਾਲਿਆਂ ਦੇ ਅਸੀਂ ਹਮਾਇਤੀ ਹਾਂ, ਪਰ ਮੰਗ ਵੀ ਕਰਦੇ ਹਾਂ ਕਿ ਆਪਣਾ ਏਜੰਡਾ ਸਪੱਸ਼ਟ ਕਰਨ?

ਮੈਂ ਗੱਲ ਹੋਰ ਲੰਬੀ ਨਾ ਕਰਦਾ ਹੋਇਆ ਸਪਸ਼ਟ ਕਰਨਾ ਚਾਹੁੰਦਾ ਹਾਂ, ਕਿ ਸਿੱਖ ਭਾਈਚਾਰੇ ਨੂੰ ਪਛਾਣ ਕਰਨੀ ਪਵੇਗੀ ਕਿ ਕਿਹੜੇ ਲੋਕ ਵੱਖਰਾ ਸਿੱਖ ਰਾਜ (ਖਾਲਿਸਤਾਨ) ਬਣਾਉਣਾ ਚਾਹੁੰਦੇ ਹਨ, ਕਿਹੜੇ ਲੋਕ ਭਾਰਤ ਸਰਕਾਰ ਦੀ ਤਨਖਾਹ ਉੱਤੇ ਖਾਲਿਸਤਾਨ ਦੀ ਨਾਹਰੇਬਾਜ਼ੀ ਕਰਦੇ ਹਨ, ਕਿਹੜੇ ਖਾਲਿਸਤਾਨ ਦੇ ਨਾਂ ਉਤੇ ਭਾਰਤ ਸਮੇਤ ਬਹੁ ਦੇਸ਼ ਏਜੰਸੀਆਂ ਦੇ ਏਜੰਟ ਹਨ। —ਇਹ ਸਾਰਾ ਕੁਝ ਇਕ ਲੰਬੇ ਲੇਖ ਅਤੇ ਵਿਚਾਰਾਂ ਦੀ ਮੰਗ ਕਰਦਾ ਹੈ।

***-ਹਰਜਿੰਦਰ ਦੁਸਾਂਝ***

# ਪ੍ਰੋ. ਸੁਹਿੰਦਰ ਬੀਰ ਨੂੰ ਅਜਾਇਬ ਕਮਲ ਯਾਦਗਾਰੀ ਪੁਰਸਕਾਰ

ਪੰਜਾਬੀ ਦੇ ਉੱਘੇ ਸ਼ਾਇਰ ਅਜਾਇਬ ਕਮਲ ਦੇ ਪਿੰਡ ਡਾਂਡੀਆਂ ਜ਼ਿਲ੍ਹਾ ਹੁਸ਼ਿਆਰਪੁਰ ਵਿਖੇ ਉਨ੍ਹਾਂ ਦੀ ਯਾਦ ਵਿਚ ਬੀਤੇ ਦਿਨੀਂ ਕਵੀ ਦਰਬਾਰ ਦਾ ਆਯੋਜਨ ਕੀਤਾ ਗਿਆ। ਅਜਾਇਬ ਕਮਲ ਦੇ ਪਰਿਵਾਰ ਵੱਲੋਂ ਉਨ੍ਹਾਂ ਦੀ ਯਾਦ ਨੂੰ ਤਾਜ਼ਾ ਰੱਖਣ ਲਈ ਹਰ ਸਾਲ ਪੰਜਾਬੀ ਦੇ ਕਿਸੇ ਉੱਘੇ ਸ਼ਾਇਰ ਨੂੰ 'ਅਜਾਇਬ ਕਮਲ ਯਾਦਗਾਰੀ ਪੁਰਸਕਾਰ' ਨਾਲ ਸਨਮਾਨਿਤ ਕੀਤਾ ਜਾਂਦਾ ਹੈ, ਜਿਸ ਵਿਚ ਗਿਆਰਾਂ ਹਜ਼ਾਰ ਦੀ ਰਾਸ਼ੀ ਅਤੇ ਅਜਾਇਬ ਕਮਲ ਦੀਆਂ ਪੁਸਤਕਾਂ ਦਾ ਸੈੱਟ ਸ਼ਾਮਿਲ ਹੁੰਦਾ ਹੈ।



ਇਸ ਸਾਲ ਦਾ ਇਹ ਪੁਰਸਕਾਰ ਪੰਜਾਬੀ ਦੇ ਉੱਘੇ ਸ਼ਾਇਰ ਸੁਹਿੰਦਰ ਬੀਰ ਨੂੰ ਉਨ੍ਹਾਂ ਦੀ ਸਾਹਿਤਕ ਘਾਲਣਾ ਦੇ ਸਿੱਟੇ ਵਜੋਂ ਦਿੱਤਾ ਗਿਆ ਹੈ। ਪ੍ਰੋ. ਸੁਹਿੰਦਰ ਬੀਰ ਅੱਜ-ਕੱਲ੍ਹ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਚ ਅਧਿਆਪਨ ਦਾ ਕਾਰਜ ਕਰ ਰਹੇ ਹਨ।

ਉਹ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਕਵਿਤਾ ਦੀ ਸਿਰਜਣਾ ਅਤੇ ਅਕਾਦਮਿਕ ਸਮੀਖਿਆ ਨਾਲ ਜੁੜੇ ਹੋਏ ਹਨ। ਉਹ ਉੱਘੇ ਸ਼ਾਇਰ ਅਤੇ ਕਵਿਤਾ ਦੇ ਆਲੋਚਕ ਹਨ।

ਉਨ੍ਹਾਂ ਨੇ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ ਦੇ ਥੀਮ ਅਤੇ ਰੂਪ ਬਾਰੇ ਉਚੇਰੀ ਖੋਜ ਕੀਤੀ ਹੈ। ਹੁਣ ਤਕ ਉਨ੍ਹਾਂ ਦੇ 5 ਕਾਵਿ ਸੰਗ੍ਰਹਿ ਵੇਦਨਾ ਦਾ ਸ਼ਿਲਾਲੇਖ, ਤਾਰਾ ਤਾਰਾ ਅੱਥਰੂ, ਹਾੜ੍ਹ ਸਿਆਲ, ਰੁੱਖ, ਦੁੱਖ ਅਤੇ ਮਨੁੱਖ, ਸੋਨ ਸੁਨਹਿਰੀ ਡਲੀਆਂ ਅਤੇ ਕਵਿਤਾ ਨਾਲ ਸੰਬੰਧਿਤ ਆਲੋਚਨਾ ਦੀਆਂ 5 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਇਸਦੇ ਨਾਲ ਹੀ ਉਨ੍ਹਾਂ ਨੇ 'ਇਨਕਲਾਬ ਦਾ ਬਾਨੀ: ਸ਼ਹੀਦ ਭਗਤ ਸਿੰਘ' ਅਤੇ 'ਮਹਾਨ ਸੁਤੰਤਰਤਾ ਸੰਗਰਾਮੀ : ਸ਼ਹੀਦ ਊਧਮ ਸਿੰਘ' ਦੀਆਂ ਜੀਵਨੀਆਂ ਵੀ ਲਿਖੀਆਂ ਹਨ ਜੋ ਵੱਖ-ਵੱਖ ਜਮਾਤਾਂ ਵਿਚ ਵਿਦਿਆਰਥੀਆਂ ਲਈ ਪਾਠਕ੍ਰਮ ਦਾ ਹਿੱਸਾ ਬਣ ਚੁੱਕੀਆਂ ਹਨ। ਅੱਜ-ਕੱਲ੍ਹ ਉਹ ਅਮਰੀਕਾ ਵਿਖੇ ਰਹਿ ਕੇ ਅਮਰੀਕੀ ਪੰਜਾਬੀ ਕਵਿਤਾ ਦੇ ਇਤਿਹਾਸ ਬਾਰੇ ਉਚੇਰੀ ਖੋਜ ਕਰ ਰਹੇ ਹਨ। ਇਸ ਤੋਂ ਇਲਾਵਾ ਕੈਨੇਡਾ ਅਤੇ ਇੰਗਲੈਂਡ ਵਿਚ ਰਚੀ ਗਈ ਕਵਿਤਾ ਬਾਰੇ ਵੀ ਪੀਐੱਚ. ਡੀ ਅਤੇ ਐਮ.ਫ਼ਿਲ ਦੀ ਡਿਗਰੀ ਦੇ ਪੱਧਰ ਦਾ ਖੋਜ ਕਾਰਜ ਕਰਵਾ ਰਹੇ ਹਨ।

# ਅਮਰੀਕਾ ਨੇ 1100 ਭਾਰਤੀ ਡਿਪੋਰਟ ਕੀਤੇ

**ਨਵੀਂ ਦਿੱਲੀ:** ਅਮਰੀਕਾ ਨੇ ਮੁਲਕ ਵਿਚ ਇਕ ਸਾਲ ਤੋਂ ਗ਼ੈਰਕਾਨੂੰਨੀ ਤੌਰ ਉਤੇ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਹੇ 1,100 ਭਾਰਤੀਆਂ ਨੂੰ ਵਤਨ ਵਾਪਸ ਭੇਜਿਆ ਹੈ। ਅਮਰੀਕਾ ਨੇ ਕਿਹਾ ਹੈ ਕਿ ਇਹ ਲੋਕ ਮੈਕਸਿਕੋ ਅਤੇ ਕੈਨੇਡਾ ਰਾਹੀਂ ਮੁਲਕ ਅੰਦਰ ਦਾਖ਼ਲ ਹੋਣਾ ਚਾਹੁੰਦੇ ਸਨ। ਅਮਰੀਕਾ ਮੁਤਾਬਕ ਅਜਿਹੇ ਵਿਅਕਤੀਆਂ 'ਤੇ ਮੁਕੱਦਮਾ ਵੀ ਚਲਾਇਆ ਜਾ ਸਕਦਾ ਹੈ।

ਅਮਰੀਕਾ ਦੇ ਹੋਮਲੈਂਡ ਸਕਿਊਰਿਟੀ ਵਿਭਾਗ 'ਚ ਸਰਹੱਦੀ ਅਤੇ ਇਮੀਗਰੇਸ਼ਨ ਨੀਤੀ ਦੀ ਸਹਾਇਕ ਸਕੱਤਰ ਰੌਇਸ ਬਰਨਸਟੀਨ ਮੱਰੇ ਨੇ ਆਨਲਾਈਨ ਮੀਡੀਆ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ, "ਅਮਰੀਕੀ ਵਿੱਤੀ ਵਰ੍ਹੇ 2024 'ਚ, ਜੋ 30 ਸਤੰਬਰ ਨੂੰ ਖ਼ਤਮ ਹੋਇਆ ਹੈ, ਮੁਲਕ ਨੇ 1,100 ਭਾਰਤੀ ਨਾਗਰਿਕਾਂ ਨੂੰ ਡਿਪੋਰਟ ਕੀਤਾ ਹੈ।" ਮੱਰੇ ਨੇ ਕਿਹਾ ਕਿ ਅਮਰੀਕਾ ਕੋਲ ਇਹ ਦੱਸਣ ਲਈ ਪੂਰਾ ਵੇਰਵਾ ਨਹੀਂ ਹੈ ਕਿ ਡਿਪੋਰਟ ਕੀਤੇ ਵਿਅਕਤੀਆਂ 'ਚੋਂ ਕਿਹੜਾ ਪੰਜਾਬ ਜਾਂ ਕਿਸੇ ਹੋਰ ਸੂਬੇ ਦਾ ਵਸਨੀਕ ਹੈ।

ਉਂਝ ਮੱਰੇ ਨੇ ਕਿਹਾ ਕਿ 22 ਅਕਤੂਬਰ ਨੂੰ ਚਾਰਟਰਡ ਉਡਾਣ ਪੰਜਾਬ ਦੇ ਹਵਾਈ ਅੱਡੇ 'ਤੇ ਉਤਰੀ ਸੀ। ਜਹਾਜ਼ 'ਚ ਕਰੀਬ 100 ਵਿਅਕਤੀ ਸਵਾਰ ਸਨ। ਮੱਰੇ ਨੇ ਕਿਹਾ ਕਿ ਅਮਰੀਕਾ 'ਚੋਂ ਕੱਢੇ ਗਏ ਲੋਕਾਂ 'ਚ ਸਾਰੇ ਬਾਲਗ ਪੁਰਸ਼ ਅਤੇ ਮਹਿਲਾਵਾਂ ਸਨ ਅਤੇ ਉਨ੍ਹਾਂ 'ਚ ਕੋਈ ਵੀ ਬੱਚਾ ਸ਼ਾਮਲ ਨਹੀਂ ਸੀ। ਡਿਪੋਰਟ ਕੀਤੇ 1,100 ਵਿਅਕਤੀਆਂ ਬਾਰੇ ਮੱਰੇ ਨੇ ਕਿਹਾ ਕਿ ਉਹ ਮੈਕਸਿਕੋ ਅਤੇ ਕੈਨੇਡਾ ਦੀ ਸਰਹੱਦ ਰਾਹੀਂ ਗ਼ੈਰਕਾਨੂੰਨੀ ਤੌਰ 'ਤੇ ਅਮਰੀਕਾ 'ਚ ਦਾਖ਼ਲ ਹੋਣਾ ਚਾਹੁੰਦੇ ਸਨ। ਉਨ੍ਹਾਂ ਕੋਲ ਅਮਰੀਕਾ 'ਚ ਰਹਿਣ ਲਈ ਕੋਈ ਕਾਨੂੰਨੀ ਆਧਾਰ ਨਹੀਂ ਸੀ। ਜਿਹੜੇ ਵਿਅਕਤੀ ਵੀਜ਼ੇ ਦੀ ਮਿਆਦ ਪੁੱਗਣ ਮਗਰੋਂ ਵੀ ਮੁਲਕ 'ਚ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਵੀ ਦੇਸ਼ ਨਿਕਾਲਾ ਦਿੱਤਾ ਜਾ ਸਕਦਾ ਹੈ।

ਇਸ ਤੋਂ ਇਲਾਵਾ ਜਿਹੜਾ ਵਿਅਕਤੀ ਜਾਇਜ਼ ਢੰਗ ਨਾਲ ਅਮਰੀਕਾ ਆਇਆ ਹੈ ਪਰ ਗੰਭੀਰ ਜੁਰਮ ਕਰਦਾ ਹੈ ਤਾਂ ਉਸ ਨੂੰ ਵੀ ਮੁਲਕ 'ਚੋਂ ਬਾਹਰ ਕੱਢਿਆ ਜਾ ਸਕਦਾ ਹੈ। ਅਮਰੀਕੀ ਅਧਿਕਾਰੀ ਨੇ ਕਿਹਾ ਕਿ ਚਾਰਟਰਡ ਉਡਾਣਾਂ ਤੋਂ ਇਲਾਵਾ ਲੋਕਾਂ ਨੂੰ ਕਮਰਸ਼ੀਅਲ ਜਹਾਜ਼ਾਂ ਰਾਹੀਂ ਵੀ ਵਤਨ ਵਾਪਸ ਭੇਜਿਆ ਜਾਂਦਾ ਹੈ।

# ਪੰਜਾਬ ਵਿਚ ਜ਼ਿਮਨੀ ਚੋਣਾਂ ਦੀ ਤਾਰੀਕ ਬਦਲੀ

**ਚੰਡੀਗੜ੍ਹ:** ਪੰਜਾਬ ਸਮੇਤ ਹੋਰ ਰਾਜਾਂ ਵਿਚ 13 ਨਵੰਬਰ ਨੂੰ ਹੋਣ ਵਾਲੀਆਂ ਜ਼ਿਮਨੀ ਚੋਣਾਂ ਦੀ ਤਾਰੀਕ ਵਿਚ ਵਿਚ ਬਦਲਾਅ ਕੀਤੇ ਗਏ ਹਨ। ਭਾਰਤੀ ਚੋਣ ਕਮਿਸ਼ਨ ਨੇ ਪੰਜਾਬ, ਉੱਤਰ ਪ੍ਰਦੇਸ਼ ਅਤੇ ਕੇਰਲ ਵਿਚ ਤਿਉਹਾਰਾਂ ਦੇ ਮੱਦੇਨਜ਼ਰ 13 ਨਵੰਬਰ ਦੀ ਤਾਰੀਕ ਬਦਲ ਕੇ ਵੋਟਾਂ ਪੈਣ ਦੀ ਮਿਤੀ 20 ਨਵੰਬਰ ਤੈਅ ਕੀਤੀ ਹੈ।

ਦੱਸਣਯੋਗ ਹੈ ਕਿ ਉੱਤਰ ਪ੍ਰਦੇਸ਼ ਵਿਚ 9, ਪੰਜਾਬ ਵਿਚ 4 ਅਤੇ ਕੇਰਲ ਵਿਚ ਇਕ ਵਿਧਾਨ ਸਭਾ ਸੀਟ ਦੀ ਜ਼ਿਮਨੀ ਚੋਣ ਲਈ ਵੋਟਾਂ ਪੈਣ ਜਾ ਰਹੀਆਂ ਹਨ। ਇਨ੍ਹਾਂ ਵਿਚ ਪੰਜਾਬ ਦੇ ਚਾਰ ਵਿਧਾਨ ਸਭਾ ਹਲਕੇ ਗਿੱਦੜਬਾਹਾ, ਬਰਨਾਲਾ, ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਸ਼ਾਮਲ ਹਨ। ਕਾਂਗਰਸ, ਭਾਜਪਾ, ਬਸਪਾ ਅਤੇ ਆਰ.ਐਲ.ਡੀ. ਸਮੇਤ ਵੱਖ-ਵੱਖ ਪਾਰਟੀਆਂ ਨੇ ਵੱਖ-ਵੱਖ ਤਿਉਹਾਰਾਂ ਦੇ ਮੱਦੇਨਜ਼ਰ ਚੋਣਾਂ ਦੀ ਤਾਰੀਖ ਮੁੜ ਤੈਅ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਸੀ ਕਿ ਇਸ ਨਾਲ ਵੋਟਰਾਂ ਦੀ ਗਿਣਤੀ ਪ੍ਰਭਾਵਿਤ ਹੋ ਸਕਦੀ ਹੈ।

ਕਾਂਗਰਸ ਪਾਰਟੀ ਨੇ ਕਿਹਾ ਸੀ ਕਿ ਕੇਰਲ ਦੀ ਪਲੱਕੜ ਵਿਧਾਨ ਸਭਾ ਸੀਟ 'ਤੇ ਵੋਟਰਾਂ ਦਾ ਵੱਡਾ ਹਿੱਸਾ 13 ਤੋਂ 15 ਨਵੰਬਰ ਤੱਕ ਕਲਪਥੀ ਰਾਸਤੋਲਸਵਮ ਦਾ ਤਿਉਹਾਰ ਮਨਾਏਗਾ। ਪੰਜਾਬ ਵਿਚ ਪਾਰਟੀ ਨੇ ਕਿਹਾ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ 555ਵਾਂ ਪ੍ਰਕਾਸ਼ ਪੁਰਬ 15 ਨਵੰਬਰ ਨੂੰ ਮਨਾਇਆ ਜਾਵੇਗਾ ਅਤੇ 13 ਨਵੰਬਰ ਤੋਂ 'ਸ੍ਰੀ ਅਖੰਡ ਪਾਠ' ਆਰੰਭ ਕਰਵਾਏ ਜਾਣਗੇ।

# ਲਹਿੰਦੇ ਪੰਜਾਬ ਦੇ ਸਕੂਲਾਂ ਵਿਚ ਲਾਜ਼ਮੀ ਪੰਜਾਬੀ ਪੜ੍ਹਾਉਣ ਦਾ ਮਤਾ ਹੋਇਆ ਪਾਸ

**ਲਾਹੌਰ (ਇਲਿਆਸ ਘੁੰਮਣ):** 29 ਅਕਤੂਬਰ ਨੂੰ ਪੰਜਾਬ ਅਸੰਬਲੀ ਲਾਹੌਰ ਨੇ ਲਹਿੰਦੇ ਪੰਜਾਬ ਦੇ ਸਾਰੇ ਸਕੂਲਾਂ ਵਿਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਪੜਾਉਣ ਦਾ ਮਤਾ ਸਰਬ ਸਹਿਮਤੀ ਨਾਲ ਪਾਸ ਕਰ ਦਿੱਤਾ। ਇਸ ਇਤਿਹਾਸਕ ਮਤੇ ਨੂੰ ਅਸੰਬਲੀ ਵਿਚ ਪੇਸ਼ ਕਰਨ ਦਾ ਸ਼ੁਭ ਉਪਰਾਲਾ ਅਮਜਦ ਅਲੀ ਜਾਵੇਦ ਐਮ.ਪੀ.ਏ ਨੇ ਕੀਤਾ ਅਤੇ ਸਾਰੇ ਮੈਂਬਰਾਂ ਦੀ ਸਹਿਮਤੀ ਉਪਰੰਤ ਪੰਜਾਬ ਅਸੰਬਲੀ ਸਪੀਕਰ ਮਲਿਕ ਮੁਹੰਮਦ ਖਾਨ ਨੇ ਇਸ ਦੇ ਪਾਸ ਹੋਣ ਦੀ ਘੋਸ਼ਣਾ ਕੀਤੀ। ਚੇਤੇ ਰਹੇ ਕਿ 371 ਕੁਲ ਮੈਂਬਰਾਂ ਦੀ ਇਸ ਅਸੰਬਲੀ ਵਿਚ ਵਿਰੋਧੀ ਧੜੇ ਦੇ ਵੀ 108 ਮੈਂਬਰ ਸ਼ਾਮਲ ਸਨ, ਪਰ ਕਿਸੇ ਇਕ ਮੈਂਬਰ ਨੇ ਵੀ ਇਸ ਪ੍ਰਸਤਾਵ ਦੀ ਵਿਰੋਧਤਾ ਨਹੀਂ ਕੀਤੀ।



ਅਮਜਦ ਅਲੀ ਜਾਵੇਦ

ਇਸ ਮਤੇ ਦੀ ਮਨਜ਼ੂਰੀ ਨਾਲ ਲਹਿੰਦੇ ਪੰਜਾਬ ਦੇ 12,880 ਪ੍ਰਾਈਮਰੀ, 2,670 ਮਿਡਲ, 1,738 ਹਾਈ ਅਤੇ 1,908 ਸੀਨੀਅਰ ਸੈਕੰਡਰੀ ਸਕੂਲਾਂ ਵਿਚ ਲਾਜ਼ਮੀ ਪੰਜਾਬੀ ਪੜ੍ਹਾਉਣ ਦਾ ਰਾਹ ਖੁੱਲ ਗਿਆ ਹੈ।

ਲਹਿੰਦੇ ਪੰਜਾਬ ਦੇ ਸਕੂਲਾਂ ਵਿਚ ਲਾਜ਼ਮੀ ਪੰਜਾਬੀ ਸਿੱਖਿਆ ਸ਼ੁਰੂ ਕਰਵਾਉਣ ਦਾ ਮਤਾ ਪੇਸ਼ ਕਰਨ ਵਾਲੇ ਜਨਾਬ ਅਮਜਦ ਅਲੀ ਜਾਵੇਦ 2024 ਦੀਆਂ ਆਮ ਚੋਣਾਂ ਵਿਚ ਮੁਸਲਿਮ ਲੀਗ ਨਵਾਜ਼ ਦੀ ਟਿਕਟ 'ਤੇ ਟੋਭਾ ਟੇਕ ਸਿੰਘ ਤੋਂ ਜਿੱਤੇ ਸਨ। ਲਹਿੰਦੇ ਪੰਜਾਬ ਦੇ ਇਸ ਹਲਕੇ 121 ਵਿਚ ਵਧੇਰੇ ਉਹ ਪੇਂਡੂ ਵੋਟਰ ਮੌਜੂਦ ਹਨ, ਜਿਹੜੇ 1947 ਦੀ ਵੰਡ ਸਮੇਂ ਚੜ੍ਹਦੇ ਪੰਜਾਬ ਤੋਂ ਉਠ ਕੇ ਇੱਧਰ ਆ ਵਸੇ ਸਨ।

ਇਸ ਮਤੇ ਨੂੰ ਪਾਸ ਕਰਵਾਉਣ ਵਿਚ ਸਹਾਇਤਾ ਦੇਣ ਵਾਲੇ ਪੰਜਾਬ ਅਸੰਬਲੀ ਦੇ ਸਪੀਕਰ ਜਨਾਬ ਮਲਿਕ ਮੁਹੰਮਦ ਖਾਨ ਦਾ ਸਬੰਧ ਕਸੂਰ ਸ਼ਹਿਰ ਨਾਲ ਹੈ ਅਤੇ ਉਹ ਮਹਾਨ ਪੰਜਾਬੀ ਸੂਫੀ ਕਵੀ ਬੁਲ੍ਹੇ ਸ਼ਾਹ ਦੇ ਮੁਰੀਦ ਹਨ।

ਪਾਕਿਸਤਾਨ ਬਣਨ ਦੇ ਬਾਅਦ ਹੀ ਲਹਿੰਦੇ ਪੰਜਾਬ ਵਿਚ ਪੰਜਾਬੀ ਮਾਂ ਬੋਲੀ ਨੂੰ ਹਰ ਖੇਤਰ ਵਿਖੇ ਉਹਦਾ ਬਣਦਾ ਸਥਾਨ ਦਿਵਾਉਣ ਦੀ ਲਹਿਰ ਸ਼ੁਰੂ ਹੋ ਗਈ ਸੀ।

ਇਸ ਸੰਘਰਸ਼ ਦੇ ਮੋਹਰੀਆਂ ਨੂੰ ਵੀ ਵਿਸ਼ੇਸ਼ ਤੌਰ 'ਤੇ ਪੰਜਾਬ ਅਸੰਬਲੀ ਵਿਚ ਇਹ ਇਤਿਹਾਸਕ ਮਤਾ ਪਾਸ ਕਰਨ ਦੀ ਕਾਰਵਾਈ ਅੱਖੀਂ ਵੇਖਣ ਲਈ ਬੁਲਾਇਆ ਗਿਆ ਸੀ। ਮੇਰੇ ਨਾਲ ਪੰਜਾਬ ਅਸੰਬਲੀ ਦੀ ਗੈਲਰੀ ਵਿਚ ਬੈਠਣ ਵਾਲੇ ਹੋਰ ਪੰਜਾਬੀ ਪਿਆਰਿਆਂ ਵਿਚ ਮੁਦਸਰ ਇਕਬਾਲ ਬੱਟ, ਪ੍ਰੋ. ਤਾਰਿਕ ਜਤਾਲਾ, ਡਾ ਜਮੀਲ ਅਹਿਮਦ ਪਾਲ, ਅਮਜਦ ਸਲੀਮ ਮਿਨਹਾਸ, ਦੀਪ ਸਈਦ, ਅਹਿਮਦ ਰਜਾ ਵੱਟੂ, ਅਫਜ਼ਲ ਸਾਹਿਰ, ਰਾਜਾ ਜਹਾਂਗੀਰ ਐਡਵੋਕੇਟ, ਆਤਿਸ਼ ਕਿਆਨੀ, ਕਰਾਮਤ ਮੁਗਲ, ਪ੍ਰੋ ਏਜਾਜ, ਜਮੀਲ ਫਰੀਦੀ ਕੁਰੈਸ਼ੀ, ਬਿਲਾਲ ਮੁਦਸਰ ਬੱਟ ਅਤੇ ਹੋਰ ਉਘੇ ਪੰਜਾਬੀ ਸੇਵਕ ਸ਼ਾਮਲ ਸਨ।

ਪੰਜਾਬ ਟਾਈਮਜ਼

ਸ਼ਨਿਚਰਵਾਰ, 9 ਨਵੰਬਰ, 2024

# ਵਧਦਾ ਤਣਾਅ ਅਤੇ ਆਮ ਲੋਕ

*ਕੈਨੇਡਾ ਦੇ ਸ਼ਹਿਰ ਬਰੈਂਪਟਨ ਵਿਚ ਜੋ ਘਟਨਾ ਸਾਹਮਣੇ ਆਈ ਹੈ, ਉਸ ਨੇ ਭਾਰਤ ਅਤੇ ਕੈਨੇਡਾ ਦੇ ਰਿਸ਼ਤਿਆਂ ਵਿਚ ਤਾਂ ਹੋਰ ਤਣਾਅ ਲਿਆਂਦਾ ਹੀ ਹੈ, ਇਸ ਨੇ ਦੋ ਫਿਰਕਿਆਂ ਵਿਚਕਾਰ ਪੈ ਰਿਹਾ ਪਾੜਾ ਵੀ ਉਜਾਗਰ ਕਰ ਦਿੱਤਾ ਹੈ। ਪਿਛਲੇ ਕੁਝ ਸਮੇਂ ਤੋਂ ਇਹ ਖਬਰਾਂ ਲਗਾਤਾਰ ਆ ਰਹੀਆਂ ਹਨ ਕਿ ਸਿੱਖ ਵੱਖਵਾਦੀਆਂ ਅਤੇ ਹਿੰਦੂਆਂ ਵਿਚਕਾਰ ਤਣਾਅ ਸੁਲਗ ਰਿਹਾ ਹੈ। ਭਾਰਤ ਦਾ ਚਿਰਾਂ ਤੋਂ ਇਹ ਸਟੈਂਡ ਰਿਹਾ ਹੈ ਕਿ ਕੈਨੇਡਾ ਸਿੱਖ ਵੱਖਵਾਦੀਆਂ ਨਾਲ ਕੁਝ ਜ਼ਿਆਦਾ ਹੀ ਨਰਮਾਈ ਵਰਤ ਰਿਹਾ ਹੈ। ਭਾਰਤ ਦਾ ਕਹਿਣਾ ਹੈ ਕਿ ਇਹ ਲੋਕ ਕੈਨੇਡਾ ਦੀ ਧਰਤੀ ਉਤੇ ਭਾਰਤ ਵਿਰੋਧੀ ਸਰਗਰਮੀਆਂ ਚਲਾਉਂਦੇ ਹਨ ਪਰ ਇਨ੍ਹਾਂ ਨੂੰ ਰੋਕਿਆ ਨਹੀਂ ਜਾ ਰਿਹਾ। ਦੂਜੇ ਪਾਸੇ ਕੈਨੇਡਾ ਦਾ ਕਹਿਣਾ ਹੈ ਕਿ ਕੈਨੇਡਾ ਵਿਚ ਹਰ ਧਰਮ ਦੇ ਲੋਕਾਂ ਨੂੰ ਆਪੋ-ਆਪਣੇ ਵਿਚਾਰ ਪ੍ਰਗਟ ਕਰਨ ਦਾ ਹੱਕ ਹੈ। ਇਹ ਧਾਰਨਾ ਵੀ ਹੈ ਕਿ ਕੈਨੇਡਾ ਸ਼ਾਂਤੀ ਪੂਰਵਕ ਸਰਗਰਮੀਆਂ ਨੂੰ ਬਹੁਤ ਗੌਲਦਾ ਵੀ ਨਹੀਂ ਹੈ ਪਰ ਹੁਣ ਬਰੈਂਪਟਨ ਵਿਚ ਵਾਪਰੀ ਘਟਨਾ ਨੇ ਸਭ ਨੂੰ ਚਿੰਤਾ ਵਿਚ ਡੋਬ ਦਿੱਤਾ ਹੈ। ਕਿਹਾ ਜਾ ਰਿਹਾ ਹੈ ਕਿ ਅਜਿਹੀਆਂ ਘਟਨਾਵਾਂ ਨਾ ਦੋਹਾਂ ਮੁਲਕਾਂ ਅਤੇ ਨਾ ਹੀ ਦੋਹਾਂ ਫਿਰਕਿਆਂ ਲਈ ਚੰਗੀਆਂ ਹਨ।*

*ਪਿਛਲੇ ਸਾਲ ਹਰਦੀਪ ਸਿੰਘ ਨਿੱਝਰ ਦੇ ਕਤਲ ਤੋਂ ਬਾਅਦ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕੌਮੀ ਅਸੈਂਬਲੀ ਵਿਚ ਬਾਕਾਇਦਾ ਕਿਹਾ ਸੀ ਕਿ ਹਰਦੀਪ ਸਿੰਘ ਨਿੱਝਰ ਦੇ ਕਤਲ ਦੀ ਸੂਈ ਭਾਰਤੀ ਖੁਫੀਆ ਏਜੰਸੀਆਂ ਵੱਲ ਘੁੰਮ ਰਹੀ ਹੈ। ਭਾਰਤ ਸਰਕਾਰ ਨੇ ਇਸ 'ਤੇ ਸਖਤ ਰੋਸ ਪ੍ਰਗਟ ਕੀਤਾ ਸੀ ਅਤੇ ਕਿਹਾ ਸੀ ਕਿ ਸਬੂਤਾਂ ਤੋਂ ਬਗੈਰ ਅਜਿਹੀ ਤੋਹਮਤਬਾਜ਼ੀ ਦੋਹਾਂ ਮੁਲਕਾਂ ਦੇ ਸਬੰਧ ਵਿਗਾੜ ਸਕਦੀ ਹੈ। ਹੁਣ ਤਾਂ ਗੱਲ ਇਥੋਂ ਤੱਕ ਪੁੱਜ ਗਈ ਹੈ ਕਿ ਕੈਨੇਡਾ ਦੇ ਉਪ ਵਿਦੇਸ਼ ਮੰਤਰੀ ਡੇਵਿਡ ਮੌਰੀਸਨ ਨੇ ਦੋਸ਼ ਲਾਇਆ ਹੈ ਕਿ ਕੈਨੇਡਾ ਵਿਚ ਸਿੱਖ ਕਾਰਕੁਨਾਂ ਨੂੰ ਹਿੰਸਾ ਅਤੇ ਧਮਕੀਆਂ ਦਾ ਨਿਸ਼ਾਨਾ ਬਣਾਉਣ ਲਈ ਵਿੱਢੀ ਮੁਹਿੰਮ ਦਾ ਸੰਚਾਲਨ ਗ੍ਰਹਿ ਮੰਤਰੀ ਅਮਿਤ ਸ਼ਾਹ ਕਰ ਰਹੇ ਸਨ। ਨਵੀਂ ਦਿੱਲੀ ਨੇ ਇਨ੍ਹਾਂ ਦੋਸ਼ਾਂ ਨੂੰ ਬੇਬੁਨਿਆਦ ਕਰਾਰ ਦਿੱਤਾ ਹੈ ਅਤੇ ਕਿਹਾ ਹੈ ਕਿ ਕੈਨੇਡਾ ਦੀ ਇਸੇ ਪਹੁੰਚ ਕਾਰਨ ਹੀ ਕੈਨੇਡਾ ਵਿਚ ਸਿੱਖ ਵੱਖਵਾਦੀਆਂ ਦਾ ਮਨੋਬਲ ਵਧ ਰਿਹਾ ਹੈ। ਹੁਣ ਬਰੈਂਪਟਨ ਵਾਲੀ ਘਟਨਾ ਨੇ ਇਸ ਮਸਲੇ ਨੂੰ ਹੋਰ ਉਲਝਾ ਦਿੱਤਾ ਹੈ। ਹੁਣ ਪ੍ਰਧਾਨ ਮੰਤਰੀ ਟਰੂਡੋ ਨੂੰ ਵੀ ਕਹਿਣਾ ਪੈ ਗਿਆ ਹੈ ਕਿ ਹਰ ਕੈਨੇਡੀਅਨ ਨੂੰ ਸੁਤੰਤਰ ਅਤੇ ਸੁਰੱਖਿਅਤ ਰੂਪ ਵਿਚ ਆਪਣੇ ਧਰਮ ਦੀ ਪਾਲਣਾ ਕਰਨ ਦਾ ਹੱਕ ਹੈ। ਅਸਲ ਵਿਚ, ਕੈਨੇਡਾ ਵਿਚ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਵਧ ਰਿਹਾ ਤਣਾਅ ਦੋਵਾਂ ਦੇਸ਼ਾਂ ਦੇ ਸਬੰਧਾਂ ਵਿਚ ਆਏ ਨਿਘਾਰ ਨਾਲ ਜੁੜਿਆ ਹੋਇਆ ਹੈ। ਪਹਿਲਾਂ-ਪਹਿਲ ਜਦੋਂ ਜਸਟਿਨ ਟਰੂਡੋ ਨੇ ਭਾਰਤ ਉਤੇ ਦੋਸ਼ ਲਾਏ ਸਨ ਤਾਂ ਇਸ ਨੂੰ ਜਸਟਿਨ ਟਰੂਡੋ ਦੀ ਚੋਣ ਸਿਆਸਤ ਨਾਲ ਜੋੜ ਕੇ ਦੇਖਿਆ ਜਾਣ ਲੱਗਾ ਸੀ। ਖਬਰ ਇਹ ਵੀ ਸੀ ਕਿ ਜਸਟਿਨ ਟਰੂਡੋ ਦੀ ਮਕਬੂਲੀਅਤ ਬਹੁਤ ਜ਼ਿਆਦਾ ਘਟਣ ਕਰ ਕੇ ਉਨ੍ਹਾਂ ਦੀ ਪਾਰਟੀ ਉਨ੍ਹਾਂ ਨੂੰ ਲਾਂਭੇ ਕਰਨ ਬਾਰੇ ਵਿਚਾਰਾਂ ਕਰ ਰਹੀ ਹੈ ਤਾਂ ਕਿ ਅਗਲੀਆਂ ਫੈਡਰਲ ਚੋਣਾਂ ਕਿਸੇ ਹੋਰ ਲੀਡਰ ਦੀ ਅਗਵਾਈ ਹੇਠ ਲੜੀਆਂ ਜਾਣ। ਉਂਝ, ਬਾਅਦ ਵਿਚ ਜਿਹੜੇ ਅੰਕੜੇ ਸਾਹਮਣੇ ਆਏ, ਉਹ ਦੱਸਦੇ ਸਨ ਕਿ ਕੁਝ ਖਿੱਤਿਆਂ ਵਿਚ ਸਿੱਖਾਂ ਦਾ ਅਸਰਦਾਰ ਰੋਲ ਤਾਂ ਹੈ ਪਰ ਇਹ ਮੁਲਕ ਪੱਧਰ 'ਤੇ ਚੋਣ ਨਤੀਜੇ ਪ੍ਰਭਾਵਿਤ ਕਰਨ ਦੇ ਸਮਰੱਥ ਨਹੀਂ। ਇਸ ਤੋਂ ਬਾਅਦ ਕੈਨੇਡਾ ਨੇ ਲੜੀਵਾਰ ਢੰਗ ਆਪਣੇ ਦੋਸ਼ ਦੁਹਰਾਏ ਅਤੇ ਹੁਣ ਗੱਲ ਭਾਰਤ ਦੇ ਗ੍ਰਹਿ ਮੰਤਰੀ ਦਾ ਦਾਮਨ ਫੜਨ ਤੱਕ ਜਾ ਪੁੱਜੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਨੇ ਪਹਿਲਾਂ ਇਸ ਮਸਲੇ 'ਤੇ ਇਕ ਵੀ ਸ਼ਬਦ ਨਹੀਂ ਬੋਲਿਆ ਸੀ ਪਰ ਹੁਣ ਬਰੈਂਪਟਨ ਵਾਲੀ ਘਟਨਾ ਤੋਂ ਬਾਅਦ ਉਨ੍ਹਾਂ ਦਾ ਤੁਰੰਤ ਬਿਆਨ ਆ ਗਿਆ ਹੈ।*

*ਉਂਝ, ਮੋਦੀ ਸਰਕਾਰ ਖਿਲਾਫ ਇਹ ਰੋਸ ਅਕਸਰ ਜ਼ਾਹਿਰ ਹੁੰਦਾ ਰਿਹਾ ਹੈ ਕਿ ਇਹ ਸਰਕਾਰ ਘੱਟ-ਗਿਣਤੀਆਂ ਦਾ ਘਾਣ ਕਰ ਰਹੀ ਹੈ। ਇਸ ਵਕਤ ਇਸ ਸਰਕਾਰ ਦੇ ਪਹਿਲੇ ਨਿਸ਼ਾਨੇ 'ਤੇ ਮੁਸਲਮਾਨ ਹਨ; ਇਸ ਉਤੇ ਬਹੁਤ ਸਾਰੇ ਮਾਮਲਿਆਂ ਵਿਚ ਸਿੱਖਾਂ ਅਤੇ ਹੋਰ ਘੱਟ-ਗਿਣਤੀ ਭਾਈਚਾਰਿਆਂ ਨੂੰ ਨਿਸ਼ਾਨਾ ਬਣਾਉਣ ਦੇ ਦੋਸ਼ ਲਗਾਤਾਰ ਲਗਦੇ ਰਹੇ ਹਨ। ਮੁਸਲਮਾਨਾਂ ਦਾ ਹਾਲ ਤਾਂ ਇਹ ਹੈ ਕਿ ਜਿਨ੍ਹਾਂ ਸੂਬਿਆਂ ਵਿਚ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਹਨ, ਉਥੇ ਮੁਸਲਮਾਨਾਂ ਦਾ ਜੀਣਾ ਮੁਸ਼ਕਿਲ ਕੀਤਾ ਹੋਇਆ ਹੈ। ਉਤਰ ਪ੍ਰਦੇਸ਼ ਜਿਥੇ ਯੋਗੀ ਆਦਿੱਤਿਆਨਾਥ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਚੱਲ ਰਹੀ ਹੈ, ਵਿਚ ਫਿਰਕੂ ਪਾਲਾਬੰਦੀ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਬਲਡੋਜ਼ਰ ਨਿਆਂ ਤਹਿਤ ਮੁਸਲਮਾਨਾਂ ਦੇ ਜਬਰੀ ਘਰ ਢਾਹੁਣ ਦੀ ਮੁਹਿੰਮ ਚਲਾਈ ਗਈ। ਸੁਪਰੀਮ ਕੋਰਟ ਦੇ ਦਖਲ ਤੋਂ ਬਾਅਦ ਹੀ ਇਹ ਕਾਰਵਾਈ ਬੰਦ ਹੋ ਸਕੀ ਹੈ। ਹੁਣ ਯੋਗੀ ਆਦਿੱਤਿਆਨਾਥ ਨੇ 'ਬਟੇਂਗੇ ਤੋ ਕਟੇਂਗੇ' ਦਾ ਨਾਅਰਾ ਦੇ ਦਿੱਤਾ ਹੈ। ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐੱਸ.ਐੱਸ.) ਦਾ ਮੁਖੀ ਮੋਹਨ ਭਾਗਵਤ ਹਿੰਦੂਆਂ ਨੂੰ ਇਕਜੁਟਤਾ ਦਾ ਹੋਕਾ ਦੇ ਰਿਹਾ ਹੈ। ਇਸ ਬਾਰੇ ਕੁਝ ਵਿਦਵਾਨਾਂ ਨੇ ਸਵਾਲ ਵੀ ਉਠਾਏ ਹਨ ਕਿ ਮੋਹਨ ਭਾਗਵਤ ਜਿਸ ਹਿੰਦੂ ਸਮਾਜ ਨੂੰ ਏਕੇ ਦਾ ਹੋਕਾ ਦੇ ਰਿਹਾ ਹੈ, ਉਸ ਸਮਾਜ ਨੂੰ ਵੰਡਿਆ ਵੀ ਤਾਂ ਮਨੂਵਾਦੀਆਂ ਨੇ ਹੀ ਹੈ। ਅੱਜ ਵੀ ਭਾਰਤ ਵਿਚ ਕਈ ਮੰਦਰ ਅਜਿਹੇ ਹਨ ਜਿੱਥੇ ਦਲਿਤਾਂ ਨੂੰ ਅੰਦਰ ਵੜਨ ਦੀ ਮਨਾਹੀ ਹੈ। ਜ਼ਾਹਿਰ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਮੋਦੀ ਸਰਕਾਰ ਆਪਣਾ ਫਿਰਕੂ ਏਜੰਡਾ ਫੈਲਾਉਣ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ ਪਰ ਬਾਕੀਆਂ ਨੂੰ ਨਸੀਹਤਾਂ ਦੇ ਰਹੀ ਹੈ। ਅਜਿਹੀਆਂ ਨਸੀਹਤਾਂ ਦੇਣ ਦੀ ਬਜਾਇ ਹੁਣ ਇਨ੍ਹਾਂ ਨੂੰ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ ਤਾਂ ਕਿ ਹਰ ਫਿਰਕੇ ਨੂੰ ਬਣਦਾ ਮਾਣ-ਤਾਣ ਮਿਲੇ ਅਤੇ ਫਿਰਕੂ ਸਿਆਸਤ ਨੂੰ ਠੱਲ੍ਹ ਪਵੇ।*

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਚੋਣਾਂ ਦੀਆਂ ਮੌਜਾਂ

*ਲੋਕ ਸਭਾ ਦੀਆਂ ਚੋਣਾਂ ਦਾ ਕੰਮ ਮੁੱਕੇ ਆ ਜਾਂਦੀ ਏ ਚੋਣ ਐੱਮ-ਐੱਲਿਆਂ ਦੀ।*
*ਨਗਰ ਪਾਲਿਕਾ ਕਦੇ ਪੰਚਾਇਤ ਚੋਣਾਂ ਚੋਣ ਹੁੰਦੀ ਐ 'ਸ਼ਰਮੇਂ ਤੇ ਜੈਲਿਆਂ' ਦੀ।*
*ਪੈਂਦੀ ਜ਼ਿਮਨੀਆਂ ਚੋਣਾਂ ਵਿਚ ਲੋੜ ਡਾਢੀ ਰੱਖੇ ਗੁੱਬ ਕੇ ਮਾਇਆ ਦੇ ਥੈਲਿਆਂ ਦੀ।*
*ਕਰਕੇ ਛੁੱਟੀ ਸਕੂਲਾਂ ਤੇ ਦਫਤਰਾਂ ਵਿਚ ਡਿਊਟੀ ਲੱਗਦੀ ਅਮਲਿਆਂ-ਫੈਲਿਆਂ ਦੀ।*
*ਗ.ਲੀ ਗ.ਲੀ ਵਿਚ ਪਿੰਡ ਤੇ ਸ਼ਹਿਰ ਅੰਦਰ ਵੋਟਾਂ ਮੰਗਣ ਲਈ ਫਿਰਦੀ ਏ 'ਫੌਜ' ਭਾਈ।*
*ਮੁਫਤੀ 'ਛਕਣ-ਛਕਾਉਣ' ਦੇ ਸ਼ੌਂਕੀਆਂ ਨੂੰ ਲੱਗੀ ਰਹਿੰਦੀ ਐ 'ਵੋਟਾਂ ਦੀ ਮੌਜ' ਭਾਈ!*

# ਮੰਡੀਆਂ ਵਿਚ ਰੁਲ ਰਿਹਾ ਕਿਸਾਨ ਅਤੇ ਸਰਕਾਰਾਂ

***ਕੇਂਦਰ ਸਰਕਾਰ ਨੇ ਪੰਜਾਬ ਵਿਚੋਂ ਝੋਨੇ ਦੀ ਸਮੇਂ ਸਿਰ ਚੁਕਾਈ ਨਹੀਂ ਕੀਤੀ। ਕੇਂਦਰੀ ਖਰੀਦ ਏਜੰਸੀਆਂ ਝੋਨੇ ਵਿਚ ਜ਼ਿਆਦਾ ਨਮੀ ਹੋਣ ਦੀ ਆੜ ਹੇਠ ਝੋਨਾ ਖਰੀਦਣ ਤੋਂ ਇਨਕਾਰੀ ਹਨ। ਅਗਲੀ ਫਸਲ ਦੀ ਬਿਜਾਈ ਲਈ ਸੂਬੇ ਵਿਚ ਲੋੜੀਂਦੀ ਡੀ.ਏ.ਪੀ. ਖਾਦ ਨਹੀਂ ਪਹੁੰਚੀ। ਕਿਸਾਨਾਂ ਦੀ ਇਸ ਖੱਜਲ-ਖੁਆਰੀ ਲਈ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ, ਦੋਵੇਂ ਜ਼ਿੰਮੇਵਾਰ ਹਨ।***

ਅਕਤੂਬਰ ਮਹੀਨੇ ਜਦ ਲੋਕ ਦਸਹਿਰਾ, ਦੀਵਾਲੀ ਵਰਗੇ ਤਿਉਹਾਰਾਂ ਦੀਆਂ ਖੁਸ਼ੀਆਂ ਮਨਾ ਰਹੇ ਸਨ ਤਾਂ ਪੰਜਾਬ ਦਾ ਕਿਸਾਨ ਫਸਲ ਨਾ ਵਿਕਣ ਕਾਰਨ ਮੰਡੀਆਂ ਵਿਚ ਬੇਚੈਨ ਬੈਠਾ ਸੀ। ਫਸਲ ਨਾ ਵਿਕਣ ਦੇ ਨਾਲ-ਨਾਲ ਕਿਸਾਨ ਦੀ ਬੇਚੈਨੀ ਦਾ ਦੂਜਾ ਕਾਰਨ ਕਣਕ ਦੀ ਬੀਜਾਈ ਲਈ ਡੀ.ਏ.ਪੀ. ਖਾਦ ਦਾ ਨਾ ਮਿਲਣਾ ਸੀ। ਕੋਈ ਸਮਾਂ ਸੀ ਜਦ ਸਰਕਾਰਾਂ ਕਿਸਾਨ ਨੂੰ 'ਅੰਨਦਾਤਾ' ਕਹਿੰਦੀਆਂ ਸਨ ਅਤੇ 'ਜੈ ਜਵਾਨ ਜੈ ਕਿਸਾਨ' ਜਿਹੇ ਨਾਅਰੇ ਦਿੰਦੀਆਂ ਸਨ। ਦੇਸ਼ ਦੀ ਕਰੰਸੀ (ਨੋਟਾਂ) ਉੱਪਰ ਹਲ ਵਾਹੁੰਦੇ ਕਿਸਾਨ ਦੀਆਂ ਤਸਵੀਰਾਂ ਛਾਪੀਆਂ ਜਾਂਦੀਆਂ ਸਨ। ਜਿਸ ਕਿਸਾਨ ਨੇ ਦੇਸ਼ ਦੇ ਅਨਾਜ ਭੰਡਾਰ ਭਰੇ ਪਰ ਆਖਿਰ ਕਿਹੜੇ ਕਾਰਨ ਹਨ ਕਿ ਅੱਜ ਉਹੀ ਕਿਸਾਨ ਮੰਡੀਆਂ ਵਿਚ ਰੁਲਣ ਲਈ ਮਜਬੂਰ ਹੈ।




**ਨਵਕਿਰਨ ਸਿੰਘ ਪੱਤੀ**
**ਈਮੇਲ:** n4navkiran@gmail.com

ਜੇਕਰ ਇਸ ਮਾਮਲੇ ਨੂੰ ਪੰਜਾਬ ਦੇ ਪ੍ਰਸੰਗ ਵਿਚ ਦੇਖੀਏ ਤਾਂ ਹਕੀਕਤ ਇਹ ਹੈ ਕਿ ਝੋਨਾ ਪੰਜਾਬ ਦੀ ਫਸਲ ਨਹੀਂ ਸੀ। ਪੰਜਾਬੀਆਂ ਦੇ ਖਾਣ-ਪੀਣ, ਪੰਜਾਬ ਦੇ ਵਾਤਾਵਰਨ, ਪਾਣੀ ਦੇ ਸੀਮਤ ਕੁਦਰਤੀ ਸਰੋਤਾਂ ਦੇ ਹਿਸਾਬ ਨਾਲ ਝੋਨਾ ਪੰਜਾਬ ਦੇ ਫਿੱਟ ਨਹੀਂ ਬੈਠਦਾ ਸੀ ਪਰ ਕਰੀਬ ਪੰਜ ਦਹਾਕੇ ਪਹਿਲਾਂ ਦੇਸ਼ ਦੇ ਅਨਾਜ ਭੰਡਾਰ ਭਰਨ ਲਈ ਹਰੀ ਕ੍ਰਾਂਤੀ ਦੇ ਨਾਮ ਹੇਠ ਪੰਜਾਬ ਵਿਚ ਝੋਨੇ ਦੀ ਫਸਲ ਥੋਪੀ ਗਈ। ਅੱਜ ਵੀ ਪੰਜਾਬ ਵਿਚ ਝੋਨੇ ਦੀ ਖਪਤ ਨਾ-ਮਾਤਰ ਹੋਣ ਕਾਰਨ ਪੈਦਾਵਾਰ ਦਾ ਵੱਡਾ ਹਿੱਸਾ ਮੰਡੀਆਂ ਵਿਚ ਵਿਕਣ ਲਈ ਆਉਂਦਾ ਹੈ। ਇਸ ਵਾਰ ਸਮੱਸਿਆ ਇਹ ਹੈ ਕਿ ਮੰਡੀਆਂ ਵਿਚ ਝੋਨੇ ਦੇ ਅੰਬਾਰ ਲੱਗੇ ਹੋਏ ਹਨ ਅਤੇ ਝੋਨਾ ਵਿਕ ਨਹੀਂ ਰਿਹਾ। ਸ਼ੈਲਰਾਂ/ਗੁਦਾਮਾਂ ਵਿਚੋਂ ਪਿਛਲੇ ਸਾਲ ਦੇ ਝੋਨੇ ਦੀ ਚੁਕਾਈ (ਲਿਫਟਿੰਗ) ਨਾ ਹੋਣ ਕਾਰਨ ਸ਼ੈਲਰਾਂ ਵਿਚ ਇਸ ਵਾਰ ਦਾ ਝੋਨਾ ਰੱਖਣ ਲਈ ਜਗ੍ਹਾ ਦੀ ਸਮੱਸਿਆ ਆ ਰਹੀ ਹੈ। ਕੇਂਦਰੀ ਖਰੀਦ ਏਜੰਸੀਆਂ ਝੋਨੇ ਵਿਚ ਨਮੀ ਜ਼ਿਆਦਾ ਹੋਣ ਦੀ ਦਲੀਲ ਦੇ ਕੇ ਝੋਨਾ ਖਰੀਦਣ ਤੋਂ ਟਾਲਾ ਵੱਟ ਰਹੀਆਂ ਹਨ।

ਮੰਡੀਆਂ ਵਿਚ ਝੋਨੇ ਦੀ ਖਰੀਦ ਵਿਚ ਆ ਰਹੀਆਂ ਸਮੱਸਿਆਵਾਂ ਕਾਰਨ ਫਸੇ ਕਿਸਾਨਾਂ ਨੂੰ ਰਾਹਤ ਦੇਣ ਲਈ ਠੋਸ ਕਦਮ ਚੁੱਕਣ ਦੀ ਬਜਾਇ ਕੇਂਦਰ ਅਤੇ ਸੂਬਾ ਸਰਕਾਰਾਂ ਇਕ ਦੂਜੇ ਖਿਲਾਫ ਤੋਹਮਤਬਾਜ਼ੀ ਕਰ ਰਹੀਆਂ ਹਨ। 'ਡਬਲ ਇੰਜਣ' ਸਰਕਾਰਾਂ ਦੀ ਹਾਮੀ ਭਾਜਪਾ ਦੀ ਕੇਂਦਰੀ ਹਕੂਮਤ ਦਾ ਗੈਰ-ਭਾਜਪਾਈ ਸੂਬਾ ਸਰਕਾਰਾਂ ਨਾਲ ਜਿਸ ਤਰ੍ਹਾਂ ਦਾ ਰਵੱਈਆ ਹੈ, ਉਸ ਕਾਰਨ ਕੇਂਦਰ ਸਰਕਾਰ ਦੀ ਪੰਜਾਬ ਸਰਕਾਰ ਨਾਲ ਤਾਲਮੇਲ ਦੀ ਅਣਹੋਂਦ ਸਾਫ ਨਜ਼ਰ ਆ ਰਹੀ ਹੈ। ਇਸ ਸਥਿਤੀ ਵਿਚ ਫਸਿਆ ਕਿਸਾਨਾਂ ਦਾ ਇਕ ਹਿੱਸਾ ਐੱਮ.ਐੱਸ.ਪੀ. ਤੋਂ ਘੱਟ ਮੁੱਲ 'ਤੇ ਝੋਨਾ ਵੇਚਣ ਲਈ ਮਜਬੂਰ ਹੈ। ਕਿਹਾ ਜਾ ਸਕਦਾ ਹੈ ਕਿ ਝੋਨੇ ਦੀ ਖਰੀਦ ਨਾ ਹੋਣ ਦੇ ਮਾਮਲੇ ਵਿਚ 'ਆਪ' ਅਤੇ ਭਾਜਪਾ ਦੇ ਆਗੂਆਂ 'ਚ ਬਿਆਨਬਾਜੀ ਤਾਂ ਹੋ ਰਹੀ ਹੈ ਪਰ ਕਿਸਾਨਾਂ ਦੀ ਖੱਜਲ-ਖੁਆਰੀ ਦਾ ਹੱਲ ਕਰਨ ਤੋਂ ਦੋਵੇਂ ਹੀ ਪਾਸਾ ਵੱਟ ਰਹੀਆਂ ਹਨ।

ਪਿਛਲੇ ਸਾਲ ਦੇ ਖਰੀਦੇ ਝੋਨੇ ਦੀ ਸੂਬੇ ਵਿਚੋਂ ਚੁਕਾਈ ਨਾ ਹੋਣ ਦੇ ਮਾਮਲੇ ਵਿਚ ਮੁੱਖ ਜ਼ਿੰਮੇਵਾਰੀ ਭਾਵੇਂ ਕੇਂਦਰ ਸਰਕਾਰ ਦੀ ਹੈ ਪਰ ਇਹ ਵੀ ਸਚਾਈ ਹੈ ਕਿ ਸੂਬਾ ਸਰਕਾਰ ਨੇ ਪਿਛਲੇ ਇਕ ਸਾਲ ਵਿਚ ਇਸ ਮਾਮਲੇ ਨੂੰ ਕੇਂਦਰ ਸਰਕਾਰ ਕੋਲ ਸੁਹਿਰਦਤਾ ਨਾਲ ਉਠਾਉਣ ਦਾ ਯਤਨ ਨਹੀਂ ਕੀਤਾ। ਪੰਜਾਬ ਸਰਕਾਰ ਦੀ ਇਹ ਜ਼ਿੰਮੇਵਾਰੀ ਬਣਦੀ ਸੀ ਕਿ ਉਹ ਝੋਨੇ ਦਾ ਸੀਜ਼ਨ ਸ਼ੁਰੂ ਹੋਣ ਤੋਂ ਪਹਿਲਾਂ-ਪਹਿਲਾਂ ਸੂਬੇ ਵਿਚੋਂ ਝੋਨੇ ਦੀ ਚੁਕਾਈ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਗੱਲਬਾਤ ਕਰਦੀ। ਹੁਣ ਕਿਸਾਨ ਸੰਘਰਸ਼ ਦੇ ਦਬਾਅ ਹੇਠ ਅਕਤੂਬਰ ਮਹੀਨੇ ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰੀ ਖੁਰਾਕ ਮੰਤਰੀ ਪ੍ਰਹਿਲਾਦ ਜੋਸ਼ੀ ਨਾਲ ਮੁਲਾਕਾਤ ਕੀਤੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਵੀ ਫੋਨ 'ਤੇ ਗੱਲਬਾਤ ਕੀਤੀ ਹੈ। ਕੀ ਮੁੱਖ ਮੰਤਰੀ ਇਹੋ ਮੁਲਾਕਾਤ ਦੋ-ਤਿੰਨ ਮਹੀਨੇ ਪਹਿਲਾਂ ਨਹੀਂ ਕਰ ਸਕਦੇ ਸਨ?



ਬਗੈਰ ਕਿਸੇ ਠੋਸ ਇੰਤਜ਼ਾਮ ਪੰਜਾਬ ਸਰਕਾਰ ਨੇ 1 ਅਕਤੂਬਰ ਤੋਂ ਸੂਬੇ ਦੀਆਂ ਮੰਡੀਆਂ ਵਿਚ ਝੋਨੇ ਦੀ ਖਰੀਦ ਕਰਨ ਦਾ ਵਾਰ-ਵਾਰ ਐਲਾਨ ਕੀਤਾ। ਆਮ ਤੌਰ 'ਤੇ ਪਿਛਲੇ ਵਰ੍ਹਿਆਂ ਦੌਰਾਨ ਅਕਤੂਬਰ ਵਿਚ ਝੋਨੇ ਦੀ ਫਸਲ ਦਾ ਵੱਡਾ ਹਿੱਸਾ ਖਰੀਦ ਲਿਆ ਜਾਂਦਾ ਸੀ ਪਰ ਇਸ ਵਾਰ ਨਵੰਬਰ ਵਿਚ ਵੀ ਅਜੇ ਤੱਕ ਝੋਨੇ ਦੀ ਅਨੁਮਾਨਿਤ ਪੈਦਾਵਾਰ ਦਾ ਅੱਧਾ ਹਿੱਸਾ ਵੀ ਨਹੀਂ ਖਰੀਦਿਆ ਗਿਆ। ਸੂਬਾ ਸਰਕਾਰ ਦੀਆਂ ਸੰਸਥਾਵਾਂ ਨੇ ਝੋਨੇ ਦੀ ਖਰੀਦ ਦਾ ਟੀਚਾ 180 ਤੋਂ 185 ਲੱਖ ਮੀਟਰਿਕ ਟਨ ਮਿਥਿਆ ਸੀ। ਸਰਕਾਰ ਦੇ ਕੁੱਢਰ ਪ੍ਰਬੰਧਾਂ ਦੀ ਨਤੀਜਾ ਹੈ ਕਿ ਨਵੰਬਰ ਦੇ ਪਹਿਲੇ ਹਫਤੇ ਤੱਕ 50 ਫ਼ੀਸਦੀ ਟੀਚਾ ਵੀ ਪੂਰਾ ਨਹੀਂ ਹੋਇਆ। ਅਕਤੂਬਰ ਵਿਚ ਲੱਗਭੱਗ 90 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਹੋਈ ਜਿਸ ਵਿਚੋਂ 43.82 ਲੱਖ ਮੀਟਰਿਕ ਟਨ ਝੋਨੇ ਦੀ ਚੁਕਾਈ ਹੋਈ।

ਕੇਂਦਰ ਸਰਕਾਰ ਕਿਸਾਨਾਂ ਨੂੰ ਅਣਗੌਲਿਆਂ ਕਰ ਰਹੀ ਹੈ ਜਦਕਿ 'ਆਪ' ਸਰਕਾਰ ਦਾ ਰਵੱਈਆ ਗੈਰ-ਸੰਵੇਦਨਸ਼ੀਲ ਹੈ। ਇਸ ਰਾਜਨੀਤਕ ਖਿੱਚੋਤਾਣ ਦਾ ਖਮਿਆਜ਼ਾ ਕਿਸਾਨਾਂ ਨੂੰ ਭੁਗਤਣਾ ਪੈ ਰਿਹਾ ਹੈ। ਮੰਡੀਆਂ ਵਿਚ ਝੋਨੇ ਦੀ ਖਰੀਦ ਵਿਚ ਪਏ ਵਿਘਨ ਕਾਰਨ ਕਈ ਥਾਈਂ ਵਪਾਰੀ ਮੌਕੇ ਦਾ ਲਾਹਾ ਲੈਂਦਿਆਂ ਝੋਨੇ ਦੀ ਖਰੀਦ ਲਈ ਕਾਟ ਲਾ ਰਹੇ ਹਨ ਅਤੇ ਮੰਡੀਆਂ ਵਿਚ ਫਸੇ ਕਿਸਾਨ ਝੋਨੇ ਦੀ ਤੈਅ ਐੱਮ.ਐੱਸ.ਪੀ. ਤੋਂ ਘੱਟ ਮੁੱਲ 'ਤੇ ਵੇਚਣ ਲਈ ਮਜਬੂਰ ਹੋਏ। ਕੀ ਇਹ ਨਵੀਂ ਪਿਰਤ ਨਹੀਂ ਪਾਈ ਜਾ ਰਹੀ? ਅੱਜ ਤੱਕ ਪੰਜਾਬ ਵਿਚ ਝੋਨਾ ਐੱਮ.ਐੱਸ.ਪੀ. ਤੋਂ ਥੱਲੇ ਨਹੀਂ ਵਿਕਿਆ ਸੀ ਅਤੇ ਕੇਂਦਰੀ ਏਜੰਸੀਆਂ ਨੇ ਇਸ ਤਰ੍ਹਾਂ ਨਮੀ ਦਾ ਬਹਾਨਾ ਬਣਾ ਕੇ ਜਿਣਸ ਖਰੀਦਣ ਤੋਂ ਟਾਲ-ਮਟੋਲ ਨਹੀਂ ਕੀਤੀ ਸੀ ਪਰ ਇਸ ਵਾਰ ਸਰਕਾਰ ਨੇ ਨਵਾਂ ਰਾਹ ਖੋਲ੍ਹ ਦਿੱਤਾ ਹੈ। ਕਿਤੇ ਕੇਂਦਰ ਸਰਕਾਰ ਐੱਮ.ਐੱਸ.ਪੀ. ਤਹਿਤ ਖਰੀਦ ਦੀ ਗਾਰੰਟੀ ਤੋਂ ਭੱਜਣ ਦੇ ਰਾਹ ਤਾਂ ਨਹੀਂ ਤੁਰ ਪਈ ਹੈ?

ਮੰਡੀਆਂ ਵਿਚ ਝੋਨੇ ਦੀ ਖਰੀਦ ਨਾ ਹੋਣ ਦੇ ਡਰੋਂ ਮਾਲਵਾ ਖੇਤਰ ਦੇ ਅਨੇਕ ਕਿਸਾਨ ਆਪਣੀ ਪੱਕੀ ਹੋਈ ਫਸਲ ਨਹੀਂ ਵੱਢ ਰਹੇ ਹਨ ਜਿਸ ਕਾਰਨ ਹਾੜ੍ਹੀ ਦੀ ਅਗਲੀ ਫ਼ਸਲ ਕਣਕ ਦੀ ਬਿਜਾਈ ਪਛੜ ਰਹੀ ਹੈ। ਇਸ ਦਾ ਅਸਰ ਕਣਕ ਦੀ ਫਸਲ ਦੇ ਝਾੜ ਉੱਪਰ ਪੈਣ ਦਾ ਖਦਸ਼ਾ ਹੈ।

ਭਗਵੰਤ ਮਾਨ ਸਰਕਾਰ ਨੇ ਪਿਛਲੇ ਢਾਈ ਸਾਲ ਦੇ ਕਾਰਜਕਾਲ ਵਿਚ ਕਈ ਮਾਮਲਿਆਂ ਉੱਪਰ ਯੂ-ਟਰਨ ਮਾਰੇ ਹਨ। ਐੱਮ.ਐੱਸ.ਪੀ. ਤਹਿਤ ਮੂੰਗੀ, ਮੱਕੀ ਦੀ ਖਰੀਦ ਕਰਨ ਵਿਚ ਨਾ-ਕਾਮਯਾਬ ਰਹੀ ਸੂਬਾ ਸਰਕਾਰ ਨੇ ਪਾਣੀ ਜ਼ਿਆਦਾ ਖਪਤ ਵਾਲੀ ਝੋਨੇ ਦੀ ਪੂਸਾ-44 ਕਿਸਮ ਦੀ ਬਜਾਇ ਪੀ.ਆਰ.-126 ਕਿਸਮ ਨੂੰ ਉਤਸ਼ਾਹਿਤ ਕੀਤਾ ਪਰ ਹੁਣ ਜਦ ਪੀ.ਆਰ.-126 ਦੀ ਐੱਮ.ਐੱਸ.ਪੀ. 'ਤੇ ਖਰੀਦ ਨਾ ਹੋਣਾ ਮਸਲਾ ਬਣਿਆ ਹੈ ਤਾਂ ਸੂਬਾ ਸਰਕਾਰ ਦੜ ਵੱਟ ਗਈ ਹੈ। ਪੀ.ਆਰ.-126 ਕਿਸਮ ਦੀ ਬਿਜਾਈ ਨੂੰ ਉਤਸ਼ਾਹਿਤ ਕਰਦਿਆਂ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਪਾਣੀ ਦੀ ਖ਼ਪਤ ਘੱਟ ਹੋਵੇਗੀ ਅਤੇ ਝਾੜ ਵੱਧ ਹੋਵੇਗਾ ਪਰ ਹੁਣ ਸ਼ੈਲਰ ਮਾਲਕਾਂ ਦੀਆਂ ਦਲੀਲਾਂ ਅੱਗੇ ਸਰਕਾਰ ਚੁੱਪ ਹੈ। ਸ਼ੈਲਰ ਮਾਲਕਾਂ ਦੀ ਦਲੀਲ ਹੈ ਕਿ ਝੋਨੇ ਦੀਆਂ ਰਵਾਇਤੀ ਕਿਸਮਾਂ ਵਿਚੋਂ ਇੱਕ ਕੁਇੰਟਲ ਝੋਨੇ ਵਿਚੋਂ 67 ਕਿੱਲੋ ਚੌਲ ਨਿਕਲ ਆਉਂਦੇ ਹਨ ਪਰ ਝੋਨੇ ਦੀ ਪੀ.ਆਰ.-126 ਕਿਸਮ ਵਿਚੋਂ ਇੱਕ ਕੁਇੰਟਲ ਪਿੱਛੇ 60 ਤੋਂ 62 ਕਿੱਲੋ ਚੌਲ ਨਿਕਲਦੇ ਹਨ। ਕੀ ਸਰਕਾਰ ਜਾਂ ਇਸ ਦੇ ਮਾਹਿਰਾਂ ਨੂੰ ਪਹਿਲਾਂ ਇਹ ਗੱਲ ਪਤਾ ਨਹੀਂ ਸੀ?

ਪੰਜਾਬ ਦੀ ਧਰਤੀ ਦੁਨੀਆ ਦੇ ਸਭ ਤੋਂ ਉਪਜਾਊ ਖੇਤਰਾਂ ਵਿਚੋਂ ਇਕ ਹੈ। ਕਿਸੇ ਸਮੇਂ ਦੇਸ਼ ਦੀਆਂ ਜ਼ਰੂਰਤਾਂ ਅਨੁਸਾਰ ਇਸ ਧਰਤੀ ਉੱਪਰ ਝੋਨੇ ਦੀ ਪੈਦਾਵਾਰ ਸ਼ੁਰੂ ਕੀਤੀ ਗਈ ਸੀ ਤਾਂ ਬਣਦਾ ਇਹ ਸੀ ਕਿ ਇੱਥੇ ਫਸਲੀ ਵੰਨ-ਸਵੰਨਤਾ ਅਪਣਾਈ ਜਾਂਦੀ ਲੇਕਿਨ ਸਾਡੀਆਂ ਸਰਕਾਰਾਂ ਨੇ ਫਸਲੀ ਵੰਨ-ਸਵੰਨਤਾ ਵੱਲ ਧਿਆਨ ਦੇਣ ਦੀ ਬਜਾਇ ਕਣਕ-ਝੋਨੇ ਦੇ ਫਸਲੀ ਚੱਕਰ ਦਾ ਠੋਸ ਬਦਲ ਦੇਣ ਵੱਲ ਧਿਆਨ ਨਹੀਂ ਦਿੱਤਾ। ਕੇਂਦਰ ਸਰਕਾਰ ਚਾਹੇ ਤਾਂ ਪੰਜਾਬ ਤੋਂ ਪਾਕਿਸਤਾਨ ਰਾਹੀਂ ਮੱਧ ਪੂਰਬ ਤੱਕ ਅਨਾਜ ਭੇਜਿਆ ਜਾ ਸਕਦਾ ਹੈ। ਪੰਜਾਬ ਤੋਂ ਕੈਨੇਡਾ, ਅਮਰੀਕਾ, ਇੰਗਲੈਂਡ ਵਰਗੇ ਵਿਕਸਤ ਮੁਲਕਾਂ ਤੱਕ ਹਵਾਈ ਜਹਾਜ਼ਾਂ ਰਾਹੀਂ ਰੋਜ਼ਾਨਾ ਸਬਜ਼ੀਆਂ ਭੇਜੀਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਕਿਸਾਨਾਂ ਦੀ ਆਮਦਨ ਦੇ ਨਾਲ-ਨਾਲ ਸਰਕਾਰ ਦੀ ਆਮਦਨ ਵੀ ਵਧ ਸਕਦੀ ਹੈ ਅਤੇ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਹੋ ਸਕਦੇ ਹਨ।

ਪੰਜਾਬ ਨੂੰ ਹਾੜ੍ਹੀ ਦੀ ਫਸਲ ਦੀ ਬਿਜਾਈ ਲਈ 5.50 ਲੱਖ ਮੀਟਰਿਕ ਟਨ ਡੀ.ਏ.ਪੀ. ਖਾਦ ਦੀ ਜ਼ਰੂਰਤ ਹੁੰਦੀ ਹੈ। ਇਸ ਖਾਦ ਦਾ ਵੱਡਾ ਹਿੱਸਾ ਕਣਕ ਅਤੇ ਆਲੂਆਂ ਦੀ ਬਿਜਾਈ ਲਈ ਵਰਤਿਆ ਜਾਂਦਾ ਹੈ। ਡੀ.ਏ.ਪੀ. ਖਾਦ ਦਾ ਕੁਝ ਸਟਾਕ ਵਿਦੇਸ਼ ਵਿਚੋਂ ਮੰਗਵਾਇਆ ਜਾਂਦਾ ਹੈ। ਕੇਂਦਰ ਸਰਕਾਰ ਵੱਲੋਂ ਪੰਜਾਬ ਨੂੰ ਸਮੇਂ ਸਿਰ ਡੀ.ਏ.ਪੀ. ਖਾਦ ਨਾ ਭੇਜਣ ਦੇ ਮਾਮਲੇ ਵਿਚ ਮੁੱਖ ਜ਼ਿੰਮੇਵਾਰ ਕੇਂਦਰ ਸਰਕਾਰ ਹੈ ਪਰ ਸੂਬਾ ਸਰਕਾਰ ਨੂੰ ਚਾਹੀਦਾ ਸੀ ਕਿ ਉਹ ਇਸ ਮਾਮਲੇ ਨੂੰ ਕੇਂਦਰ ਸਰਕਾਰ ਕੋਲ ਸੁਹਿਰਦਤਾ ਨਾ ਉਠਾਉਂਦੀ।

ਕੇਂਦਰ ਸਰਕਾਰ ਨੇ ਝੋਨੇ ਦੀ ਪੰਜਾਬ ਵਿਚੋਂ ਸਮੇਂ ਸਿਰ ਚੁਕਾਈ ਨਹੀਂ ਕੀਤੀ। ਕੇਂਦਰੀ ਖਰੀਦ ਏਜੰਸੀਆਂ ਝੋਨੇ ਵਿਚ ਜ਼ਿਆਦਾ ਨਮੀ ਹੋਣ ਦੀ ਆੜ ਹੇਠ ਝੋਨਾ ਖਰੀਦਣ ਤੋਂ ਇਨਕਾਰੀ ਹਨ। ਅਗਲੀ ਫਸਲ ਦੀ ਬਿਜਾਈ ਲਈ ਸੂਬੇ ਵਿਚ ਲੋੜੀਂਦੀ ਡੀ.ਏ.ਪੀ. ਖਾਦ ਨਹੀਂ ਪਹੁੰਚੀ। ਇਸ ਸਭ ਲਈ ਬਣਦਾ ਤਾਂ ਇਹ ਸੀ ਕਿ ਮੁੱਖ ਮੰਤਰੀ ਭਗਵੰਤ ਮਾਨ ਸਮੇਤ 'ਆਪ' ਆਗੂ ਕਿਸਾਨਾਂ ਨਾਲ ਧਰਨੇ ਉੱਪਰ ਬੈਠਦੇ ਪਰ ਇੱਥੇ ਉਲਟਾ ਮੁੱਖ ਮੰਤਰੀ ਭਗਵੰਤ ਮਾਨ ਸੰਘਰਸ਼ ਕਰ ਰਹੇ ਕਿਸਾਨਾਂ ਉੱਪਰ ਇਹ ਕਹਿੰਦਿਆਂ ਤਨਜ਼ ਕੱਸ ਰਹੇ ਹਨ ਕਿ 'ਸੜਕਾਂ ਰੋਕਣੀਆਂ ਤਾਂ ਠੀਕ ਨਹੀਂ ਹਨ'।

ਇਹ ਕੋਈ ਅਤਿਕਥਨੀ ਨਹੀਂ ਕਿ ਕਿਸਾਨਾਂ ਦੀ ਖੱਜਲ-ਖੁਆਰੀ ਲਈ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ, ਦੋਵੇਂ ਜ਼ਿੰਮੇਵਾਰ ਹਨ। ਦੋਵਾਂ ਸਰਕਾਰਾਂ ਦਾ ਕਿਰਦਾਰ ਕਿਸਾਨ, ਮਜ਼ਦੂਰ ਪੱਖੀ ਨਹੀਂ ਹੈ।

# ਹਰ ਇਨਸਾਨ ਦੇ ਪੜ੍ਹਨਯੋਗ ਵਡਮੁੱਲੀ ਕਿਤਾਬ

***'ਫਰੇਮਡ ਐਜ ਏ ਟੈਰਰਿਸਟ, ਮਾਈ ਫੋਰਟੀਨ ਈਅਰ ਸਟ੍ਰਗਲ ਟੂ ਪਰੂਵ ਮਾਈ ਇਨੋਸੈਂਸ' ਦਾ ਪੰਜਾਬੀ ਅਨੁਵਾਦ 'ਦਹਿਸ਼ਤਗਰਦ ਦਾ ਫ਼ਰਜ਼ੀ ਠੱਪਾ' ਨਾਮ ਹੇਠ ਛਪਿਆ ਹੈ। ਇਹ ਦਿੱਲੀ ਦੇ ਮੁਸਲਮਾਨ ਨੌਜਵਾਨ ਮੁਹੰਮਦ ਆਮਿਰ ਖ਼ਾਨ ਵੱਲੋਂ ਨੰਦਿਤਾ ਹਕਸਰ ਦੀ ਮਦਦ ਨਾਲ ਲਿਖੀ ਹੱਡਬੀਤੀ ਹੈ ਜਿਸ ਵਿਚ ਉਸ ਨੇ 13 ਸਾਲ 10 ਮਹੀਨੇ ਬਿਨਾਂ ਕੋਈ ਜੁਰਮ ਕੀਤੇ ਜੇਲ੍ਹ 'ਚ ਬੰਦ ਰਹਿਣ ਦੀ ਆਪਣੀ ਦਰਦਨਾਕ ਦਾਸਤਾਨ ਬਿਆਨ ਕੀਤੀ ਹੈ। ਨੰਦਿਤਾ ਹਕਸਰ ਉਨ੍ਹਾਂ ਜਾਗਦੀਆਂ ਜ਼ਮੀਰਾਂ ਵਾਲੇ ਮਨੁੱਖੀ ਅਧਿਕਾਰ ਕਾਰਕੁਨਾਂ 'ਚੋਂ ਇਕ ਹੈ ਜਿਨ੍ਹਾਂ ਨੇ 1984 ਦੀ ਸਿੱਖ ਨਸਲਕੁਸ਼ੀ ਬਾਰੇ ਤੱਥ-ਖੋਜ ਰਿਪੋਰਟ 'ਦੋਸ਼ੀ ਕੌਣ ਹਨ' ਕਲਮਬੱਧ ਕਰ ਕੇ ਸਿੱਖ ਫਿਰਕੇ ਦੀ ਗਿਣ-ਮਿੱਥੀ ਨਸਲਕੁਸ਼ੀ ਦਾ ਸੱਚ ਸਾਹਮਣੇ ਲਿਆਂਦਾ ਸੀ।***

**ਬੂਟਾ ਸਿੰਘ ਮਹਿਮੂਦਪੁਰ**
**ਫੋਨ: +91-94634-74342**


ਇਹ ਕਿਤਾਬ ਬਦਲਾਲਊ ਜ਼ਿਹਨੀਅਤ ਵਾਲੇ ਭਾਰਤੀ ਖ਼ੁਫੀਆ ਏਜੰਸੀਆਂ ਦੇ ਅਧਿਕਾਰੀਆਂ ਵੱਲੋਂ ਇਕ ਬੇਕਸੂਰ ਨੌਜਵਾਨ ਉੱਪਰ ਦਹਿਸ਼ਤਗਰਦ ਹੋਣ ਦਾ ਝੂਠਾ ਦੋਸ਼ ਲਾ ਕੇ ਉਸ ਦੀ ਜ਼ਿੰਦਗੀ ਬਰਬਾਦ ਕਰ ਦੇਣ ਦੀ ਦਿਲ ਦਹਿਲਾ ਦੇਣ ਵਾਲੀ ਦਾਸਤਾਨ ਹੈ ਜਿਸ ਲਈ ਸਟੇਟ ਦੀਆਂ ਨੀਤੀਆਂ, ਮਨਮਾਨੀਆਂ ਕਰਨ ਲਈ ਆਜ਼ਾਦ ਜਾਂਚ ਏਜੰਸੀਆਂ, ਸੰਵੇਦਨਾਹੀਣ ਅਦਾਲਤਾਂ, ਤੁਅੱਸਬੀ ਮੀਡੀਆ ਜ਼ਿੰਮੇਵਾਰ ਹੈ। ਉਸ ਦੀ ਮੈਡੀਕਲ ਜਾਂਚ ਕਰਨ ਵਾਲੇ ਡਾਕਟਰ ਵੀ ਉਸ ਨੂੰ ਦਿੱਤੇ ਜਾ ਰਹੇ ਤਸੀਹਿਆਂ ਨੂੰ ਨਜ਼ਰਅੰਦਾਜ਼ ਕਰ ਕੇ ਇਸ ਵਿਚ ਭਾਈਵਾਲ ਬਣੇ। ਇਕ ਡਾਕਟਰ ਨੇ ਤਾਂ ਪੁਲਿਸ ਨੂੰ ਉਸ ਨੂੰ 'ਸਿੱਧਾ ਕਰਨ' ਲਈ ਵੀ ਉਕਸਾਇਆ ਕਿਉਂਕਿ ਉਹ ਮੁਸਲਮਾਨ ਹੈ।

ਕਹਾਣੀ ਦਾ ਮੁੱਖ ਪਾਤਰ ਮੁਹੰਮਦ ਆਮਿਰ ਖ਼ਾਨ ਹੈ ਜੋ ਪੁਰਾਣੀ ਦਿੱਲੀ ਦੀ ਮੁਸਲਮਾਨ ਬਸਤੀ ਦੇ ਸਾਧਾਰਨ ਪਰਿਵਾਰ ਦਾ 18 ਕੁ ਸਾਲ ਦਾ ਨੌਜਵਾਨ ਹੈ। ਉਸ ਦੀ ਵੱਡੀ ਭੈਣ ਕਰਾਚੀ ਵਿਆਹੀ ਹੋਈ ਹੈ ਅਤੇ 18 ਸਾਲ ਦਾ ਹੋਣ ਉਪਰੰਤ ਉਹ ਆਪਣੀ ਭੈਣ ਨੂੰ ਮਿਲਣ ਦੇ ਚਾਅ ਨਾਲ ਦਿੱਲੀ 'ਚ ਪਾਕਿਸਤਾਨ ਦੇ ਦੂਤਾਵਾਸ ਵੀਜ਼ਾ ਲੈਣ ਲਈ ਗਿਆ ਸੀ ਜਿੱਥੇ ਭਾਰਤੀ ਖ਼ੁਫ਼ੀਆ ਏਜੰਸੀ ਆਈ.ਬੀ. ਦੇ ਇਕ ਅਧਿਕਾਰੀ ਨੇ ਇਸ ਅਣਭੋਲ ਨੌਜਵਾਨ ਨੂੰ ਵਰਗਲਾ ਕੇ 'ਦੇਸ਼ ਖ਼ਾਤਰ' ਜਾਸੂਸੀ ਕਰਨ ਲਈ ਮਨਾ ਲਿਆ।

ਆਪਣੀ ਕਰਾਚੀ ਦੀ ਫੇਰੀ ਦੌਰਾਨ ਸਖ਼ਤ ਸੁਰੱਖਿਆ ਇੰਤਜ਼ਾਮ ਦੇਖ ਕੇ ਉਹ ਪਾਕਿਸਤਾਨ ਦੇ ਫ਼ੌਜੀ ਟਿਕਾਣਿਆਂ ਅਤੇ ਵਾਹਨਾਂ ਦੀਆਂ ਤਸਵੀਰਾਂ ਨਾ ਖਿੱਚ ਸਕਿਆ ਕਿਉਂਕਿ ਉਸ ਨੂੰ ਕੋਈ ਸਿਖਲਾਈ ਨਹੀਂ ਸੀ ਦਿੱਤੀ ਗਈ; ਉਹ ਮਾਨਸਿਕ ਤੌਰ 'ਤੇ ਵੀ ਇਸ ਕੰਮ ਲਈ ਤਿਆਰ ਨਹੀਂ ਸੀ। ਇਕ ਭਾਰਤੀ ਏਜੰਟ ਵੱਲੋਂ ਉਸ ਨੂੰ ਜੋ ਖ਼ੁਫ਼ੀਆ ਕਾਗਜ਼ਾਤ ਦਿੱਤੇ ਗਏ, ਉਹ ਉਸ ਨੇ ਅਟਾਰੀ ਬਾਰਡਰ ਉੱਪਰ ਪਾਕਿਸਤਾਨੀ ਕਸਟਮ ਅਧਿਕਾਰੀਆਂ ਵੱਲੋਂ ਲਈ ਜਾ ਰਹੀ ਸਖ਼ਤ ਤਲਾਸ਼ੀ ਤੋਂ ਭੈਭੀਤ ਹੋ ਕੇ ਉੱਥੇ ਹੀ ਸੁੱਟ ਦੇਣ ਦਾ 'ਦੇਸ਼ ਧ੍ਰੋਹੀ ਜੁਰਮ' ਕਰ ਲਿਆ।

ਉਸ ਦੀ ਇਸ ਅਣਭੋਲ ਕਾਰਵਾਈ ਤੋਂ ਭੜਕ ਕੇ ਖ਼ੁਫ਼ੀਆ ਅਧਿਕਾਰੀ 'ਗੁਪਤਾ ਜੀ' ਨੇ ਉਸ ਨੂੰ 'ਦੇਸ਼ ਨਾਲ ਗ਼ੱਦਾਰੀ' ਦਾ ਸਬਕ ਸਿਖਾਉਣ ਅਤੇ ਉਸ ਦੀ ਜ਼ਿੰਦਗੀ ਤਬਾਹ ਕਰ ਦੇਣ ਦੀ ਧਮਕੀ ਦਿੱਤੀ। 'ਗੁਪਤਾ ਜੀ' ਦੇ ਇਸ਼ਾਰੇ 'ਤੇ ਸਿਵਲ ਕੱਪੜਿਆਂ 'ਚ ਦਿੱਲੀ ਪੁਲਿਸ ਨੇ 20 ਫਰਵਰੀ 1998 ਦੀ ਰਾਤ ਨੂੰ ਉਸ ਨੂੰ ਉਦੋਂ ਅਗਵਾ ਕਰ ਲਿਆ ਜਦੋਂ ਉਹ ਘਰੋਂ ਮਸਜਿਦ ਵਿਚ ਨਮਾਜ਼ ਪੜ੍ਹਨ ਅਤੇ ਬਾਜ਼ਾਰ ਤੋਂ ਦਵਾਈ ਲੈਣ ਜਾ ਰਿਹਾ ਸੀ। ਖ਼ੁਫ਼ੀਆ ਤਸੀਹਾ ਕੇਂਦਰ 'ਚ ਉਸ ਨੂੰ ਪੂਰਾ ਹਫ਼ਤਾ ਗ਼ੈਰ-ਕਾਨੂੰਨੀ ਹਿਰਾਸਤ 'ਚ ਰੱਖ ਕੇ ਤਸੀਹੇ ਦਿੱਤੇ ਗਏ। ਅਲਫ਼ ਨੰਗਾ ਰੱਖ ਕੇ ਅਤੇ ਮੁਸਲਿਮ ਵਿਰੋਧੀ ਘ੍ਰਿਣਤ ਗਾਲੀ-ਗਲੋਚ ਕਰ ਕੇ ਉਸ ਨੂੰ ਜ਼ਲੀਲ ਕੀਤਾ। ਉਸ ਦੇ ਚੱਡੇ ਪਾੜੇ, ਬਿਜਲੀ ਦੇ ਝਟਕੇ ਦਿੱਤੇ, ਨਹੁੰ ਪੁੱਟੇ ਅਤੇ ਤਰ੍ਹਾਂ-ਤਰ੍ਹਾਂ ਦੇ ਭਿਆਨਕ ਤਸੀਹੇ ਦੇ ਕੇ ਉਸ ਨੂੰ ਮਾਨਸਿਕ ਤੇ ਸਰੀਰਕ ਤੌਰ 'ਤੇ ਤੋੜਿਆ ਗਿਆ। ਝੂਠੀ ਕਹਾਣੀ ਬਣਾ ਕੇ ਉਸ ਦੀ ਅੰਮੀ ਤੋਂ ਉਸ ਦੇ ਸਾਰੇ ਸ਼ਨਾਖ਼ਤੀ ਦਸਤਾਵੇਜ਼ ਕਬਜ਼ੇ 'ਚ ਲੈ ਲਏ। ਪਰਿਵਾਰ ਨੂੰ ਫਸਾਉਣ ਦੀਆਂ ਧਮਕੀਆਂ ਅਤੇ ਤਸੀਹੇ ਦੇ ਕੇ ਉਸ ਕੋਲੋਂ ਬੇਸ਼ੁਮਾਰ ਕੋਰੇ ਕਾਗਜ਼ਾਂ ਉੱਪਰ ਦਸਖ਼ਤ ਕਰਵਾ ਲਏ, ਬਤੌਰ ਸਬੂਤ ਝੂਠੀ ਡਾਇਰੀ ਲਿਖਵਾਈ ਅਤੇ ਬੰਬ ਧਮਾਕਿਆਂ ਦਾ ਦੋਸ਼ੀ ਹੋਣ ਦਾ ਝੂਠਾ ਜੁਰਮ ਮੀਡੀਆ ਕੈਮਰਿਆਂ ਅੱਗੇ ਕਬੂਲ ਕਰਨ ਲਈ ਮਜਬੂਰ ਕੀਤਾ। ਉਸ ਉੱਪਰ ਬੰਬ ਧਮਾਕਿਆਂ ਦੇ 19 ਕੇਸ ਪਾ ਦਿੱਤੇ ਜਿਨ੍ਹਾਂ ਵਿਚੋਂ ਪਾਕਿਸਤਾਨ ਤੋਂ ਸਿਖਲਾਈ ਪ੍ਰਾਪਤ ਦਹਿਸ਼ਤਵਾਦ ਦੇ ਕੁਝ ਕੇਸ ਅਜਿਹੇ ਵੀ ਸਨ ਜਦੋਂ ਉਹ ਅਜੇ ਪਾਕਿਸਤਾਨ ਵੀ ਨਹੀਂ ਗਿਆ ਸੀ; ਜਿਵੇਂ ਬਾਅਦ ਵਿਚ ਸਾਹਮਣੇ ਆਇਆ, ਬੰਬ ਧਮਾਕੇ ਹਿੰਦੂਤਵ ਦਹਿਸ਼ਤਵਾਦੀ ਗਰੋਹ ਕਰਦਾ ਰਿਹਾ, ਜਾਂਚ ਏਜੰਸੀਆਂ ਹਕੂਮਤ ਦੇ ਇਸ਼ਾਰੇ 'ਤੇ ਬੇਕਸੂਰ ਮੁਸਲਮਾਨਾਂ ਨੂੰ ਫੜ-ਫੜ ਜੇਲ੍ਹਾਂ 'ਚ ਸੁੱਟਦੀਆਂ ਰਹੀਆਂ। ਜਦੋਂ ਪੁਲਿਸ ਅਧਿਕਾਰੀ ਹੇਮੰਤ ਕਰਕਰੇ ਨੇ ਜਾਂਚ ਕਰ ਕੇ ਸਾਰੇ ਸਬੂਤ ਇਕੱਠੇ ਕਰ ਲਏ ਤਾਂ ਇਕ ਮੁਕਾਬਲੇ ਦੇ ਬਹਾਨੇ ਉਸ ਦਾ ਕਤਲ ਕਰ ਕੇ ਸਾਰੇ ਸਬੂਤ ਮਿਟਾ ਦਿੱਤੇ ਗਏ।

ਗ੍ਰਿਫ਼ਤਾਰੀ ਦਾ ਪਤਾ ਲੱਗਣ 'ਤੇ ਪਰਿਵਾਰ ਨੇ ਉਸ ਦੀ ਕਾਨੂੰਨੀ ਪੈਰਵਾਈ ਕਰਨ ਦੀ ਵਿਤੋਂ ਵਧ ਕੇ ਵਾਹ ਲਾਈ ਪਰ ਵਿਤੀ ਵਸੀਲਿਆਂ ਅਤੇ ਕਾਨੂੰਨੀ ਜਾਣਕਾਰੀ ਨਾ ਹੋਣ ਕਾਰਨ ਉਹ ਉਸ ਨੂੰ ਛੁਡਾ ਨਾ ਸਕੇ। ਪਰਿਵਾਰ ਦਾ ਕਾਰੋਬਾਰ ਤਬਾਹ ਹੋ ਗਿਆ। ਰਿਸ਼ਤੇਦਾਰਾਂ, ਗੁਆਂਢੀਆਂ ਤੇ ਹੋਰ ਜਾਣ-ਪਛਾਣ ਵਾਲਿਆਂ ਵੱਲੋਂ ਮੇਲ-ਮਿਲਾਪ ਬੰਦ ਕਰਨ ਕਾਰਨ ਉਹ ਇਕੱਲੇ ਰਹਿ ਗਏ। ਉਸ ਨੂੰ ਛੁਡਾਉਣ ਦੀ ਕੋਸ਼ਿਸ਼ 'ਚ ਉਸ ਦੇ ਬੇਵੱਸ ਅੱਬਾ ਦੋ ਸਾਲ ਥਾਣਿਆਂ, ਕਚਹਿਰੀਆਂ, ਜੇਲ੍ਹਾਂ ਦੇ ਰਾਹਾਂ 'ਚ ਰੁਲ਼ਦਿਆਂ ਤਣਾਓ ਦਾ ਸ਼ਿਕਾਰ ਹੋ ਕੇ ਇਸ ਦੁਨੀਆ ਤੋਂ ਰੁਖ਼ਸਤ ਹੋ ਗਏ। ਭਾਰਤੀ ਸਟੇਟ ਦੀ ਕਰੂਰਤਾ ਦੀ ਹੱਦ ਇਹ ਹੈ ਕਿ ਆਮਿਰ ਨੂੰ ਆਪਣੇ ਪਿਤਾ ਦੀਆਂ ਅੰਤਮ ਰਸਮਾਂ 'ਚ ਵੀ ਸ਼ਾਮਲ ਨਹੀਂ ਹੋਣ ਦਿੱਤਾ ਗਿਆ। ਇਕ ਦਹਾਕਾ ਉਸ ਦੇ ਕੇਸਾਂ ਦੀ ਪੈਰਵਾਈ ਕਰਦਿਆਂ ਉਸ ਦੀ ਅੰਮੀ ਅਧਰੰਗ ਹੋ ਜਾਣ 'ਤੇ ਮੰਜੇ ਨਾਲ ਲੱਗ ਗਈ। ਅਜਿਹੀ ਬੇਵਸੀ ਦੀ ਹਾਲਤ 'ਚ ਉਨ੍ਹਾਂ ਦਾ ਇਹ ਸਮਾਂ ਕਿਵੇਂ ਗੁਜ਼ਰਿਆ, ਉਨ੍ਹਾਂ ਨੇ ਇਸ ਦੁੱਖ ਨੂੰ ਕਿੰਨੇ ਜਿਗਰੇ ਤੇ ਸਿਰੜ ਨਾਲ ਝੱਲਿਆ ਹੋਵੇਗਾ, ਇਸ ਦਾ ਅੰਦਾਜ਼ਾ ਸਹਿਜੇ ਹੀ ਲਗਾਇਆ ਜਾ ਸਕਦਾ ਹੈ। ਇਨ੍ਹਾਂ 14 ਸਾਲਾਂ 'ਚ ਉਸ ਨੂੰ ਜੱਜ ਵੱਲੋਂ ਉਸ ਦੇ ਅੱਬਾ ਦੇ ਹਸਪਤਾਲ 'ਚ ਦਾਖ਼ਲ ਹੋਣ ਦਾ ਪਤਾ ਲੱਗਣ 'ਤੇ ਸਿਰਫ਼ ਇਕ ਘੰਟੇ ਲਈ ਹਿਰਾਸਤੀ ਪੈਰੋਲ ਦਿੱਤੀ ਗਈ।








*ਮੁਹੰਮਦ ਆਮਿਰ ਖਾਨ ਦੀ ਕਿਤਾਬ 'ਦਹਿਸ਼ਤਗਰਦ ਦਾ ਫ਼ਰਜ਼ੀ ਠੱਪਾ' ਦਾ ਮੁਖੜਾ, (ਐਨ ਉਪਰ) ਮੁਹੰਮਦ ਆਮਿਰ ਖਾਨ ਅਤੇ ਨੰਦਿਤਾ ਹਕਸਰ।*

ਉਸ ਦੀ ਕਹਾਣੀ ਅਖੌਤੀ ਮੁੱਖਧਾਰਾ ਮੀਡੀਆ ਦੇ ਫਿਰਕੂ ਤੁਅੱਸਬੀ ਰਵੱਈਏ ਦੀ ਗਵਾਹ ਵੀ ਹੈ ਜਿਸ ਨੇ ਪੁਲਿਸ/ਜਾਂਚ ਏਜੰਸੀਆਂ ਵੱਲੋਂ ਪੇਸ਼ ਝੂਠੀ ਕਹਾਣੀ ਨੂੰ ਸੱਚ ਮੰਨ ਕੇ ਸਰਕਾਰੀ ਪ੍ਰੈੱਸ ਨੋਟਾਂ ਨੂੰ ਸਨਸਨੀਖ਼ੇਜ਼ ਖ਼ਬਰਾਂ ਬਣਾ ਕੇ ਪੇਸ਼ ਕੀਤਾ ਅਤੇ ਬਿਨਾਂ ਤੱਥਾਂ ਦੀ ਜਾਂਚ ਕੀਤੇ ਆਮਿਰ ਨੂੰ ਖ਼ਤਰਨਾਕ ਮੁਜਰਿਮ ਬਣਾ ਕੇ ਮੀਡੀਆ ਟਰਾਇਲ ਚਲਾਇਆ; ਹਾਲਾਂਕਿ ਅਦਾਲਤ ਵਿਚ ਮੁਕੱਦਮਾ ਵੀ ਨਹੀਂ ਸੀ ਹੋਇਆ; ਇਹ ਅਦਾਲਤ ਨੇ ਤੈਅ ਕਰਨਾ ਸੀ ਕਿ ਉਸ ਵਿਰੁੱਧ ਲਗਾਏ ਇਲਜ਼ਾਮ ਮੰਨਣਯੋਗ ਹਨ ਵੀ ਜਾਂ ਨਹੀਂ, ਦੋਸ਼ੀ ਸਾਬਤ ਹੋਣਾ ਤਾਂ ਬਾਅਦ ਦੀ ਗੱਲ ਹੈ।

ਤਿਹਾੜ ਜੇਲ੍ਹ ਵਿਚ ਉਸ ਨੂੰ ਕਈ ਸਾਲ ਦਿਨ-ਰਾਤ ਖ਼ਤਰਨਾਕ ਮੁਜਰਿਮਾਂ ਲਈ ਰਾਖਵੀਂ 'ਕਸੂਰੀ ਕੋਠੜੀ' ਵਿਚ ਇਕੱਲਤਾ 'ਚ ਕੈਦ ਰੱਖਿਆ ਗਿਆ। ਕੋਠੜੀ ਦਾ ਦਰਵਾਜ਼ਾ ਕੰਬਲ ਨਾਲ ਪੱਕੇ ਤੌਰ 'ਤੇ ਢਕ ਦਿੱਤਾ ਗਿਆ ਤਾਂ ਜੋ ਸੂਰਜ ਦੀ ਕਿਰਨ ਵੀ ਅੰਦਰ ਨਾ ਜਾ ਸਕੇ। ਜੇਲ੍ਹ ਅਧਿਕਾਰੀਆਂ ਨੇ ਉਸ ਨੂੰ ਜੇਲ੍ਹ ਵਿਚ ਪੜ੍ਹਾਈ ਕਰਨ ਦੇ ਹੱਕ ਤੋਂ ਵੀ ਵਿਰਵਾ ਰੱਖਿਆ। ਉਸ ਦੇ ਵਕੀਲਾਂ ਨੂੰ ਡਰਾ-ਧਮਕਾ ਕੇ ਕਾਨੂੰਨੀ ਪੈਰਵਾਈ ਕਰਨ ਤੋਂ ਰੋਕਣ ਦੀ ਕੋਸ਼ਿਸ਼ ਵੀ ਕੀਤੀ।

ਉਸ ਲਈ ਇਸ ਤਨਹਾ ਕੈਦ, ਬੇਕਿਰਕ ਤਸੀਹਿਆਂ, ਜੇਲ੍ਹ ਦੇ ਅਣਮਨੁੱਖੀ ਹਾਲਾਤ ਅਤੇ ਅਦਾਲਤ ਦੀ ਬੇਉਮੀਦ ਭਰੀ ਲਮਕਾਊ ਪ੍ਰਕਿਰਿਆ ਤੋਂ ਵੀ ਵੱਧ ਦੁਖਦਾਈ ਸੀ ਆਪਣੇ ਬੇਵੱਸ ਮਾਪਿਆਂ ਨੂੰ ਜੇਲ੍ਹਾਂ, ਕਚਹਿਰੀਆਂ 'ਚ ਰੁਲ਼ਦੇ ਤੇ ਮੁਸੀਬਤਾਂ ਝੱਲਦੇ ਤੱਕਣਾ। ਇਕ-ਦੋ ਰਿਸ਼ਤੇਦਾਰਾਂ ਤੋਂ ਸਿਵਾਇ ਇਹ ਸਿਰਫ਼ ਉਸ ਦੀ ਸਿਦਕ ਦੀ ਪੱਕੀ ਦੋਸਤ ਆਲੀਆ ਸੀ ਜਿਸ ਨੇ ਇਨ੍ਹਾਂ ਹਾਲਾਤ 'ਚ ਵੀ ਪਰਿਵਾਰ ਦਾ ਡਟ ਕੇ ਸਾਥ ਦਿੱਤਾ ਅਤੇ ਉਸ ਨੂੰ ਜੀਵਨ ਸਾਥੀ ਬਣਾਉਣ ਲਈ 14 ਸਾਲ ਉਡੀਕਿਆ। ਉਹ ਚਿੱਠੀਆਂ ਲਿਖ ਕੇ ਹੌਸਲਾ ਵੀ ਦਿੰਦੀ ਰਹੀ, ਜੇਲ੍ਹ ਤੇ ਅਦਾਲਤ 'ਚ ਉਸ ਨਾਲ ਮੁਲਾਕਾਤਾਂ ਵੀ ਕਰਦੀ ਰਹੀ ਅਤੇ ਰਿਹਾਈ ਤੋਂ ਬਾਅਦ ਉਸ ਦੀ ਜੀਵਨ ਸਾਥਣ ਬਣੀ। ਉਸ ਦੀ ਰਿਹਾਈ ਉਨ੍ਹਾਂ ਮਨੁੱਖਤਾ ਪ੍ਰੇਮੀ ਵਕੀਲਾਂ ਕਰ ਕੇ ਸੰਭਵ ਹੋਈ ਜਿਨ੍ਹਾਂ ਨੇ ਬਿਨਾਂ ਕੋਈ ਫ਼ੀਸ ਲਏ ਉਸ ਦੇ ਕੇਸਾਂ ਦੀ ਕਾਨੂੰਨੀ ਪੈਰਵੀ ਕੀਤੀ।

ਸਟੇਟ ਦੇ ਫਿਰਕੂਕਰਨ ਦਾ ਉੱਘੜਵਾਂ ਇਜ਼ਹਾਰ ਭਾਰਤੀ ਪਾਰਲੀਮੈਂਟ ਉੱਪਰ ਹਮਲੇ ਤੋਂ ਬਾਅਦ ਜੇਲ੍ਹ ਅਧਿਕਾਰੀਆਂ ਵੱਲੋਂ ਮੁਸਲਮਾਨ ਕੈਦੀਆਂ/ਅੰਡਰ-ਟਰਾਇਲਾਂ ਨੂੰ ਸਾਰੇ ਅਧਿਕਾਰਾਂ ਤੋਂ ਵਾਂਝੇ ਕਰ ਦੇਣ ਅਤੇ ਉਨ੍ਹਾਂ ਪ੍ਰਤੀ ਹੋਰ ਵੀ ਕਰੂਰ ਰਵੱਈਆ ਅਖ਼ਤਿਆਰ ਕਰਨ ਦੇ ਰੂਪ 'ਚ ਹੋਇਆ। ਜੇਲ੍ਹਾਂ ਵਿਚ ਮੁਸਲਮਾਨ ਤੇ ਕਸ਼ਮੀਰੀ ਕੈਦੀਆਂ ਦੀ ਗਿਣਤੀ ਇਕਦਮ ਵਧ ਗਈ। ਦੂਜੇ ਕੈਦੀਆਂ ਨੂੰ ਉਕਸਾ ਕੇ ਆਮਿਰ ਖ਼ਾਨ ਉੱਪਰ ਜਾਨਲੇਵਾ ਹਮਲਾ ਵੀ ਕਰਵਾਇਆ ਗਿਆ ਅਤੇ ਫਿਰ ਗਿਣੀਮਿੱਥੀ ਸਾਜ਼ਿਸ਼ ਤਹਿਤ ਜੇਲ੍ਹ ਵਿਚ ਫ਼ਸਾਦ ਕਰਨ ਦਾ ਦੋਸ਼ੀ ਵੀ ਉਸੇ ਨੂੰ ਬਣਾ ਦਿੱਤਾ ਗਿਆ। ਉਸ ਜੱਜ ਦਾ ਰਵੱਈਆ ਵੀ ਬਦਲ ਗਿਆ ਜੋ ਪੂਰੀ ਤਰ੍ਹਾਂ ਝੂਠੇ ਇਲਜ਼ਾਮਾਂ ਦੇ ਮੱਦੇਨਜ਼ਰ ਆਮਿਰ ਨੂੰ ਕਈ ਕੇਸਾਂ 'ਚੋਂ ਬਰੀ ਕਰ ਚੁੱਕਾ ਸੀ ਪਰ ਪਾਰਲੀਮੈਂਟ ਕਾਂਡ ਜਿਸ ਦੀ ਪੂਰੀ ਕਹਾਣੀ ਹੀ ਸਵਾਲਾਂ ਦੇ ਘੇਰੇ 'ਚ ਹੈ, ਤੋਂ ਬਾਅਦ ਜੱਜ ਵੀ ਫਿਰਕੂ ਰਾਸ਼ਟਰਵਾਦ ਦੇ ਜ਼ਹਿਰੀਲੇ ਅਸਰ ਤੋਂ ਅਣਭਿੱਜ ਨਾ ਰਹਿ ਸਕੇ। ਉਸ ਦੀ ਨਿਰਪੱਖਤਾ ਖ਼ੁਰਨੀ ਸ਼ੁਰੂ ਹੋ ਜਾਂਦੀ ਹੈ ਅਤੇ ਉਹ ਵੀ ਮੁਸਲਮਾਨਾਂ ਨੂੰ ਜਮਾਂਦਰੂ ਤੌਰ 'ਤੇ ਅਪਰਾਧੀ ਮੰਨ ਕੇ ਸਖ਼ਤੀ ਨਾਲ ਪੇਸ਼ ਆਉਣ ਦੇ ਰੁਖ ਅਖ਼ਤਿਆਰ ਕਰ ਲੈਂਦਾ ਹੈ।

ਆਮਿਰ ਖ਼ਾਨ 14 ਸਾਲ ਦੀ ਜੇਲ੍ਹਬੰਦੀ ਦੌਰਾਨ ਸਰੀਰਕ ਅਤੇ ਮਾਨਸਿਕ ਤਸੀਹਿਆਂ ਦਾ ਇਸ ਉਮੀਦ ਨਾਲ ਡਟ ਕੇ ਮੁਕਾਬਲਾ ਕਰਦਾ ਹੈ ਕਿ ਇਕ ਦਿਨ ਉਹ ਆਪਣੀ ਬੇਗੁਨਾਹੀ ਸਾਬਤ ਕਰਨ 'ਚ ਕਾਮਯਾਬ ਜ਼ਰੂਰ ਹੋਵੇਗਾ ਕਿਉਂਕਿ ਅਜਿਹਾ ਗੁਨਾਹ ਕਰਨਾ ਤਾਂ ਦੂਰ, ਉਸ ਨੇ ਤਾਂ ਅਜਿਹਾ ਕਰਨ ਦਾ ਕਦੇ ਸੁਪਨਾ ਵੀ ਨਹੀਂ ਸੀ ਲਿਆ। ਆਖ਼ਿਰਕਾਰ ਉਹ ਕੇਸ-ਦਰ-ਕੇਸ ਬਰੀ ਹੋ ਜਾਂਦਾ ਹੈ।

ਆਮਿਰ ਖ਼ਾਨ ਦੇ ਪਰਿਵਾਰ ਦੇ ਹਵਾਲੇ ਨਾਲ ਇਹ ਉਨ੍ਹਾਂ ਕਰੋੜਾਂ ਵਤਨਪ੍ਰਸਤ ਮੁਸਲਮਾਨਾਂ ਦੀ ਕਹਾਣੀ ਵੀ ਹੈ ਜਿਨ੍ਹਾਂ ਨੇ ਧਰਮ ਦੇ ਆਧਾਰ 'ਤੇ ਬਣਾਏ ਪਾਕਿਸਤਾਨ ਵਿਚ ਚਲੇ ਜਾਣ ਦੀ ਬਜਾਇ ਭਾਰਤ ਵਿਚ ਰਹਿਣ ਦੀ ਚੋਣ ਕੀਤੀ। ਉਸ ਵੰਡ ਦੌਰਾਨ ਕਈ ਪਰਿਵਾਰ ਦੋਹਾਂ ਮੁਲਕਾਂ 'ਚ ਵੰਡੇ ਵੀ ਗਏ। ਵਤਨ ਪ੍ਰੇਮੀ ਮੁਸਲਮਾਨਾਂ ਨੂੰ ਹੁਣ ਐਲਾਨੀਆ ਹਿੰਦੂ ਫਿਰਕਾਪ੍ਰਸਤ ਬਣ ਚੁੱਕੇ ਭਾਰਤ ਦੇ ਸਟੇਟ ਅੱਗੇ ਆਪਣਾ ਦੇਸ਼ ਪ੍ਰੇਮ ਸਾਬਤ ਕਰਨ ਦੀ ਜ਼ਲਾਲਤ ਝੱਲਣੀ ਪੈ ਰਹੀ ਹੈ। ਇਸਲਾਮ ਨੂੰ ਮੰਨਦੇ ਹੋਣ ਕਾਰਨ ਉਨ੍ਹਾਂ ਨੂੰ ਜਮਾਂਦਰੂ ਤੌਰ 'ਤੇ ਬੇਵਫ਼ਾ ਮੰਨਿਆ ਜਾਂਦਾ ਹੈ। ਦੇਸ਼ ਧ੍ਰੋਹੀ ਹਿੰਦੂਤਵ ਬ੍ਰਿਗੇਡ ਨੇ ਸੱਤਾ ਵਿਚ ਆ ਕੇ ਆਪਣੇ ਪ੍ਰਚਾਰਤੰਤਰ ਜ਼ਰੀਏ ਹੁਣ ਹਿੰਦੂ ਫਿਰਕੇ ਅੰਦਰ ਐਨੀ ਜ਼ਿਆਦਾ ਫਿਰਕੂ ਜ਼ਹਿਰ ਭਰ ਦਿੱਤੀ ਹੈ ਕਿ ਮਾਮੂਲੀ ਬਹਾਨੇ ਬਣਾ ਕੇ ਹਿੰਦੂ ਜਨੂਨੀ ਹਜੂਮ ਮੁਸਲਮਾਨਾਂ ਨੂੰ ਸ਼ਰੇਆਮ ਕੁੱਟ-ਕੁੱਟ ਕੇ ਮਾਰ ਦਿੰਦਾ ਹੈ। ਸਟੇਟ ਮਸ਼ੀਨਰੀ ਮੁਸਲਮਾਨਾਂ ਨੂੰ ਪੂਰੀ ਤਰ੍ਹਾਂ ਤਬਾਹ ਕਰ ਦੇਣ ਲਈ ਮਜ਼ਲੂਮਾਂ ਦੇ ਘਰ ਬੁਲਡੋਜ਼ਰ ਨਾਲ ਢਾਹ ਰਹੀ ਹੈ ਅਤੇ ਉਨ੍ਹਾਂ ਨੂੰ 'ਪਾਕਿਸਤਾਨ ਚਲੇ ਜਾਓ' ਦੇ ਮਿਹਣੇ ਦਿੱਤੇ ਜਾਂਦੇ ਹਨ।

2012 'ਚ ਰਿਹਾਈ ਤੋਂ ਬਾਅਦ ਆਮਿਰ ਹਿੰਦੂਤਵ ਬ੍ਰਿਗੇਡ ਦੇ ਸੱਤਾ ਵਿਚ ਆਉਣ ਨਾਲ ਬਣੇ ਹਾਲਾਤ ਦੇ ਮੱਦੇਨਜ਼ਰ ਉਹ ਫ਼ਿਕਰਮੰਦ ਹੈ ਕਿ ਉਸ ਦੀ ਧੀ ਦਾ ਭਵਿੱਖ ਕੀ ਹੋਵੇਗਾ ਜਿਸ ਦਾ ਨਾਂ ਅਨੂਸ਼ਾ ਉਸ ਨੇ ਮੁਸਲਿਮ ਪਰੰਪਰਾ ਨੂੰ ਤਿਆਗ ਕੇ ਰੱਖਿਆ ਹੈ। ਉਸ ਦੀ ਜ਼ੋਰਦਾਰ ਖ਼ਵਾਇਸ਼ ਹੈ ਅਤੇ ਸੁਚੇਤ ਯਤਨ ਵੀ ਕਿ ਉਸ ਦੀ ਧੀ ਕੱਟੜ ਧਾਰਮਿਕ ਨਾ ਬਣੇ ਸਗੋਂ ਉਸ ਦੇ ਦਿਲ ਵਿਚ ਸਾਰੇ ਧਰਮਾਂ ਲਈ ਡੂੰਘਾ ਸਤਿਕਾਰ ਹੋਵੇ।

ਆਮਿਰ ਦੇ ਸੰਘਰਸ਼ ਦਾ ਮਹੱਤਵਪੂਰਨ ਪਹਿਲੂ ਉਸ ਵੱਲੋਂ ਇਨ੍ਹਾਂ ਘੋਰ ਜਬਰ-ਜ਼ੁਲਮ ਅਤੇ ਅਨਿਆਂ ਦੇ ਹਾਲਾਤ 'ਚ ਵੀ ਆਪਣੀਆਂ ਉਨ੍ਹਾਂ ਧਰਮ ਨਿਰਪੱਖ ਇਨਸਾਨੀਅਤ ਪ੍ਰੇਮੀ ਕਦਰਾਂ-ਕੀਮਤਾਂ ਨੂੰ ਬਚਾ ਕੇ ਰੱਖਣ ਲਈ ਸੰਘਰਸ਼ ਹੈ ਜਿਨ੍ਹਾਂ ਦਰਮਿਆਨ ਉਸ ਦਾ ਪਾਲਣ-ਪੋਸ਼ਣ ਹੋਇਆ ਸੀ। ਕੱਟੜਤਾ ਤੋਂ ਮੁਕਤ ਧਰਮ ਨਿਰਪੱਖਤਾ ਉਸ ਨੂੰ ਆਪਣੇ ਅੱਬਾ ਤੋਂ ਮਿਲੀ ਜਿਸ ਨੇ ਆਪਣੇ ਦੂਜੇ ਪੁੱਤਰ ਨੂੰ ਇਸ ਲਈ 'ਮਰਿਆ ਸਮਝ ਲਿਆ' ਸੀ ਕਿ ਉਹ ਪਾਕਿਸਤਾਨ ਜਾ ਕੇ ਉੱਥੋਂ ਦਾ ਨਾਗਰਿਕ ਬਣ ਗਿਆ ਸੀ। ਜੇਲ੍ਹ ਜ਼ਿੰਦਗੀ 'ਚ ਆਮਿਰ ਨੇ ਦੇਖਿਆ ਕਿ ਇਨਸਾਨੀਅਤ ਦਾ ਬੀਜ ਨਾਸ ਨਹੀਂ ਹੋਇਆ। ਸਿੱਖ ਕੈਦੀਆਂ ਨੇ ਤਾਂ ਉਸ ਨੂੰ ਖ਼ਾਸ ਕਰ ਕੇ ਪ੍ਰਭਾਵਿਤ ਕੀਤਾ ਜੋ ਈਦ ਦੇ ਮੌਕੇ ਖ਼ਤਰਾ ਮੁੱਲ ਲੈ ਕੇ ਵੀ ਚੋਰੀ-ਚੋਰੀ ਉਸ ਦੀ ਕੋਠੜੀ ਅੰਦਰ ਦੁੱਧ ਦੇ ਪੈਕਟ ਤੇ ਖਾਣਪੀਣ ਦਾ ਹੋਰ ਸਮਾਨ ਪਹੁੰਚਾ ਦਿੰਦੇ ਸਨ ਤਾਂ ਜੋ ਉਹ ਈਦ ਮਨਾਉਣ ਦੀ ਖ਼ੁਸ਼ੀ ਤੋਂ ਵਿਰਵਾ ਨਾ ਰਹੇ। ਇਕ ਹੋਰ ਮਹੱਤਵਪੂਰਨ ਪਹਿਲੂ ਰਿਹਾਈ ਤੋਂ ਬਾਅਦ ਉਸ ਦਾ ਆਪਣੇ ਮੁੜ-ਵਸੇਬੇ ਲਈ ਸੰਘਰਸ਼ ਅਤੇ ਉਸ ਦਾ ਆਪਣੀ ਨਿੱਜੀ ਜ਼ਿੰਦਗੀ 'ਚ ਗ੍ਰਸਤ ਹੋਣ ਦੀ ਬਜਾਇ ਨਿਆਂਪਸੰਦ ਅਤੇ ਫਿਰਕੂ ਸਦਭਾਵਨਾ ਪ੍ਰੇਮੀ ਸੰਸਥਾਵਾਂ ਨਾਲ ਜੁੜਕੇ ਬਦੀ ਦੀਆਂ ਤਾਕਤਾਂ ਵਿਰੁੱਧ ਸੰਘਰਸ਼ ਵਿਚ ਸ਼ਾਮਲ ਹੋਣਾ ਹੈ। ਉਹ ਹੁਣ ਭਾਰਤ ਨੂੰ ਫਿਰਕੂ ਜ਼ਹਿਰ ਤੋਂ ਮੁਕਤ ਕਰਾਉਣ ਲਈ ਲੜ ਰਹੇ ਮਾਨਵਤਾਵਾਦੀ ਕਾਫ਼ਲੇ ਦਾ ਸਰਗਰਮ ਹਿੱਸੇਦਾਰ ਹੈ।

ਇਹ ਕਿਤਾਬ ਸਾਡੇ ਸਮਾਜ ਨੂੰ ਦਰਪੇਸ਼ ਬਹੁਤ ਹੀ ਮਹੱਤਵਪੂਰਨ ਮਸਲਿਆਂ ਬਾਰੇ ਸੁਚੇਤ ਅਤੇ ਜਾਗਰੂਕ ਕਰਦੀ ਹੈ। ਨਿਰੰਕੁਸ਼ ਹਕੂਮਤ ਵੱਲੋਂ ਆਪਣੇ ਸੌੜੇ ਹਿਤਾਂ ਲਈ ਪਹਿਲਾਂ ਯੂ.ਏ.ਪੀ.ਏ. ਵਗੈਰਾ ਅਤੇ ਹੁਣ ਕਾਲੇ ਕਾਨੂੰਨਾਂ ਦੀ ਨਵੀਂ ਵਿਵਸਥਾ ਬਣਾ ਕੇ ਪੁਲਿਸ ਅਤੇ ਜਾਂਚ ਏਜੰਸੀਆਂ ਨੂੰ ਐਨੇ ਜ਼ਿਆਦਾ ਬੇਰੋਕ-ਟੋਕ ਅਧਿਕਾਰ ਦੇ ਦਿੱਤੇ ਗਏ ਹਨ ਕਿ ਉਹ ਕਿਸੇ ਵੀ ਬੇਕਸੂਰ ਵਿਅਕਤੀ ਨੂੰ ਅਗਵਾ ਕਰ ਕੇ ਗ਼ੈਰ-ਕਾਨੂੰਨੀ ਹਿਰਾਸਤ ਵਿਚ ਰੱਖ ਸਕਦੀ ਹੈ ਅਤੇ ਝੂਠੇ ਦੋਸ਼ਾਂ ਤਹਿਤ ਦਹਾਕਿਆਂ ਤੱਕ ਜੇਲ੍ਹ ਵਿਚ ਸਾੜ ਸਕਦੀ ਹੈ।

ਸਵਾਲ ਹੈ: ਆਮਿਰ ਖ਼ਾਨ ਵਰਗਿਆਂ ਦੇ ਬੇਗੁਨਾਹ ਸਿੱਧ ਹੋ ਜਾਣ ਨਾਲ ਉਨ੍ਹਾਂ ਦੀ ਜ਼ਿੰਦਗੀ ਦੇ ਵਡਮੁੱਲੇ ਸਾਲ ਤਾਂ ਵਾਪਸ ਨਹੀਂ ਆਉਣੇ ਜੋ ਇਸ ਰਾਜਤੰਤਰ ਦੀਆਂ ਇਨਸਾਨੀਅਤ ਵਿਰੋਧੀ ਸਾਜ਼ਿਸ਼ਾਂ ਨੇ ਉਨ੍ਹਾਂ ਤੋਂ ਖੋਹ ਲਏ। ਉਸ ਦਾ ਸਹਿ-ਦੋਸ਼ੀ ਸ਼ਕੀਲ ਤਾਂ ਜੇਲ੍ਹ 'ਚ ਐਨਾ ਨਿਰਾਸ਼ ਹੋ ਗਿਆ ਕਿ ਉਸ ਨੇ ਫਾਹਾ ਲੈ ਕੇ ਆਪਣੀ ਜ਼ਿੰਦਗੀ ਦਾ ਅੰਤ ਕਰ ਲਿਆ ਸੀ। ਇਹ ਦਿਲ ਦਹਿਲਾ ਦੇਣ ਵਾਲੀ ਹੱਡਬੀਤੀ ਸਮਾਜ ਦੇ ਇਨਸਾਨੀਅਤ ਪ੍ਰੇਮੀ, ਜਾਗਰੂਕ ਹਿੱਸਿਆਂ ਨੂੰ ਇਸ ਫਰਜ਼ ਦਾ ਅਹਿਸਾਸ ਕਰਾਉਂਦੀ ਹੈ ਕਿ ਇਸ ਰਾਜ ਪ੍ਰਬੰਧ ਦੀ ਕਰੂਰ ਫ਼ਿਤਰਤ ਦੇ ਮੱਦੇਨਜ਼ਰ ਸਾਨੂੰ ਜੇਲ੍ਹਾਂ 'ਚ ਸੜ ਰਹੇ ਕੈਦੀਆਂ, ਖ਼ਾਸ ਕਰ ਕੇ ਵਿਚਾਰ ਅਧੀਨ ਕੈਦੀਆਂ ਦੀਆਂ ਜ਼ਿੰਦਗੀਆਂ ਪ੍ਰਤੀ ਸੰਵੇਦਨਸ਼ੀਲ ਹੀ ਨਹੀਂ ਹੋਣਾ ਚਾਹੀਦਾ ਸਗੋਂ ਇਹ ਯਕੀਨੀ ਬਣਾਉਣ ਲਈ ਸੁਹਿਰਦ ਹੋ ਕੇ ਸੰਘਰਸ਼ ਵੀ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਿਨਾਂ ਦੋਸ਼ ਸਾਬਤ ਕੀਤੇ ਵਿਚਾਰ ਅਧੀਨ ਕੈਦੀ ਦੇ ਰੂਪ 'ਚ ਜੇਲ੍ਹ 'ਚ ਨਾ ਸੜਨਾ ਪਵੇ। ਹਕੂਮਤ ਨੂੰ ਸਖ਼ਤੀ ਨਾਲ ਜਵਾਬਦੇਹ ਬਣਾਇਆ ਜਾਵੇ ਤਾਂ ਜੋ ਉਹ ਆਪਣੇ ਰਾਜਨੀਤਕ ਏਜੰਡਿਆਂ ਤਹਿਤ ਲਈ ਬੇਗੁਨਾਹਾਂ ਨੂੰ ਜੇਲ੍ਹਾਂ 'ਚ ਡੱਕਣ ਅਤੇ ਇਸ ਖ਼ਾਤਰ ਕਥਿਤ ਸੁਰੱਖਿਆਤੰਤਰ ਨੂੰ ਆਪਣੇ ਸੰਦ ਬਣਾ ਕੇ ਵਰਤਣਾ ਬੰਦ ਕਰੇ।

## ਨਿਆਂ ਪ੍ਰਣਾਲੀ ਦੀਆਂ ਨਾਕਾਮੀਆਂ ਲਈ ਸ਼ੀਸ਼ਾ

*ਮੁਹੰਮਦ ਆਮਿਰ ਖਾਨ ਦੇ ਅਨੁਭਵ ਦਾ ਇਹ ਕਮਾਲ ਦਾ ਬਿਰਤਾਂਤ ਸਾਡੀ ਫ਼ੌਜਦਾਰੀ ਨਿਆਂ ਪ੍ਰਣਾਲੀ ਦੀਆਂ ਨਾਕਾਮੀਆਂ ਲਈ ਸ਼ੀਸ਼ਾ ਹੈ। ਇਹ ਸਾਰੀਆਂ ਔਕੜਾਂ ਵਿਰੁੱਧ ਅਦੁੱਤੀ ਮਨੁੱਖੀ ਲਚਕੀਲੇਪਣ ਨੂੰ ਵੀ ਦਿਖਾਉਂਦਾ ਹੈ।... ਹੱਡਬੀਤੀ ਦੇ ਰੂਪ ਵਿਚ ਬਿਆਨ ਕੀਤੀ ਗਈ ਇਹ ਪ੍ਰੇਰਨਾਦਾਇਕ ਸੱਚੀ ਕਹਾਣੀ ਨਾ ਸਿਰਫ਼ ਕਾਨੂੰਨ ਦੇ ਹਰ ਵਿਦਿਆਰਥੀ, ਅਧਿਆਪਕ ਅਤੇ ਵਕੀਲ ਨੂੰ ਲਾਜ਼ਮੀ ਪੜ੍ਹਨੀ ਚਾਹੀਦੀ ਹੈ ਸਗੋਂ ਹਰ ਉਸ ਵਿਅਕਤੀ ਲਈ ਵੀ ਲਾਜ਼ਮੀ ਹੋਣੀ ਚਾਹੀਦੀ ਹੈ ਜੋ ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੀਆਂ ਸਦੀਵੀ ਕਦਰਾਂ-ਕੀਮਤਾਂ ਵਿਚ ਯਕੀਨ ਰੱਖਦਾ ਹੈ ਜੋ ਸਾਡੇ ਸੰਵਿਧਾਨ ਦਾ ਆਧਾਰ ਹਨ ਅਤੇ ਜਿਨ੍ਹਾਂ ਤੋਂ ਬਿਨਾਂ ਕਾਨੂੰਨ ਦਾ ਸਹੀ ਰਾਜ ਨਹੀਂ ਹੋ ਸਕਦਾ। -ਡਾ. ਐੱਸ. ਮੁਰਲੀਧਰ (ਸਾਬਕਾ ਚੀਫ ਜਸਟਿਸ)*



# ਪਾਕਿਸਤਾਨ 'ਚ ਪਰਵਾਸੀ ਸਿੱਖ ਯਾਤਰੀਆਂ ਨੂੰ ਮੁਫਤ ਆਨਲਾਈਨ ਵੀਜ਼ਾ

**ਇਸਲਾਮਾਬਾਦ:** ਪਾਕਿਸਤਾਨ ਦੇ ਗ੍ਰਹਿ ਮੰਤਰੀ ਮੋਹਸਿਨ ਨਕਵੀ ਨੇ ਕਿਹਾ ਕਿ ਯੂ.ਕੇ., ਅਮਰੀਕਾ ਤੇ ਕੈਨੇਡਾ ਤੋਂ ਪਾਕਿਸਤਾਨ ਵਿਚ ਆਪਣੇ ਧਾਰਮਿਕ ਅਸਥਾਨਾਂ ਦੇ ਦਰਸ਼ਨਾਂ ਲਈ ਆਉਣ ਵਾਲੇ ਸਿੱਖ ਯਾਤਰੀਆਂ ਨੂੰ ਮੁਲਕ 'ਚ ਪਹੁੰਚਣ ਉਤੇ ਅੱਧੇ ਘੰਟੇ ਦੇ ਅੰਦਰ ਮੁਫ਼ਤ ਆਨਲਾਈਨ ਵੀਜ਼ਾ ਮਿਲੇਗਾ। ਨਕਵੀ ਨੇ ਇਹ ਟਿੱਪਣੀ ਲਾਹੌਰ 'ਚ ਸਿੱਖ ਯਾਤਰੀਆਂ ਦੇ 44 ਮੈਂਬਰੀ ਵਿਦੇਸ਼ੀ ਵਫ਼ਦ ਨਾਲ ਮੁਲਾਕਾਤ ਤੋਂ ਬਾਅਦ ਕੀਤੀ ਹੈ।

ਉਨ੍ਹਾਂ ਇਹ ਐਲਾਨ ਵੀ ਕੀਤਾ ਕਿ ਪਾਕਿਸਤਾਨ 'ਚ ਕਈ ਸਿੱਖ ਵਿਰਾਸਤੀ ਸਥਾਨ ਦਰਸ਼ਨਾਂ ਲਈ ਖੋਲ੍ਹੇ ਜਾਣਗੇ ਅਤੇ ਇਸ ਲਈ ਕਿਸੇ ਪਰਮਿਟ ਦੀ ਲੋੜ ਨਹੀਂ ਹੋਵੇਗੀ। ਗ੍ਰਹਿ ਮੰਤਰਾਲੇ ਵੱਲੋਂ ਜਾਰੀ ਬਿਆਨ ਮੁਤਾਬਕ ਮੰਤਰੀ ਨੇ ਪਾਕਿਸਤਾਨ 'ਚ ਸਿੱਖ ਸ਼ਰਧਾਲੂਆਂ ਦਾ ਨਿੱਘਾ



ਸਵਾਗਤ ਕੀਤਾ। ਉਨ੍ਹਾਂ ਮੰਨਿਆ ਕਿ ਪਿਛਲੇ ਸਮੇਂ ਦੌਰਾਨ ਪਾਕਿਸਤਾਨ ਦੌਰੇ 'ਤੇ ਆਉਣ ਵਾਲੇ ਸਿੱਖ ਸ਼ਰਧਾਲੂਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਸੀ। ਨਕਵੀ ਨੇ ਐਲਾਨ ਕੀਤਾ ਕਿ ਸਰਕਾਰ ਨੇ ਸਿੱਖ ਸ਼ਰਧਾਲੂਆਂ ਲਈ ਵੀਜ਼ਾ ਪ੍ਰਕਿਰਿਆ ਨੂੰ ਆਨਲਾਈਨ ਕਰਕੇ ਸੁਖਾਲਾ ਬਣਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਅਮਰੀਕੀ, ਕੈਨੇਡਿਆਈ ਅਤੇ ਯੂਕੇ ਦੇ ਪਾਸਪੋਸਟ ਵਾਲੇ ਆਨਲਾਈਨ ਅਪਲਾਈ ਕਰ ਸਕਦੇ ਹਨ ਅਤੇ 30 ਮਿੰਟਾਂ ਦੇ ਅੰਦਰ ਬਿਨਾਂ ਕਿਸੇ ਫੀਸ ਤੋਂ ਆਪਣਾ ਵੀਜ਼ਾ ਪ੍ਰਾਪਤ ਕਰ ਸਕਦੇ ਹਨ। ਇਹ ਸਹੂਲਤ ਇਨ੍ਹਾਂ ਦੇਸ਼ਾਂ 'ਚ ਰਹਿਣ ਵਾਲੇ ਭਾਰਤੀ ਮੂਲ ਦੇ ਸਿੱਖਾਂ ਨੂੰ ਵੀ ਮਿਲੇਗੀ। ਮੰਤਰੀ ਨੇ ਆਖਿਆ ਕਿ ਸਿੱਖ ਭਾਈਚਾਰੇ ਨੂੰ ਹੋਰ ਜ਼ਿਆਦਾ ਸਹੂਲਤਾਂ ਮੁਹੱਈਆ ਕਰਵਾਉਣਾ ਉਨ੍ਹਾਂ ਦੀ ਸਰਕਾਰ ਦੀ ਤਰਜੀਹ ਹੈ। ਨਕਵੀ ਨੇ ਆਖਿਆ ਕਿ ਜਿਵੇਂ ਸਾਊਦੀ ਅਰਬ ਮੁਸਲਮਾਨਾਂ ਲਈ ਮੁਕੱਦਸ ਸਥਾਨ ਹੈ, ਉਸੇ ਤਰ੍ਹਾਂ ਸਿੱਖਾਂ ਲਈ ਪਾਕਿਸਤਾਨ ਪਵਿੱਤਰ ਸਥਾਨ ਹੈ।

## ਕਰਤਾਰਪੁਰ ਲਾਂਘੇ ਲਈ ਜਾਰੀ ਰਹੇਗੀ 20 ਡਾਲਰ ਫੀਸ

**ਅੰਮ੍ਰਿਤਸਰ:** ਪਾਕਿਸਤਾਨ ਸਥਿਤ ਗੁਰਦੁਆਰਾ ਕਰਤਾਰਪੁਰ ਸਾਹਿਬ ਲਾਂਘੇ ਲਈ ਪਾਕਿਸਤਾਨ ਵੱਲੋਂ ਲਾਈ ਗਈ 20 ਅਮਰੀਕੀ ਡਾਲਰ ਦੀ ਫੀਸ ਭਾਰਤੀ ਯਾਤਰੀਆਂ ਲਈ ਪਹਿਲਾਂ ਵਾਂਗ ਹੀ ਜਾਰੀ ਰਹੇਗੀ। ਇਹ ਖੁਲਾਸਾ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਘੱਟ ਗਿਣਤੀਆਂ ਬਾਰੇ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਕੀਤਾ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੇ ਗ੍ਰਹਿ ਮੰਤਰੀ ਵੱਲੋਂ ਕੁਝ ਦਿਨ ਪਹਿਲਾਂ ਇਹ ਐਲਾਨ ਕੀਤਾ ਗਿਆ ਸੀ ਕਿ ਅਮਰੀਕਾ ਵਿਚ ਰਹਿੰਦੇ ਸਿੱਖ ਜਿਨ੍ਹਾਂ ਦਾ ਜਨਮ ਸਥਾਨ ਭਾਵੇਂ ਭਾਰਤ ਹੈ, ਪਰ ਪਾਸਪੋਰਟ ਅਮਰੀਕਾ ਦਾ ਹੈ, ਨੂੰ ਪਾਕਿਸਤਾਨ ਵਿਚ ਆਮਦ ਸਮੇਂ 'ਆਨ ਅਰਾਈਵਲ ਵੀਜ਼ਾ' ਮਿਲੇਗਾ।

# ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਮੁਜ਼ਾਹਰੇ

**ਚੰਡੀਗੜ੍ਹ:** ਕਿਰਤੀ ਕਿਸਾਨ ਯੂਨੀਅਨ ਨੇ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਅਤੇ ਦੇਸ਼ ਵਿਚ ਘੱਟ ਗਿਣਤੀਆਂ ਨੂੰ ਨਿਸ਼ਾਨਾ ਬਣਾਏ ਜਾਣ ਖਿਲਾਫ਼ ਸੂਬੇ ਵਿਚ ਰੋਸ ਪ੍ਰਦਰਸ਼ਨ ਕੀਤੇ। ਇਸ ਦੌਰਾਨ ਕਿਸਾਨਾਂ ਨੇ ਕਿਹਾ ਕਿ ਸਿੱਖ ਕਤਲੇਆਮ ਦੇ ਪੀੜਤਾਂ ਨੂੰ 40 ਸਾਲ ਬੀਤ ਜਾਣ ਦੇ ਬਾਵਜੂਦ ਇਨਸਾਫ਼ ਨਹੀਂ ਮਿਲਿਆ। ਉਨ੍ਹਾਂ ਕੇਂਦਰ 'ਤੇ ਹਿੰਦੂਤਵੀ ਫਾਸ਼ੀਵਾਦੀ ਮੁਹਿੰਮ ਤਹਿਤ ਘੱਟ-ਗਿਣਤੀਆਂ ਨੂੰ ਨਿਸ਼ਾਨਾ ਬਣਾਉਣ ਦਾ ਦੋਸ਼ ਲਾਇਆ। ਜਾਣਕਾਰੀ ਅਨੁਸਾਰ ਕਿਰਤੀ ਕਿਸਾਨ ਯੂਨੀਅਨ ਨੇ ਜ਼ਿਲ੍ਹਾ ਪਟਿਆਲਾ ਦੇ ਸਮਾਣਾ, ਪਾਤੜਾਂ, ਕਪੂਰਥਲਾ ਦੇ ਭੰਡਾਲ ਬੇਟ, ਕਾਲਾ ਸੰਘਿਆ, ਅੰਮ੍ਰਿਤਸਰ ਦੇ ਗੁਰੂ ਕਾ ਬਾਗ, ਸਾਦਿਕ, ਗੁਰਦਾਸਪੁਰ ਅਤੇ ਸੰਗਰੂਰ ਦੇ ਬਹਾਦਰਪੁਰ ਸਮੇਤ ਸੂਬੇ ਵਿਚ ਵੱਖ-ਵੱਖ ਥਾਵਾਂ 'ਤੇ ਮੁਜ਼ਾਹਰੇ ਕੀਤੇ।

ਆਗੂਆਂ ਨੇ ਕਿਹਾ ਕਿ ਸਿੱਖ ਨਸਲਕੁਸ਼ੀ ਦੇ 40 ਸਾਲ ਬੀਤ ਜਾਣ ਬਾਅਦ ਵੀ ਪੀੜਤਾਂ ਨੂੰ ਇਨਸਾਫ਼ ਨਹੀਂ ਮਿਲਿਆ ਤੇ ਨਾ ਹੀ ਭਾਰਤੀ ਹਾਕਮਾਂ ਨੇ ਘੱਟ ਗਿਣਤੀਆਂ ਪ੍ਰਤੀ ਆਪਣੀ ਸਮਝ 'ਚ ਕੋਈ ਤਬਦੀਲੀ ਲਿਆਂਦੀ ਹੈ। ਉਨ੍ਹਾਂ ਕਿਹਾ ਕਿ 1984 ਵਿਚ ਦੇਸ਼ ਦੇ ਕੁਝ ਹਿੱਸਿਆਂ ਵਿਚ ਕਾਂਗਰਸ ਦੀ ਅਗਵਾਈ ਵਾਲੀ ਤਤਕਾਲੀ




ਕੇਂਦਰ ਸਰਕਾਰ ਦੀ ਸ਼ਹਿ 'ਤੇ ਸਿੱਖਾਂ ਦਾ ਕਤਲੇਆਮ, ਧੀਆਂ-ਭੈਣਾਂ ਦੀ ਬੇਪੱਤੀ ਸਮੇਤ ਕਰੋੜਾਂ ਅਰਬਾਂ ਦੀ ਜਾਇਦਾਦ ਬਰਬਾਦ ਕੀਤੀ ਗਈ। ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਵਰਗੇ ਅਸਰ-ਰਸੂਖ ਵਾਲੇ ਵਿਅਕਤੀਆਂ ਵਿਰੁੱਧ ਮੁਕੱਦਮੇ ਵਿਚ ਦੋਸ਼ ਤੈਅ ਕਰਨ ਦਾ ਅਮਲ ਹੀ ਡੇਢ ਦਹਾਕੇ ਤੱਕ ਲਟਕਿਆ ਰਿਹਾ।

ਕਿਸਾਨ ਆਗੂਆਂ ਨੇ ਕਿਹਾ ਕਿ ਇਸ ਸਮੇਂ ਵੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰੀ ਹਕੂਮਤ ਆਪਣੀ ਫਾਸ਼ੀਵਾਦੀ ਮੁਹਿੰਮ ਤਹਿਤ ਘੱਟ ਗਿਣਤੀਆਂ, ਬੁੱਧੀਜੀਵੀਆਂ, ਲੇਖਕਾਂ ਅਤੇ ਸਰਕਾਰ ਨਾਲ ਅਸਹਿਮਤੀ ਰੱਖਣ ਵਾਲੇ ਕਾਰਕੁਨਾਂ ਨੂੰ ਨਿਸ਼ਾਨਾ ਬਣਾ ਰਹੀ ਹੈ। ਯੂਪੀ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਤੇ ਮੋਦੀ ਦੀ ਆਲੋਚਨਾ ਕਰਨ ਉਤੇ ਹੀ ਦੇਸ਼ਧ੍ਰੋਹ ਦੇ ਮੁਕੱਦਮੇ ਕਰਕੇ ਲੋਕਾਂ ਨੂੰ ਜੇਲ੍ਹਾਂ ਵਿਚ ਡੱਕਿਆਂ ਜਾ ਰਿਹਾ ਹੈ।

ਉਨ੍ਹਾਂ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਕਸਾਰ ਸਿਵਲ ਕੋਡ ਲਾਗੂ ਕਰ ਕੇ ਦੇਸ਼ ਦੀ ਸੱਭਿਆਚਾਰਕ ਵੰਨ-ਸਵੰਨਤਾ ਨੂੰ ਭਗਵੇਂ ਰੰਗ ਵਿਚ ਰੰਗਣਾ ਚਾਹੁੰਦੀ ਹੈ। ਇਹ ਨੀਤੀ ਦੇਸ਼ ਵਿਚ ਨਫ਼ਰਤ ਦਾ ਮਾਹੌਲ ਉਸਾਰਨ ਦੇ ਨਾਲ-ਨਾਲ ਸੰਘੀ ਢਾਂਚੇ, ਘੱਟ ਗਿਣਤੀਆਂ ਅਤੇ ਵੱਖ-ਵੱਖ ਬੋਲੀਆਂ ਤੇ ਭਾਸ਼ਾਵਾਂ ਲਈ ਖਤਰੇ ਦੀ ਘੰਟੀ ਹੈ। ਕਿਸਾਨ ਜਥੇਬੰਦੀ ਨੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖ਼ਤ ਸਜ਼ਾਵਾਂ ਦੇਣ ਦੀ ਮੰਗ ਕੀਤੀ ਅਤੇ ਕਿਹਾ ਹੈ ਕਿ ਪੀੜਤ ਚਾਰ ਦਹਾਕਿਆਂ ਤੋਂ ਇਨਸਾਫ ਦੀ ਉਡੀਕ ਕਰ ਰਹੇ ਹਨ ਅਤੇ ਇਨਸਾਫ ਦਿੱਤਾ ਨਹੀਂ ਜਾ ਰਿਹਾ।

# ਸ਼੍ਰੋਮਣੀ ਕਮੇਟੀ ਪੀੜਤ ਪਰਿਵਾਰਾਂ ਦੀ ਹਰ ਮਦਦ ਲਈ ਤਿਆਰ: ਧਾਮੀ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਨਵੰਬਰ 1984 ਸਿੱਖ ਕਤਲੇਆਮ ਦੇ ਪੀੜਤ ਪਰਿਵਾਰਾਂ ਦੀ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਹੈ ਅਤੇ ਇਨਸਾਫ਼ ਦੀ ਲੜਾਈ 'ਚ ਲੋੜੀਂਦੀ ਭੂਮਿਕਾ ਨਿਭਾਉਂਦੀ ਰਹੇਗੀ।

ਉਨ੍ਹਾਂ ਦਿੱਲੀ ਵਿਚ ਸਿੱਖ ਕਤਲੇਆਮ ਦੀ 40ਵੀਂ ਵਰ੍ਹੇਗੰਢ ਮੌਕੇ ਗੁਰਦੁਆਰਾ ਸ਼ਹੀਦਗੰਜ ਸਾਹਿਬ, ਤਿਲਕ ਵਿਹਾਰ ਦਿੱਲੀ ਵਿਚ ਕਰਵਾਏ ਗੁਰਮਤਿ ਸਮਾਗਮ ਵਿਚ ਸ਼ਮੂਲੀਅਤ ਕੀਤੀ। ਧਾਮੀ ਨੇ ਸਿੱਖ ਕਤਲੇਆਮ ਵਿਚ ਜਾਨਾਂ ਗਵਾਉਣ ਵਾਲਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਸਰਕਾਰਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਚੁੱਕੇ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ਼ਹੀਦਗੰਜ ਸਾਹਿਬ ਲਈ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਇਸ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਮਨਜੀਤ ਸਿੰਘ ਜੀਕੇ ਨੇ ਪੀੜਤਾਂ ਨੂੰ 1984 ਦਾ ਇਨਸਾਫ਼,



ਮੁੜ ਵਸੇਬਾ ਤੇ ਹੋਰ ਸਮਾਜਿਕ ਸਹੂਲਤਾਂ ਮੁਹੱਈਆ ਕਰਵਾਉਣ ਬਾਰੇ ਸਰਕਾਰੀ ਤੰਤਰ ਦੇ ਰਵੱਈਏ 'ਤੇ ਨਾਰਾਜ਼ਗੀ ਜ਼ਾਹਿਰ ਕੀਤੀ। ਉਨ੍ਹਾਂ ਕੇਂਦਰ ਸਰਕਾਰ ਨੂੰ 1984 ਸਿੱਖ ਕਤਲੇਆਮ ਲਈ ਸਿੱਖ ਕੌਮ ਤੋਂ ਮੁਆਫ਼ੀ ਮੰਗਣ ਲਈ ਵੀ ਕਿਹਾ ਹੈ।

ਉਨ੍ਹਾਂ ਕਿਹਾ ਕਿ ਜੇ ਪੜਚੋਲ ਕਰੀਏ ਤਾਂ ਸਾਡੇ ਨਾਲ ਸੁਪਰੀਮ ਕੋਰਟ ਵੀ ਖੜ੍ਹਾ ਨਹੀਂ ਹੋਇਆ, ਜਦਕਿ 2002 ਦੇ ਗੁਜਰਾਤ ਦੰਗਿਆਂ ਦੇ ਸਮੇਂ ਸੁਪਰੀਮ ਕੋਰਟ ਨੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਦਾ ਰਾਹ ਪੱਧਰਾ ਕੀਤਾ ਸੀ।

# ਰਾਜੋਆਣਾ ਨੂੰ ਸੁਪਰੀਮ ਕੋਰਟ ਤੋਂ ਫਿਲਹਾਲ ਨਾ ਮਿਲੀ ਰਾਹਤ

**ਨਵੀਂ ਦਿੱਲੀ:** ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਦੇ ਦੋਸ਼ੀ ਬਲਵੰਤ ਸਿੰਘ ਰਾਜੋਆਣਾ ਨੂੰ ਸੁਪਰੀਮ ਕੋਰਟ ਵੱਲੋਂ ਕੋਈ ਅੰਤਰਿਮ ਰਾਹਤ ਨਹੀਂ ਮਿਲ ਸਕੀ, ਕਿਉਂਕਿ ਸੁਪਰੀਮ ਕੋਰਟ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਦੀ ਮੰਗ ਕਰਦੀ ਪਟੀਸ਼ਨ 'ਤੇ ਸੁਣਵਾਈ 18 ਨਵੰਬਰ ਤੱਕ ਟਾਲ ਦਿੱਤੀ ਹੈ।

ਜਸਟਿਸ ਬੀ.ਆਰ. ਗਵਈ ਦੀ ਅਗਵਾਈ ਵਾਲੇ ਤਿੰਨ ਮੈਂਬਰੀ ਬੈਂਚ ਨੇ ਰਾਜੋਆਣਾ ਦੀ ਨੁਮਾਇੰਦਗੀ ਕਰ ਰਹੇ ਸੀਨੀਅਰ ਵਕੀਲ ਮੁਕੁਲ ਰੋਹਤਗੀ ਨੂੰ ਕਿਹਾ ਕਿ ਉਨ੍ਹਾਂ (ਕੇਂਦਰ ਅਤੇ ਪੰਜਾਬ ਸਰਕਾਰ) ਨੂੰ ਸੁਣੇ ਬਿਨਾਂ ਕੋਈ ਅੰਤਰਿਮ ਰਾਹਤ ਨਹੀਂ ਦਿੱਤੀ ਜਾ ਸਕਦੀ।" ਅਦਾਲਤ ਦੀ ਇਹ ਟਿੱਪਣੀ ਰੋਹਤਗੀ ਵੱਲੋਂ ਬੈਂਚ ਨੂੰ ਦੋਸ਼ੀ ਨੂੰ ਕੁਝ ਅੰਤਰਿਮ ਰਾਹਤ ਦੇਣ ਅਤੇ ਇਸ ਤੱਥ ਦੇ ਮੱਦੇਨਜ਼ਰ ਕੁਝ ਮਹੀਨਿਆਂ ਲਈ ਰਿਹਾਅ ਕਰਨ ਦੀ ਅਪੀਲ ਕਰਨ ਤੋਂ ਬਾਅਦ ਆਇਆ ਕਿ ਉਸ ਦੀ ਰਹਿਮ ਦੀ ਪਟੀਸ਼ਨ 12 ਸਾਲਾਂ ਤੋਂ ਲਟਕ ਰਹੀ ਹੈ।

ਰੋਹਤਗੀ ਨੇ ਇਸ ਨੂੰ ਹੈਰਾਨ ਕਰਨ ਵਾਲਾ ਕੇਸ ਕਰਾਰ ਦਿੰਦੇ ਹੋਏ ਕਿਹਾ ਕਿ ਰਾਜੋਆਣਾ ਨੂੰ ਘੱਟੋ-ਘੱਟ ਛੇ ਮਹੀਨਿਆਂ ਲਈ ਬਾਹਰ ਰਹਿਣ ਦਿਓਤੇ ਘੱਟੋ-ਘੱਟ, ਉਸ ਨੂੰ ਦੇਖਣ ਦਿਓ ਕਿ ਬਾਹਰ ਕੀ ਹੈ, ਉਸ ਦੀ ਰਹਿਮ ਦੀ ਅਪੀਲ ਪਿਛਲੇ 12 ਸਾਲਾਂ ਤੋਂ ਪੈਂਡਿੰਗ ਹੈ। ਇਹ ਧਾਰਾ 21 (ਜੀਵਨ ਅਤੇ ਆਜ਼ਾਦੀ ਦੇ ਅਧਿਕਾਰ) ਦੀ ਪੂਰੀ ਤਰ੍ਹਾਂ ਉਲੰਘਣਾ ਹੈ। ਬਹੁਤ ਸਤਿਕਾਰ ਨਾਲ, ਮੈਂ ਕੁਝ ਅੰਤਰਿਮ ਰਾਹਤ ਦੀ ਬੇਨਤੀ ਕਰ ਰਿਹਾ ਹਾਂ।" ਰੋਹਤਗੀ ਨੇ ਦੱਸਿਆ ਕਿ 29 ਸਾਲਾਂ 'ਚੋਂ



17 ਸਾਲ ਉਹ ਫਾਂਸੀ ਦੀ ਸਜ਼ਾ 'ਤੇ ਰਿਹਾ ਹੈ ਅਤੇ ਇਸ ਦੇ ਬਾਵਜੂਦ ਸਰਕਾਰ ਨੇ ਉਸ ਦੀ ਰਹਿਮ ਦੀ ਅਪੀਲ ਦਾ ਨਿਪਟਾਰਾ ਨਹੀਂ ਕੀਤਾ ਹੈ ਜਦਕਿ ਬਾਕੀਆਂ ਦੀ ਮੌਤ ਦੀ ਸਜ਼ਾ ਨੂੰ ਸੁਪਰੀਮ ਕੋਰਟ ਨੇ ਉਮਰ ਕੈਦ 'ਚ ਬਦਲ ਦਿੱਤਾ ਹੈ। ਉਨ੍ਹਾਂ ਕਿਹਾ ਕਿ ਰਾਜੋਆਣਾ ਦੀ ਪਹਿਲੀ ਪਟੀਸ਼ਨ ਦਾ ਮਈ 2023 ਵਿਚ ਨਿਪਟਾਰਾ ਕਰ ਦਿੱਤਾ ਗਿਆ ਸੀ, ਜਿਸ ਵਿਚ ਕਿਹਾ ਗਿਆ ਸੀ ਕਿ ਸਬੰਧਤ ਅਥਾਰਿਟੀ ਵੱਲੋਂ ਸਮੇਂ ਸਿਰ ਇਸ 'ਤੇ ਕਾਰਵਾਈ ਕੀਤੀ ਜਾਵੇਗੀ ਪਰ ਪਿਛਲੇ ਡੇਢ ਸਾਲ ਵਿੱਚ ਕੁਝ ਨਹੀਂ ਹੋਇਆ। ਬੈਂਚ, ਜਿਸ ਵਿਚ ਜਸਟਿਸ ਪੀਕੇ ਮਿਸ਼ਰਾ ਅਤੇ ਜਸਟਿਸ ਕੇਵੀ ਵਿਸ਼ਵਨਾਥਨ ਵੀ ਸ਼ਾਮਲ ਸਨ, ਨੇ ਪੰਜਾਬ ਸਰਕਾਰ ਵੱਲੋਂ ਰਾਜੋਆਣਾ ਦੀ ਪਟੀਸ਼ਨ 'ਤੇ ਜਵਾਬ ਦੇਣ ਲਈ ਸਮਾਂ ਮੰਗਣ ਤੋਂ ਬਾਅਦ ਸੁਣਵਾਈ ਦੋ ਹਫ਼ਤਿਆਂ ਲਈ ਟਾਲ ਦਿੱਤੀ। ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਨੇ ਵੀ ਕਿਹਾ ਕਿ ਉਨ੍ਹਾਂ ਨੂੰ ਪਟੀਸ਼ਨ 'ਤੇ ਨਿਰਦੇਸ਼ ਪ੍ਰਾਪਤ ਕਰਨ ਦੀ ਲੋੜ ਹੈ।

ਗੌਰਤਲਬ ਹੈ ਕਿ 1995 ਵਿਚ ਹੋਈ ਬੇਅੰਤ ਸਿੰਘ ਦੀ ਹੱਤਿਆ ਦਾ ਦੋਸ਼ੀ ਰਾਜੋਆਣਾ ਇਕ ਸਾਬਕਾ ਪੰਜਾਬ ਪੁਲਿਸ ਕਾਂਸਟੇਬਲ ਹੈ ਅਤੇ ਉਹ ਆਪਣੀ ਫਾਂਸੀ ਦੀ ਉਡੀਕ ਵਿਚ 28 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਬੰਦ ਹੈ। ਜ਼ਿਕਰਯੋਗ ਹੈ ਕਿ 31 ਅਗਸਤ, 1995 ਨੂੰ ਚੰਡੀਗੜ੍ਹ ਵਿਚ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਇਕ ਧਮਾਕੇ ਵਿਚ ਪੰਜਾਬ ਦੇ ਮੌਕੇ ਦੇ ਮੁੱਖ ਮੰਤਰੀ ਬੇਅੰਤ ਸਿੰਘ ਅਤੇ 16 ਹੋਰਾਂ ਦੀ ਮੌਤ ਹੋ ਗਈ ਸੀ। ਰਾਜੋਆਣਾ ਨੂੰ ਇਕ ਵਿਸ਼ੇਸ਼ ਅਦਾਲਤ ਨੇ 2007 ਵਿਚ ਮੌਤ ਦੀ ਸਜ਼ਾ ਸੁਣਾਈ ਸੀ। ਉਸ ਦੀ ਰਹਿਮ ਦੀ ਅਪੀਲ 12 ਸਾਲਾਂ ਤੋਂ ਵੱਧ ਸਮੇਂ ਤੋਂ ਲਟਕ ਰਹੀ ਹੈ।

3 ਮਈ 2023 ਨੂੰ ਸਿਖਰਲੀ ਅਦਾਲਤ ਨੇ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਕੇਂਦਰ ਨੂੰ ਉਸ ਦੀ ਰਹਿਮ ਦੀ ਅਪੀਲ ਉਤੇ "ਜਿਵੇਂ ਅਤੇ ਜਦੋਂ ਜ਼ਰੂਰੀ ਸਮਝਿਆ ਜਾਵੇ" ਫੈਸਲਾ ਲੈਣ ਲਈ ਕਿਹਾ ਸੀ। ਰਾਜੋਆਣਾ ਦੀ ਫਾਂਸੀ ਦੀ ਸਜ਼ਾ ਨੂੰ ਘਟਾਉਣ ਤੋਂ ਇਨਕਾਰ ਕਰਨ ਤੋਂ 16 ਮਹੀਨਿਆਂ ਤੋਂ ਵੱਧ ਸਮੇਂ ਬਾਅਦ ਸੁਪਰੀਮ ਕੋਰਟ ਨੇ 25 ਸਤੰਬਰ ਨੂੰ ਇਸ ਮੁੱਦੇ 'ਤੇ ਮੁੜ ਵਿਚਾਰ ਕਰਨ ਲਈ ਸਹਿਮਤੀ ਦਿੱਤੀ ਸੀ। ਇਸ ਨੇ ਕੇਂਦਰ ਅਤੇ ਪੰਜਾਬ ਸਰਕਾਰ ਨੂੰ ਉਸ ਦੀ ਮੌਤ ਦੀ ਸਜ਼ਾ ਨੂੰ ਘਟਾਉਣ ਬਾਰੇ ਉਸ ਦੀ ਤਾਜ਼ਾ ਪਟੀਸ਼ਨ 'ਤੇ ਇਸ ਆਧਾਰ 'ਤੇ ਜਵਾਬ ਦੇਣ ਲਈ ਕਿਹਾ ਸੀ ਕਿ ਕੇਂਦਰ ਉਸ ਦੀ 25 ਮਾਰਚ 2012 ਦੀ ਰਹਿਮ ਦੀ ਅਪੀਲ 'ਤੇ ਅੱਜ ਤੱਕ ਕੋਈ ਫੈਸਲਾ ਲੈਣ ਵਿਚ ਅਸਫਲ ਰਿਹਾ ਹੈ।

ਰਾਜੋਆਣਾ ਦੀ ਤਾਜ਼ਾ ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪਟੀਸ਼ਨਰ ਦੀ ਪਹਿਲੀ ਰਿਟ ਪਟੀਸ਼ਨ ਦੇ ਨਿਪਟਾਰੇ ਤੋਂ ਹੁਣ ਤੱਕ ਲਗਭਗ ਇਕ ਸਾਲ ਅਤੇ ਚਾਰ ਮਹੀਨੇ ਬੀਤ ਚੁੱਕੇ ਹਨ ਅਤੇ ਉਸ ਦੀ ਕਿਸਮਤ ਦਾ ਫੈਸਲਾ ਅਜੇ ਵੀ ਅਨਿਸ਼ਚਿਤਤਾ ਦੀ ਘੁੰਮਣਘੇਰੀ ਵਿਚ ਫਸਿਆ ਹੋਇਆ ਹੈ, ਜਿਹੜਾ ਪਟੀਸ਼ਨਰ ਲਈ ਡੂੰਘੇ ਮਾਨਸਿਕ ਸਦਮੇ ਅਤੇ ਚਿੰਤਾ ਦਾ ਕਾਰਨ ਬਣ ਰਿਹਾ ਹੈ।" ਰਾਜੋਆਣਾ 28 ਸਾਲਾਂ ਤੋਂ ਵੱਧ ਸਮੇਂ ਤੋਂ ਜੇਲ੍ਹ ਵਿਚ ਹੈ ਅਤੇ 17 ਸਾਲਾਂ ਤੋਂ ਮੌਤ ਦੀ ਸਜ਼ਾ ਦਾ ਸਾਹਮਣਾ ਕਰ ਰਿਹਾ ਹੈ। ਸੀਨੀਅਰ ਵਕੀਲ ਮੁਕੁਲ ਰੋਹਤਗੀ ਨੇ ਦੋਸ਼ੀ ਦੀ ਤਰਫੋਂ ਦਲੀਲ ਦਿੱਤੀ ਸੀ ਕਿ ਰਾਸ਼ਟਰੀ ਸੁਰੱਖਿਆ ਦੇ ਆਧਾਰ 'ਤੇ ਅਨਮਿੱਥੇ ਸਮੇਂ ਲਈ ਉਡੀਕ ਨਹੀਂ ਕੀਤੀ ਜਾ ਸਕਦੀ।

ਦਵਿੰਦਰਪਾਲ ਸਿੰਘ ਭੁੱਲਰ ਦੇ ਕੇਸ ਦਾ ਹਵਾਲਾ ਦਿੰਦੇ ਹੋਏ ਪਟੀਸ਼ਨਰ ਨੇ ਦਾਅਵਾ ਕੀਤਾ ਸੀ ਕਿ ਕੈਦੀਆਂ ਦੇ ਨਿਯੰਤਰਣ ਤੋਂ ਬਾਹਰ ਦੇ ਹਾਲਾਤ ਕਾਰਨ ਹੋਈ ਦੇਰੀ ਮੌਤ ਦੀ ਸਜ਼ਾ ਨੂੰ ਘਟਾ ਦਿੰਦੀ ਹੈ ਕਿਉਂਕਿ ਬੇਮਿਸਾਲ ਦੇਰੀ ਨੇ ਪੀੜਾ ਪੈਦਾ ਕੀਤੀ ਅਤੇ ਉਸ ਦੀ ਸਰੀਰਕ ਅਤੇ ਮਾਨਸਿਕ ਸਿਹਤ ਉਤੇ ਮਾੜਾ ਅਸਰ ਪਾਇਆ ਹੈ।

## 28 ਸਾਲ 8 ਮਹੀਨੇ ਦੀ ਸਜ਼ਾ ਕੱਟ ਚੁੱਕਿਆਂ ਹਾਂ: ਰਾਜੋਆਣਾ

**ਨਵੀਂ ਦਿੱਲੀ:** ਸੁਪਰੀਮ ਕੋਰਟ 'ਚ ਦਾਖਲ ਨਵੀਂ ਅਰਜ਼ੀ 'ਚ ਰਾਜੋਆਣਾ ਨੇ ਕਿਹਾ ਹੈ ਕਿ ਉਸ ਨੇ ਕੁੱਲ ਮਿਲਾ ਕੇ ਕਰੀਬ 28 ਸਾਲ ਅਤੇ 8 ਮਹੀਨੇ ਦੀ ਸਜ਼ਾ ਕੱਟ ਲਈ ਹੈ, ਜਿਸ 'ਚੋਂ ਉਸ ਨੇ 17 ਸਾਲ ਸਜ਼ਾ-ਏ-ਮੌਤ ਹਾਸਲ ਦੋਸ਼ੀ ਵਜੋਂ ਗੁਜ਼ਾਰੇ ਹਨ। ਰਾਜੋਆਣਾ ਨੇ ਕਿਹਾ ਕਿ ਸਿਖਰਲੀ ਅਦਾਲਤ ਨੇ ਇਕ ਸਾਲ ਤੋਂ ਵਧ ਸਮਾਂ ਪਹਿਲਾਂ ਯੋਗ ਅਧਿਕਾਰੀ ਨੂੰ ਉਸ ਦੀ ਰਹਿਮ ਦੀ ਅਪੀਲ 'ਤੇ ਫ਼ੈਸਲਾ ਲੈਣ ਦੇ ਨਿਰਦੇਸ਼ ਦਿੱਤੇ ਸਨ। ਅਰਜ਼ੀ 'ਚ ਇਕ ਵੱਖਰੇ ਮਾਮਲੇ 'ਚ ਸਿਖਰਲੀ ਅਦਾਲਤ ਦੇ ਅਪਰੈਲ 2023 ਦੇ ਹੁਕਮ ਦਾ ਹਵਾਲਾ ਦਿੱਤਾ ਗਿਆ ਹੈ, ਜਿਸ 'ਚ ਉਸ ਨੇ ਸਾਰੇ ਸੂਬਿਆਂ ਅਤੇ ਯੋਗ ਅਧਿਕਾਰੀਆਂ ਨੂੰ ਬਕਾਇਆ ਰਹਿਮ ਦੀਆਂ ਅਪੀਲਾਂ 'ਤੇ ਬਿਨਾਂ ਕਿਸੇ ਦੇਰੀ ਦੇ ਫ਼ੈਸਲਾ ਲੈਣ ਦੇ ਨਿਰਦੇਸ਼ ਦਿੱਤੇ ਸਨ।

# ਜ਼ਿੰਦਗੀ ਜਸ਼ਨ ਹੈ... ਖੁਸ਼ੀਆਂ ਨਾਲ ਮਨਾਓ, ਦੋਸਤੋ!!

**ਕੁਲਵਿੰਦਰ ਸਿੰਘ ਬਾਠ**
**ਫੋਨ: 209-600-2897**



ਦੋਸਤੋ, ਅੱਜ ਮੈਂ ਤੁਹਾਡੇ ਨਾਲ ਇੱਕ ਬਹੁਪੱਖੀ ਅਤੇ ਬਹੁ-ਵਿਧਾਵੀ ਲੇਖਕ ਡਾ. ਗੁਰਬਖ਼ਸ਼ ਸਿੰਘ ਭੰਡਾਲ ਦੀ ਇਸ ਸਾਲ ਪ੍ਰਕਾਸ਼ਿਤ ਹੋਈ ਅਨਮੋਲ ਪੁਸਤਕ "ਜ਼ਿੰਦਗੀ ਜਸ਼ਨ ਹੈ" ਦੇ ਬਾਰੇ ਕੁਝ ਵਿਚਾਰ ਸਾਂਝੇ ਕਰਨ ਜਾ ਰਿਹਾ ਹਾਂ। ਦਿਲ ਨੂੰ ਟੁੰਬਦੀ ਇਸ ਪੁਸਤਕ ਰਾਹੀਂ ਡਾ. ਭੰਡਾਲ ਨੇ ਪਾਠਕਾਂ ਨੂੰ ਇੱਕ ਸਕਾਰਾਤਮਕ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਹੈ ਕਿ ਜ਼ਿੰਦਗੀ ਕੋਈ ਬੋਝ ਜਾਂ ਦੁੱਖਾਂ ਦਾ ਘਰ ਨਹੀਂ, ਬਲਕਿ, ਇਹ ਤਾਂ ਕੁਦਰਤ ਦਾ ਇੱਕ ਬਿਹਤਰੀਨ ਤੋਹਫ਼ਾ ਹੈ। ਜੀਵਨ ਦੇ ਬਦਲਦੇ ਹੋਏ ਰੰਗਾਂ ਨੂੰ ਜਸ਼ਨ ਦੀ ਤਰਾਂ ਹੀ ਜਿਊਣਾ, ਮਨਾਉਣਾ ਅਤੇ ਮਾਣਨਾ ਚਾਹੀਦਾ ਹੈ। ਲੇਖਕ ਦੇ 'ਅਲੌਕਿਕ' ਨਜ਼ਰੀਏ ਦੀ ਤਰੀਫ਼ ਕਰਨਾ ਬਣਦਾ ਹੈ, ਕਿਉਂਕਿ ਪੁਸਤਕ ਵਿੱਚ ਬਹੁਤ ਕੁਝ ਦਿੱਖ ਅਤੇ ਅਦਿੱਖ, ਕਿਹਾ ਅਤੇ ਅਣਕਿਹਾ ਵੀ ਸ਼ਾਮਲ ਹੈ ਜੋ ਜੀਵਨ ਜਿਉਂਦਿਆਂ ਬਹੁਤੇ ਲੋਕ ਦੇਖ ਜਾਂ ਮਹਿਸੂਸ ਹੀ ਨਹੀਂ ਕਰ ਪਾਉਂਦੇ! ਵਰਤਮਾਨ ਦੀ ਤੇਜ਼-ਤਰਾਰ ਜ਼ਿੰਦਗੀ ਵਿੱਚ ਸੁੰਗੜ ਰਹੇ ਮਨੁੱਖੀ ਰਿਸ਼ਤਿਆਂ ਨਾਤਿਆਂ ਦੀ ਰੁੱਤ ਵਿੱਚ ਤਾਂ ਇਹ ਕਿਤਾਬ ਹੋਰ ਵੀ ਮਹੱਤਵਪੂਰਨ ਅਤੇ ਰੋਲ ਮਾਡਲ ਹੋ ਨਿਬੜਦੀ ਹੈ।

ਪੰਜਾਬੀ ਸਾਹਿਤ ਵਿੱਚ ਡਾ. ਗੁਰਬਖ਼ਸ਼ ਸਿੰਘ ਭੰਡਾਲ, ਕਿਸੇ ਰਸਮੀ ਜਾਣ-ਪਹਿਚਾਣ ਦੇ ਮੁਥਾਜ ਨਹੀਂ ਹਨ। ਇਹਨਾਂ ਦੀਆਂ ਲਿਖਤਾਂ ਦੇ ਪਾਠਕਾਂ ਦੇ ਘੇਰਾ ਵੀ ਵਿਸ਼ਾਲ ਹੈ। ਫਿਜ਼ਿਕਸ ਦੇ 'ਖੁਸ਼ਕ ਜਿਹੇ ਵਿਸ਼ੇ' ਦੇ ਮਾਹਰ ਹੁੰਦਿਆਂ ਹੋਇਆਂ ਵੀ ਨਿਮਰ ਅਤੇ ਮਿਠਬੋਲੜੇ ਇਨਸਾਨ ਵਜੋਂ ਵਿਚਰਨਾ ਇਹਨਾਂ ਦੀ ਅੰਤਰੀਵ ਅਤੇ ਮਾਨਸਿਕ ਸੁੰਦਰਤਾ, ਸਬਰ-ਸੰਤੋਖ, ਅਤੇ ਖ਼ਾਸੀਅਤ ਦਾ ਪ੍ਰਤੀਕ ਹੈ। ਜ਼ਿੰਦਾਦਿਲੀ ਨਾਲ ਜ਼ਿੰਦਗੀ ਨੂੰ ਜਿਉਣ ਵਾਲੇ ਇੱਕ ਜ਼ਿੰਦਾ-ਦਿਲ ਇਨਸਾਨ ਹਨ। ਸਮਾਜ ਨੂੰ ਜਾਗਰੁਕ ਕਰਨ ਪ੍ਰਤੀ ਆਪਣੀਆਂ ਜ਼ਿਮੇਵਾਰੀਆਂ ਨੂੰ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਂਦੇ ਹਨ।

ਜ਼ਿੰਦਗੀ...

'ਜ਼ਿੰਦਗੀ' ਲਿਖਣ, ਬੋਲਣ ਜਾਂ ਸੁਣਨ ਵਿੱਚ ਇੱਕ ਛੋਟਾ ਜਿਹਾ ਸ਼ਬਦ ਲੱਗਦਾ ਹੈ ਜੋ ਆਪਣੇ ਅੰਦਰ ਬੜੇ ਗਹਿਰੇ ਅਰਥ ਅਤੇ ਰਾਜ ਸਮੋਈ ਬੈਠਾ ਹੈ। ਜ਼ਿੰਦਗੀ ਦੇ ਜਿਉਣ ਨੂੰ ਵੀ ਲੋਕਾਂ ਵਲੋਂ ਆਪਣੇ-ਆਪਣੇ ਨਜ਼ਰੀਏ ਤੋਂ ਜਾਂਚਿਆ, ਗਿਣਿਆ ਜਾਂ ਮਿਣਿਆ ਜਾਂਦਾ ਹੈ। ਭਾਵੇਂ ਜ਼ਿੰਦਗੀ ਨੂੰ ਗੁਰੂਆਂ-ਪੀਰਾਂ ਅਤੇ ਵੱਡੇ-ਵਡੇਰਿਆਂ ਦੀਆਂ ਸੇਧਾਂ ਉੱਪਰ ਤੁਰਦਿਆਂ, ਸੋਹਣੇ-ਸੁਚੱਜੇ ਢੰਗ ਨਾਲ ਅਤੇ ਜ਼ਿੰਦਾਦਿਲੀ ਨਾਲ ਗੁਜ਼ਾਰਨਾ ਇਕ ਅਦਾ ਹੈ, ਇੱਕ ਕਲਾ ਹੈ, ਗੀਤ ਹੈ,... ਅਤੇ ਇੱਕ ਜਸ਼ਨ ਵੀ ਹੈ, ਪਰ ਕਦੇ ਕਿਸੇ ਸੱਜਣ ਮਿੱਤਰ ਨੂੰ ਪੁੱਛਿਓ ਕਿ ਜ਼ਿੰਦਗੀ ਕਿਵੇਂ ਚੱਲ ਰਹੀ ਹੈ?

ਅਕਸਰ ਕਹਿਣਗੇ...

ਜ਼ਿੰਦਗੀ.. ਜੀ... ਬਸ ਚੱਲ ਹੀ ਰਹੀ ਹੈ... ਸ਼ੁਕਰ ਆ... ਰੱਬ ਦਾ

ਜ਼ਿੰਦਗੀ.. ਕਾਹਦੀ ਜੀ! ਇਹ ਤਾਂ ਬਸ ਦੁੱਖਾਂ ਦਾ ਘਰ ਈ ਆ...

ਜ਼ਿੰਦਗੀ.. ਤਾਂ ਬਸ ਜੂਨ ਕੱਟਣ ਈ ਆ...

ਜਾਂ ਫਿਰ ਬਹੁਤੀ ਵਾਰੀ ਸਭ ਠੀਕ-ਠਾਕ ਹੈ... ਜਾਂ ਵਧੀਆ ਹੈ ਕਹਿ ਕੇ.. ਓਹਲਾ ਰੱਖ ਜਾਂਦੇ ਹਨ।

ਸ਼ਾਇਦ ਹੀ ਤੁਹਾਨੂੰ ਕੋਈ ਰੱਬੀ ਰੂਹ ਜਿਹਾ ਪਿਆਰਾ ਸ਼ਖ਼ਸ ਮਿਲਿਆ ਹੋਵੇ ਜੋ ਕਹੇ..

"ਜ਼ਿੰਦਗੀ ਤਾਂ ਜਸ਼ਨ ਹੈ ਜੀ,... ਜਸ਼ਨ !!"

ਜ਼ਿੰਦਗੀ ਜਸ਼ਨ ਹੈ...

ਮਨਮੋਹਕ ਸਰਵਰਕ ਨਾਲ਼ ਸ਼ਿੰਗਾਰੀ, ਵਿਲੱਖਣ, ਸੰਵੇਦਨਸ਼ੀਲ, ਅਤੇ ਪ੍ਰਭਾਵਸ਼ਾਲੀ ਕਾਵਿ-ਵਾਰਤਕ ਸ਼ੈਲੀ ਵਾਲੀ ਇਹ ਸੰਜੀਦਾ ਰਚਨਾ ਪੜ੍ਹਨ ਵਾਲੇ ਨਾਲ ਸੰਵਾਦ ਰਚਾਉਂਦੀ ਹੈ ਅਤੇ ਉਸ ਦੀ ਰੂਹ ਨੂੰ ਧੂਹ ਵੀ ਪਾਉਂਦੀ ਹੈ। ਲੇਖਕ ਨੇ ਜੀਵਨ ਦੀਆਂ ਹਾਂ-ਪੱਖੀ ਅਤੇ ਉਸਾਰੂ ਗੱਲ-ਬਾਤਾਂ ਨੂੰ ਬਾਖ਼ੂਬੀ ਨਾਲ ਗੌਲਿਆ ਅਤੇ ਉਭਾਰਿਆ ਹੈ। ਪੁਸਤਕ ਨੂੰ ਪੜ੍ਹਦਿਆਂ ਲੇਖਕ ਦੀ ਉਸਾਰੂ ਬਿਰਤੀ ਅਤੇ ਸਕਾਰਾਤਮਕ ਸੋਚ ਦੀ ਅਥਾਹ ਸ਼ਕਤੀ ਦਾ ਅੰਦਾਜ਼ਾ ਸਹਿਜੇ ਹੀ ਲੱਗ ਜਾਂਦਾ ਹੈ। ਬਹੁਤੀ ਵਾਰੀ ਬਹੁਤੇ ਲੋਕ ਜ਼ਿੰਦਗੀ ਨੂੰ ਸਿਰਫ ਆਪਣੇ ਹੰਢਾਏ ਹੋਏ ਵਰ੍ਹਿਆਂ ਦੀਆਂ ਗਿਣਤੀਆਂ-ਮਿਣਤੀਆਂ ਦੇ ਪੈਮਾਨੇ ਨਾਲ ਹੀ ਮਿਣਦੇ ਹਨ ਨਾ ਕਿ ਜੀਵਨ ਵਿੱਚ ਮਾਣੇ ਹੋਏ ਹੁਸੀਨ ਅਤੇ ਯਾਦਗਾਰੀ ਪਲਾਂ ਨਾਲ। ਜ਼ਿੰਦਗੀ ਜੀਉਣਾ ਵੀ ਇੱਕ ਅਦਾ ਹੈ, ਜਿਸ ਨੂੰ ਇਸ ਕਿਤਾਬ ਦੇ ਵੱਖ ਵੱਖ ਲੇਖਾਂ ਵਿੱਚ ਬਾਖ਼ੂਬੀ ਨਾਲ ਵਰਨਣ ਕੀਤਾ ਗਿਆ ਹੈ। ਜ਼ਿੰਦਗੀ ਦੀ ਇਹ ਕਿਤਾਬ ਜ਼ਿੰਦਗੀ ਨੂੰ 'ਨਕਾਰਾਤਮਕ' ਦੀ ਬਜਾਏ ਇੱਕ 'ਸਕਾਰਾਤਮਕ' ਸੋਚ ਨਾਲ ਜੀਉਣ ਲਈ ਪ੍ਰੇਰਿਤ ਕਰਦੀ ਹੈ। ਕਿਤਾਬ ਦੇ ਲੇਖ ਅਜਿਹੀਆਂ ਜੀਵਨ ਜੁਗਤਾਂ ਅਤੇ ਰਸੀਲੇ ਬੋਲਾਂ ਨਾਲ ਸੇਧ ਦੇ ਰਹੇ ਹਨ।

ਚੰਗਾ ਲੱਗਦਾ ਹੈ...

ਘਰ ਨੂੰ, ਘਰ ਤੋਂ ਦੂਰ ਜਾਂਦੀਆਂ ਪੈੜਾਂ ਦਾ ਘਰ ਨੂੰ ਮੁੜਨਾ!

ਰੁੰਡ-ਮਰੁੰਡ ਰੁੱਖ ਦੀ ਟਾਹਣੀ 'ਤੇ ਲਗਰਾਂ ਦਾ ਫੁੱਟਣਾ!

ਰਾਹ ਭੁੱਲ ਚੁੱਕੇ ਰਾਹੀ ਨੂੰ ਕਿਸੇ ਰਾਹਗੀਰ ਦਾ ਮਿਲਣਾ!

ਮਾਰੂਥਲ ਵਿੱਚ ਉੱਗੀ ਥ੍ਹੋਰ ਨੂੰ ਜਦ ਉਸਦੀ ਹਿੱਕ 'ਤੇ ਫੁੱਲ ਖਿੜਦਾ ਹੈ!

ਅਤੇ ਬਹੁਤ ਚੰਗਾ ਲੱਗਦਾ ਹੈ ..

ਸਹਿਕਦੇ ਦਰਿਆਵਾਂ ਨੂੰ ਹੋਂਦ ਦਾ ਅਹਿਸਾਸ ਕਰਾਣਾ!!

ਖ਼ੈਰ ਹੋਵੇ ਸਹੀ... ਬੀਬਾ! ਦੇਰ ਨਾ ਕਰਿਓ...

ਪਰਦੇਸ ਭਾਵੇਂ ਦੇਸ ਵਿੱਚ ਹੀ ਹੋਵੇ ਜਾਂ ਫਿਰ ਸੱਤ ਸਮੁੰਦਰੋਂ ਪਾਰ ਹੋਵੇ, ਪਰਦੇਸੀ ਅਕਸਰ ਦੂਹਰੀ ਜ਼ਿੰਦਗੀ ਜਿਉਣ ਦਾ ਸੰਤਾਪ ਭੋਗਦੇ ਹਨ। ਆਪਣੇ ਦੇਸ (ਪਿੰਡ) ਵੱਲੋਂ ਦੋਸਤਾਂ-ਮਿੱਤਰਾਂ ਜਾਂ ਸਕੇ-ਸੰਬੰਧੀਆਂ ਦੇ ਸੁੱਖ ਸੁਨੇਹੇ ਉਹਨਾਂ ਉਦਾਸ ਮਨਾਂ ਵਿੱਚ ਰੂਹ ਭਰ ਜਾਂਦੇ ਹਨ... ਸੁੱਖ ਸਾਂਦ ਦੀ ਖ਼ਬਰ ਦੇ ਜਾਂਦੇ ਹਨ। ਸੱਜਣ ਪਿਆਰਿਆਂ ਦੀਆਂ ਖ਼ਾਮੋਸ਼ੀਆਂ ਅਤੇ ਚਿੱਠੀਆਂ ਤੇ ਸੁਨੇਹਿਆਂ ਬਾਝੋਂ ਖ਼ਾਲੀ ਅਤੇ ਤਰਸ ਰਹੇ ਮੇਲ ਬਾਕਸ ਕਿਸੇ ਤੁਫ਼ਾਨ ਦੇ ਖ਼ੌਫ਼ ਵਾਂਗ ਡਰਾਉਂਦੇ ਹਨ। ਅਜਿਹੀ ਹੀ ਇੱਕ ਸਥਿਤੀ ਲੇਖਕ ਨੂੰ ਬੜਾ ਭਾਵੁਕ ਕਰ ਜਾਂਦੀ ਹੈ। ਉਸ ਦਾ ਕੋਮਲ, ਸੰਵੇਦਨਸ਼ੀਲ, ਅਤੇ ਚਿੰਤਕ ਕਵੀ ਮਨ ਪੁਕਾਰ ਰਿਹਾ ਹੈ...

ਮਿੱਤਰ ਦੇ ਖ਼ਤ ਦੀ ਦਸਤਕ
ਪਿੰਡ ਨੂੰ ਜਾਂਦੇ ਰਾਹ ਵਰਗੀ
ਫਿਰਨੀ ਤੇ ਉੱਗੀ ਚਾਅ ਵਰਗੀ
ਤੇ ਦਰਗਾਹ ਤੇ ਆਉਂਦੀ ਦੁਆ ਵਰਗੀ।

ਮਿੱਤਰ ਦੇ ਖ਼ਤ ਦੇ ਅੱਖਰ
ਸੋਚਾਂ ਵਿੱਚ ਵੱਸਦੀ ਦੁਆ ਵਰਗੇ
ਰੂਹ ਨੂੰ ਜਾਂਦੇ ਰਾਹ ਵਰਗੇ
ਤੇ ਵਗਦੀ ਨਦੀ ਦੇ ਵਹਾਅ ਵਰਗੇ।

ਅਸੀਂ ਸਭ ਜਾਣਦੇ ਹਾਂ ਅਤੇ ਕਾਰਨ ਕੋਈ ਵੀ ਹੋਵੇ, ਪਰ ਜੀਵਨ ਜਿਉਂਦਿਆਂ, ਵੇਲੇ-ਕੁਵੇਲੇ, ਜਾਣੇ-ਅਣਜਾਣੇ ਅਕਸਰ ਕਈ ਤਰਾਂ ਦੀਆਂ ਦੇਰਾਂ ਹੋ ਜਾਂਦੀਆਂ ਹਨ। ਜਾਂ ਫਿਰ ਕਈ ਵਾਰ ਜਾਣ ਬੁੱਝ ਕੇ ਵੀ ਦੇਰ ਕਰ ਦਿੱਤੀ ਜਾਂਦੀ ਹੈ। ਕਈ ਵਾਰੀ ਹੋ ਗਈ ਜਾਂ ਫਿਰ ਕਰ ਦਿੱਤੀ ਦੇਰ ਨਾਲ ਜ਼ਿੰਦਗੀ ਵਿੱਚ ਨ੍ਹੇਰ ਵੀ ਆ ਬਹੁੜਦਾ ਹੈ।

ਲੇਖਕ ਦੇਰ ਨਾ ਕਰਨ ਦੀ ਤਾਕੀਦ ਕਰ ਰਿਹਾ ਹੈ ਕਿ ਸੱਜਣੋ...


ਕਿਸੇ ਚੰਗੇ ਕੰਮ ਦੀ ਸ਼ੁਰੂਆਤ ਜਾਂ ਫਿਰ ਮੁਆਫ਼ੀਨਾਮੇ ਲਈ ਕਦੇ ਦੇਰ ਨਾ ਕਰਿਓ!

ਆਪਣੇ ਦੋਸਤਾਂ-ਮਿੱਤਰਾਂ ਨੂੰ ਮਿਲਣ ਜਾਂ ਸੁੱਖ-ਸਾਂਦ ਪੁੱਛਣ ਵਿੱਚ ਦੇਰ ਨਾ ਕਰਿਓ!

ਰੁੱਸਿਆਂ ਨੂੰ ਮਨਾਉਣ ਤੇ ਗਿਲੇ ਸ਼ਿਕਵੇ ਦੂਰ ਕਰਨ ਵਿੱਚ ਦੇਰ ਨਾ ਕਰਿਓ!

ਮਾਂ ਨੂੰ ਮਿਲਣ ਲਈ ਦੇਰ ਨਾ ਕਰਿਓ ਜਾਂ ਮੰਜ਼ਲ ਵੱਲ ਵਧਦੇ ਕਦਮਾਂ ਲਈ ਦੇਰ ਨਾ ਕਰਿਓ!

ਜੇ ਦੇਰੀ ਕਰਨੀ ਹੀ ਹੈ ਤਾਂ... ਗਲਤ ਰਾਹਾਂ 'ਤੇ ਤੁਰਨ ਤੋਂ ਕਰਿਓ!




*ਪੁਸਤਕ 'ਜ਼ਿੰਦਗੀ ਜਸ਼ਨ ਹੈ' ਦਾ ਸਰਵਰਕ।*

ਰਾਹ ਤੇ ਰਿਸ਼ਤੇ... ਵਿੱਥਾਂ ਤੇ ਵਿਰਲਾਂ...

ਜੀਵਨ ਦੇ ਕੱਚੇ-ਪੱਕੇ ਪੈਂਡਿਆਂ ਅਤੇ ਰਿਸ਼ਤਿਆਂ ਦੇ ਸਬੰਧਾਂ ਵਿੱਚ ਪੰਨਾ 44 ਉੱਪਰ ਲੇਖਕ ਨੇ ਖ਼ੂਬਸੂਰਤੀ ਨਾਲ ਲਿਖਿਆ ਹੈ ਕਿ ਰਾਹ ਅਤੇ ਰਿਸ਼ਤਿਆਂ ਦਾ ਵੀ ਅਜਬ ਜਿਹਾ ਸਬੰਧ ਹੁੰਦਾ ਹੈ ਜੋ ਬਹੁਤ ਸਾਰੇ ਰਾਹਾਂ ਅਤੇ ਰਿਸ਼ਤਿਆਂ ਦੀ ਧਰਾਤਲ ਬਣਦਾ ਹੈ। ਕਦੇ-ਕਦੇ ਰਾਹਾਂ ਵਿੱਚੋਂ ਹੀ ਰਿਸ਼ਤੇ ਸਿਰਜੇ ਜਾਂਦੇ ਹਨ ਅਤੇ ਕਦੇ-ਕਦੇ ਰਿਸ਼ਤਿਆਂ ਵਿੱਚੋਂ ਬਹੁਤ ਸਾਰੇ ਰਾਹ ਵੀ ਨਿਕਲ ਆਉਂਦੇ ਹਨ। ਹਰ ਕਿਸੇ ਨੂੰ ਮੁਕੰਮਲ ਜਹਾਨ ਤਾਂ ਕਦੇ ਵੀ ਨਹੀਂ ਮਿਲਦਾ...।ਪਲ ਪਲ ਵਿੱਚ ਬੀਤਦੀ ਜ਼ਿੰਦਗੀ ਦੇ ਵੀ ਅਨੇਕਾਂ ਵੰਨ-ਸੁਵੰਨੇ ਰੰਗ ਹੁੰਦੇ ਹਨ ਅਤੇ ਹਰੇਕ ਰੰਗ ਦਾ ਆਪਣਾ ਹੀ ਮਹੱਤਵ ਵੀ ਹੁੰਦਾ ਹੈ। ਐਥੇ ਹੀ ਲੇਖਕ ਬੜੇ ਕੰਮ ਦੀ ਗੱਲ ਕਰਦਾ ਹੋਇਆ ਉਚੀ ਸੁਰ ਵਿੱਚ ਪੁਕਾਰ ਰਿਹਾ ਹੈ...

"ਕੋਈ ਵੀ ਜ਼ਿੰਦਗੀ ਕਦੇ ਵੀ ਸੰਪੂਰਨ ਨਹੀਂ ਹੁੰਦੀ। 'ਜ਼ਿੰਦਗੀ ਰੂਪੀ ਮਹਿਲ' ਵਿੱਚ ਹੁੰਦੀਆਂ ਨੇ ਕੁਝ ਤਰੇੜਾਂ, ਵਿਰਲਾਂ, ਝਰੋਖੇ, ਤਾਕੀਆਂ, ਝੀਤਾਂ ਅਤੇ ਕੁਝ ਛੇਕ ਵੀ। ਕਦੇ ਕਦਾਈਂ ਇਹ ਵਿਰਲਾਂ ਵਾ ਦੇ ਆਣ-ਜਾਣ ਅਤੇ ਅੰਦਰਲੀ ਗੰਦਗੀ ਨੂੰ ਬਾਹਰ ਨਿਕਲਣ ਦਾ ਰਾਹ ਹੁੰਦੀਆਂ ਹਨ। ਪਰ ਕਈ ਵਾਰੀ ਇਹੀ ਵਿਰਲਾਂ ਜ਼ਿੰਦਗੀ ਦੀ ਮਜ਼ਬੂਤੀ ਨੂੰ ਖੋਰਦੀਆਂ ਹਨ ਅਤੇ ਇਸ ਦੀਆਂ ਨੀਂਹਾਂ ਨੂੰ ਖੋਖਲਾ ਕਰਨ ਵਿੱਚ ਕੋਈ ਕਸਰ ਨਹੀਂ ਛੱਡਦੀਆਂ। ਜ਼ਿੰਦਗੀ ਦੇ ਰਿਸ਼ਤੇ ਨਿਭਦੇ ਨੇ ਵਿਸ਼ਵਾਸ ਨਾਲ, ਆਸ ਨਾਲ, ਧਰਵਾਸ ਨਾਲ ਅਤੇ ਖੁਲਾਸ ਨਾਲ।"

ਮਿਲਾਂਗੇ ਸੱਜਣ...

ਜ਼ਿੰਦਗੀ ਜਿਉਂਦਿਆਂ ਸਮਾਜਿਕ ਰਿਸ਼ਤਿਆਂ ਦੇ ਤਾਣਿਆਂ-ਬਾਣਿਆਂ ਦਰਮਿਆਨ 'ਮੇਲ ਮਿਲਾਪ' ਆਪਸੀ ਸਾਂਝਾਂ ਦੀ ਨਿਸ਼ਾਨੀ ਹੁੰਦੀ ਹੈ ਜਿਸ ਨੂੰ ਲੇਖਕ ਨੇ ਸ਼ਬਦਾਂ ਦੀ ਜਾਦੂਗਰੀ ਨਾਲ ਪੰਨਾ 58 ਤੇ ਬਿਆਨ ਕੀਤਾ ਹੈ। ਮਿਲਾਪ ਖ਼ੁਦ ਦੇ ਖ਼ੁਦ ਨੂੰ ਮਿਲਣ ਦਾ ਹੋਵੇ ਜਾਂ ਫਿਰ ਸਮਾਜਿਕ ਰਿਸ਼ਤਿਆਂ ਦੇ ਤਾਣੇ-ਬਾਣੇ ਦਾ ਮੇਲ-ਮਿਲਾਪ...

ਮਿਲਾਂਗੇ ਸੱਜਣ
ਅੰਬਰ ਦੀ ਛੱਤ ਹੇਠ
ਤਾਰਿਆਂ ਦੀ ਛਾਵੇਂ
ਚਾਨਣੀ ਦੀ ਬੁੱਕਲ਼ ਮਾਰ
ਬਿਰਖਾਂ ਦੇ ਝੁੰਰਮਟੀਂ
ਅਤੇ ਵਗਦੇ ਪਾਣੀ ਦੇ ਕੰਡੇ।

ਐ ਮਨਾ ! ਔਕਾਤ ਵਿੱਚ ਰਹਿ...

ਲੇਖਕ ਔਕਾਤ ਅਤੇ ਹੈਸੀਅਤ ਦੀ ਗੱਲ ਕਰਦਾ ਕਰਦਾ ਅੱਗੇ ਕਹਿ ਰਿਹਾ ਹੈ -

"ਰੁੱਸਿਆ ਨਾ ਕਰੋ ਯਾਰ! ਨਦੀ ਕਿਨਾਰੇ ਰੁੱਖੜੇ ਹਾਂ ਪਤਾ ਨਹੀਂ ਕਦੋਂ ਸਾਹ ਹੀ ਰੁੱਸ ਜਾਣ।"

ਗੁਰਬਾਣੀ ਵੀ ਤਾਂ ਇਹੀ ਕਹਿ ਰਹੀ ਹੈ ਕਿ ਬੰਦਿਆਂ ਅਗਲੇ ਸਾਹ ਦੀ ਤਾਂ ਗਰੰਟੀ ਨਹੀਂ ਫਿਰ ਮਾਣ ਕਿਸ ਗੱਲ ਦਾ ਕਰਨਾ?

ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ॥

ਅੰਧੇ ਜੀਵਨਾ ਵੀਚਾਰਿ ਦੇਖਿ ਕੇਤੇ ਕੇ ਦਿਨਾ॥

ਕੇਵਲ ਬੰਦੇ ਦਾ ਬੰਦੇ ਨਾਲ ਰੁੱਸਣਾ ਹੀ ਨਹੀਂ, ਬਲਕਿ ਬੰਦੇ ਦੀ ਰੂਹ ਦਾ ਖ਼ੁਦ ਬੰਦੇ ਨਾਲੋਂ ਰੁੱਸਣਾ ਵੀ ਬੰਦੇ ਨੂੰ ਅਰਥਹੀਣ ਬਣਾ ਦਿੰਦਾ ਹੈ...

ਮੈਂ ਵੀ ਰੁੱਸਿਆ ਤੇ ਉਹ ਵੀ ਰੁੱਸਿਆ
ਤੇ ਹੋ ਗਈ ਜਗ-ਹਸਾਈ।
ਕਿਸ ਨੂੰ ਕੌਣ ਮਨਾਵੇ ਸੋਚਦਿਆਂ
ਸਾਰੀ ਉਮਰ ਲੰਘਾਈ।

ਚੰਗਾ ਲੱਗਦਾ ਹੈ ਆਪੇ ਨੂੰ ਜਦ ਅਸੀਂ ਆਪੇ ਨੂੰ ਪਿਆਰ ਕਰਦੇ ਹਾਂ ਅਤੇ ਮਿਲੀਆਂ ਰਹਿਮਤਾਂ ਦੀ ਸ਼ੁਕਰਗੁਜ਼ਾਰੀ ਵਿੱਚੋਂ ਖ਼ੁਦ ਨੂੰ ਨਵੀਂ ਦਿਸ਼ਾ ਦਿੰਦੇ ਹਾਂ।

ਚੱਲ ਮੀਆਂ ! ਬੰਦੇ ਨੂੰ ਲੱਭੀਏ...

ਲੇਖਕ ਬੜੀ ਨਿਵੇਕਲੀ ਪਹੁੰਚ ਨਾਲ ਜ਼ਿੰਦਗੀ ਦੇ ਮਹੱਤਵਪੂਰਨ ਪਹਿਲੂਆਂ ਨੂੰ ਅਸਾਨੀ ਨਾਲ ਜਾ ਹੱਥ ਪਾਉਂਦਾ ਹੈ। ਬੰਦਿਆਂ ਦੀ ਭੀੜ ਵਿੱਚ ਗੁਆਚੇ ਹੋਏ ਬੰਦੇ ਅਤੇ ਬੰਦੇ ਦੇ ਅੰਤਰੀਵ ਵਿੱਚੋਂ ਹੀ ਗਾਇਬ ਹੋਏ ਬੰਦੇ ਦੇ ਅਜੋਕੇ ਸੱਚ ਦਾ ਇਵੇਂ ਵਰਨਣ ਕੀਤਾ ਹੈ...

ਚੱਲ ਮੀਆਂ ! ਬੰਦੇ ਨੂੰ ਲੱਭੀਏ...
ਬੰਦੇ 'ਚੋ ਬੰਦਾ ਕਿੰਝ ਭਾਲਾਂ
ਬੰਦਿਆਂ ਦੇ ਰੂਪ ਹਜ਼ਾਰਾਂ।
ਕੁਝ ਉੱਜੜੀਆਂ ਬਸਤੀਆਂ ਵਰਗੇ
ਕੁਝ ਮਹਿਕਦੀਆਂ ਗੁਲਜ਼ਾਰਾਂ।
ਅੰਦਰਲੇ ਬੰਦੇ ਦਾ ਕੋਰਾ ਵਰਕਾ
ਸ਼ਬਦ ਸ਼ਬਦ ਜਦ ਹੋਵੇ
ਤਾਂ ਬਹਿ ਖ਼ੁਦ ਦੀ ਹੀ ਬੁੱਕਲੇ
ਲਿਖਦਾ ਰੂਹ-ਪੁਕਾਰਾਂ।

ਕਵਿਤਾ ਤਾਂ ਹਾਜ਼ਰ-ਨਾਜ਼ਰ ਹੈ...

ਇਹ ਪੁਸਤਕ ਵਾਰਤਕ ਅਤੇ ਕਵਿਤਾ ਦਾ ਅਦਭੁਤ ਸੁਮੇਲ ਹੈ। ਜ਼ਿੰਦਗੀ ਦੀ ਕਵਿਤਾ ਵਾਰੇ ਲੇਖਕ ਦਾ ਨਜ਼ਰੀਆ ਹੈ ਕਿ ਕਵਿਤਾ ਤਾਂ ਸਾਡੇ ਆਲੇ-ਦੁਆਲੇ ਜਾਂ ਚੌਗਿਰਦੇ ਵਿੱਚ ਹਾਜ਼ਰ-ਨਾਜ਼ਰ ਹੀ ਹੁੰਦੀ ਹੈ। ਉਹ ਤੁਹਾਡੀ ਰੂਹ ਨਾਲ ਸੰਵਾਦ ਰਚਾਉਂਦੀ ਹੈ ਅਤੇ ਸੂਖਮ ਭਾਵਨਾਵਾਂ ਨੂੰ ਪ੍ਰਗਟਾਉਂਦੀ ਹੈ। ਕਵਿਤਾ ਕੁਦਰਤ ਦੀ ਦਾਤ ਹੈ। ਵਿੱਦਿਆ ਦੀ ਗੁਲਾਮ ਨਹੀਂ ਹੈ। ਨਾ ਹੀ ਇਸ ਨੂੰ ਕਿਸੇ ਵਿਧਾ ਰਾਹੀਂ ਸਿੱਖਿਆ ਜਾਂ ਸਿਖਾਇਆ ਜਾ ਸਕਦਾ ਹੈ। ਇਸੇ ਤਰਾਂ ਕਵਿਤਾ ਨੂੰ ਸੁਣਨਾ ਵੀ ਹਰ ਕਿਸੇ ਦੇ ਵੱਸ ਦੀ ਗੱਲ ਨਹੀਂ ਅਤੇ ਨਾ ਹੀ ਹਰ ਕੋਈ ਇਸ ਨੂੰ ਸੁਣਨ ਦਾ ਚਾਹਵਾਨ ਹੀ ਹੁੰਦਾ ਹੈ। ਕਵਿਤਾ ਬਾਰੇ ਲੇਖਕ ਦੀ ਕਵਿਤਾ ਪੰਨਾ 123 ਤੇ ਇੰਜ ਬੋਲ ਰਹੀ ਹੈ...

ਕਵਿਤਾ ਵਿੱਚੋਂ ਕਵਿਤਾ ਉਗਦੀ ਅਤੇ ਕਵਿਤਾ ਵਿੱਚੋਂ ਸਾਹ।

ਕਵਿਤਾ ਵਿੱਚੋਂ ਮੰਜ਼ਲ ਦਿਸਦੀ ਹੈ ਤੇ ਕਵਿਤਾ ਬਣਦੀ ਰਾਹ।

ਇਹ ਅਟੱਲ ਸੱਚ ਹੈ ਕਿ ਜ਼ਿੰਦਗੀ ਵਿੱਚ ਦੋਸਤ ਆਉਂਦੇ ਹਨ ਅਤੇ ਕਈ ਆ ਕੇ ਚਲੇ ਵੀ ਜਾਂਦੇ ਹਨ। 'ਕੁਝ ਕੁ' ਉਮਰ ਭਰ ਦੋਸਤੀ ਨਿਭਾ ਵੀ ਜਾਂਦੇ ਹਨ। ਜਦ ਗੂੜ੍ਹੇ ਦੋਸਤ ਹੀ ਦੋਸਤਾਂ ਨੂੰ ਮਿਲਣੋਂ ਗਿਲਣੋਂ ਵੀ ਹਟ ਜਾਣ ਤਾਂ ਮਨ ਉਦਾਸ ਹੁੰਦਾ ਹੈ ਅਤੇ ਹਿਰਖ ਵੀ ਹੁੰਦਾ ਹੈ। ਲੇਖਕ ਦੀਆਂ ਇਹ ਭਾਵੁਕ ਲਾਈਨਾਂ ਖ਼ੁਦ ਬੋਲ ਰਹੀਆਂ ਹਨ...

ਕਵਿਤਾ ਤਾਂ ਉਨ੍ਹਾਂ ਦੋਸਤਾਂ ਬਾਰੇ ਵੀ ਲਿਖਾਂਗਾ ਜੋ ਮਿਲਣੋਂ ਹੀ ਗਏ...

ਮਿਲਣ ਦੀ ਜੁਸਤਜੂ ਪਾਲਣ ਵਾਲੀ ਕਵਿਤਾ ਜ਼ਰੂਰ ਲਿਖਾਂਗਾ, ਆਪਣੇ ਮਿੱਤਰਾਂ ਲਈ ਜਿਨ੍ਹਾਂ ਕਾਰਨ ਲਏ ਹੋਏ ਸਾਹ ਮੇਰੀ ਜ਼ਿੰਦਗੀ ਬਣ ਗਏ।

ਉਮਰਾਂ ਦੀ ਧੂੜ ਝਾੜੋ...

ਇਹ ਸੱਚ ਹੈ ਕਿ ਉਮਰ ਦੇ ਸਾਲਾਂ ਦੀ ਗਿਣਤੀ ਨੂੰ ਵਧਣ ਘਟਣ ਤੋਂ ਨਹੀਂ ਰੋਕਿਆ ਜਾ ਸਕਦਾ। ਜ਼ਿੰਦਗੀ ਨੂੰ ਅਸੀਂ ਅਕਸਰ ਉਮਰਾਂ ਨਾਲ ਨੱਥੀ ਕਰੀ ਛੱਡਦੇ ਹਾਂ ਅਤੇ ਉਮਰਾਂ ਦੀ ਧੂੜ ਥੱਲੇ ਦੱਬੀ ਹੀ ਰੱਖਦੇ ਹਾਂ।

"ਉਮਰਾਂ ਦੀ ਧੂੜ ਝਾੜੋ" ਲੇਖ ਵਿੱਚ ਲੇਖਕ ਪੂਰ ਜ਼ੋਰ ਬੋਲ ਰਿਹਾ ਹੈ..

ਜ਼ਿੰਦਗੀ ਦਾ ਹਰ ਪਲ ਕੀਮਤੀ ਹੈ। ਹਰ ਸਾਹ ਅਮੁੱਲ ਹੈ। ਹਰ ਕਦਮ ਤੁਹਾਡੇ ਸਫ਼ਰ ਦਾ ਗਵਾਹ ਵੀ ਹੈ। ਜ਼ਿੰਦਗੀ ਜਿਉਣ ਲਈ ਉਮਰ ਨੂੰ ਵਗਾਹ ਮਾਰੋ...ਕਦੇ ਬੱਚਿਆਂ ਨਾਲ ਬੱਚੇ ਬਣੋ। ਵਕਤ-ਬੇਵਕਤ ਆਪਣੀ ਮਾਨਸਿਕਤਾ ਵਿੱਚੋਂ ਸਾਲਾਂ ਦੀ ਝਾੜ-ਪੂੰਝ ਕਰਦੇ ਰਹੋ ਅਤੇ ਉਮਰ ਦੇ ਆਖ਼ਰੀ ਪਹਿਰ ਨੂੰ ਰੱਜ ਕੇ ਜੀਓ!!

ਮੈਂ ਕਿਤਾਬ ਬੋਲਦੀ ਹਾਂ...

ਸ਼ਾਇਦ ਹੀ ਕਿਸੇ ਪੜ੍ਹਨ ਵਾਲੇ ਨੂੰ ਇਹ ਲਾਈਨ ਅਜੀਬ ਲੱਗਦੀ ਹੋਵੇ...। ਇਹ ਸੱਚ ਹੈ ਕਿ ਕਿਤਾਬਾਂ ਸਾਡੇ ਚੰਗੇ ਦੋਸਤਾਂ ਦੇ ਵਾਂਗ ਹੀ ਹੁੰਦੀਆਂ ਹਨ। ਹੋਣ ਭਾਵੇਂ ਥੋੜ੍ਹੀਆਂ ਪਰ ਹੋਣ ਚੰਗੀਆਂ। ਚੰਗੀਆਂ ਕਿਤਾਬਾਂ ਤੋਂ ਬਹੁਤ ਕੁਝ ਸਿੱਖਿਆ ਜਾ ਸਕਦਾ ਹੈ। ਕਿਤਾਬਾਂ ਤੁਹਾਡੇ ਅੰਗ ਸੰਗ ਲਾਜ਼ਮੀ ਹੋਣੀਆਂ ਚਾਹੀਦੀਆਂ ਹਨ ਜਿਨ੍ਹਾਂ ਨਾਲ ਸੰਵਾਦ ਰਚਾਉਣਾ ਚਾਹੀਦਾ ਹੈ ਅਤੇ ਗੱਲ-ਬਾਤ ਵੀ ਕਰਨੀ ਚਾਹੀਦੀ ਹੈ।

ਕਿਤਾਬ ਦੀ ਅਹਿਮੀਅਤ ਨੂੰ ਲੇਖਕ ਨੇ ਪੰਨਾ 186 ਉੱਪਰ ਇੰਜ ਬਿਆਨ ਕੀਤਾ ਹੈ,...

" ਮੈਂ ਕਿਤਾਬ ਹਾਂ। ਹੱਥ ਜੋੜਦੀ ਹਾਂ ਕਿ ਮੇਰਾ ਸੰਗ ਮਾਣੋ। ਮੇਰੇ ਵਿੱਚ ਉੱਕਰੀਆਂ ਸਿਆਣਪਾਂ ਨੂੰ ਆਪਣੀ ਸੋਝੀ ਦਾ ਹਿੱਸਾ ਬਣਾਓ। ਜਦ ਤੁਸੀਂ ਮੈਨੂੰ ਪੜ੍ਹੋਗੇ ਤਾਂ ਤੁਸੀਂ ਆਪਣੇ ਅੰਤਰੀਵ ਨੂੰ ਵੀ ਪੜ੍ਹ ਸਕੋਗੇ।"

ਜ਼ਿੰਦਗੀ ਦਾ ਗੀਤ...

ਜ਼ਿੰਦਗੀ ਤਾਂ ਜਸ਼ਨ ਹੈ... ਅਤੇ ਇਸ ਦਾ ਗੀਤ ਜਸ਼ਨਾਂ ਦਾ ਗੀਤ ਜੋ ਜਿਊਣ ਜੋਗੀਆਂ ਰੂਹਾਂ ਗਾਉਂਦੀਆਂ ਹਨ। ਸਭ ਤੋਂ ਅਹਿਮ ਹੁੰਦਾ ਹੈ ਇਸ ਗੀਤ ਨੂੰ ਆਪਣੇ ਅੰਤਰੀਵ ਵਿੱਚ ਰੂਹ ਨਾਲ ਲਿਖਣਾ। ਸਕਾਰਾਤਮਕ ਸੋਚ ਨਾਲ ਡਾ. ਭੰਡਾਲ ਕਹਿ ਰਹੇ ਹਨ ਕਿ,..." ਜ਼ਿੰਦਗੀ ਦੇ ਜਸ਼ਨ ਨੂੰ ਮਨਾਉਂਦਿਆਂ ਹੀ ਇਸ ਤੋਂ ਰੁਖ਼ਸਤ ਹੋਣਾ, ਜ਼ਿੰਦਗੀ ਦਾ ਸੁੱਚਮ ਹੁੰਦਾ ਹੈ। ਇਸ ਲਈ ਜ਼ਿੰਦਗੀ ਦਾ ਗੀਤ ਗਾਉਂਦੇ ਰਹੋ।"

ਦੋਸਤੋ, ਇਸ ਪੁਸਤਕ ਵਿੱਚ ਲੇਖਕ ਦਾ ਅੰਤਰੀਵ ਬੋਲ ਰਿਹਾ ਹੈ ਅਤੇ ਪੁਸਤਕ ਨੂੰ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਲੇਖਕ ਜ਼ਿੰਦਗੀ ਨੂੰ ਜਿਉਣ ਬਾਬਤ ਆਪਣਾ ਨਜ਼ਰੀਆ ਅਤੇ ਸੇਧ-ਸੁਨੇਹਾ ਪਾਠਕ ਨੂੰ ਦੇਣ ਵਿੱਚ ਕਾਮਯਾਬ ਹੋਇਆ ਹੈ। ਸ਼ਬਦਾਂ ਦੀ ਇਹ ਸਾਂਝ ਜ਼ਿੰਦਗੀ ਦੇ ਸਫ਼ਰ ਵਿੱਚ ਸਾਡਾ ਮਾਰਗ ਦਰਸ਼ਨ ਕਰ ਰਹੀ ਹੈ ਅਤੇ ਰਾਹ ਪੱਧਰਾ ਕਰਦਿਆਂ ਤੁਰਨ ਦਾ ਹੌਸਲਾ ਵੀ ਦੇ ਰਹੀ ਹੈ। ਸਾਹਿਤ ਪ੍ਰੇਮੀਆਂ ਨੂੰ ਇਹ ਰੌਚਿਕ ਪੁਸਤਕ ਜ਼ਰੂਰ ਪੜ੍ਹਨੀ ਚਾਹੀਦੀ ਹੈ ਅਤੇ ਇਸ ਵਿੱਚ ਉੱਕਰੀਆਂ ਸਿਆਣਪਾਂ ਨੂੰ ਆਪਣੀ ਸੋਝੀ ਦਾ ਹਿੱਸਾ ਬਣਾਉਣਾ ਚਾਹੀਦਾ ਹੈ। ਇਹੋ ਜਿਹੀਆਂ ਪੁਸਤਕਾਂ ਲਾਇਬਰੇਰੀਆਂ ਦਾ ਹਿੱਸਾ ਵੀ ਹੋਣੀਆਂ ਚਾਹੀਦੀਆਂ ਹਨ ਤਾਂ ਜੋ ਬੱਚੇ ਅਤੇ ਵੱਡੇ ਇਨ੍ਹਾਂ ਤੋਂ ਸੇਧ ਲੈ ਸਕਣ, ਸਿੱਖ ਸਕਣ, ਅਤੇ ਜ਼ਿੰਦਗੀ ਨੂੰ ਜਸ਼ਨ ਵਾਂਗ ਵੀ ਮਾਣ ਸਕਣ। ਹਰੇਕ ਨੂੰ ਆਪਣੇ ਆਪਣੇ ਹਿੱਸੇ ਦੀ ਸ਼ੁਰੂਆਤ ਤਾਂ ਕਰਨੀ ਬਣਦੀ ਹੀ ਹੈ। ਸਮਾਜ ਨੂੰ ਖ਼ੂਬਸੂਰਤ ਬਣਾਉਣ ਦੀ ਅਣਥੱਕ ਕੋਸ਼ਿਸ਼ ਅਤੇ ਸਾਹਿਤਿਕ ਸਫ਼ਰ ਦੀ ਲਗਾਤਾਰਤਾ ਲਈ ਡਾ. ਭੰਡਾਲ ਨੂੰ ਮੇਰੇ ਵੱਲੋਂ ਅਤੇ ਪਾਠਕ ਵਰਗ ਵੱਲੋਂ ਸ਼ੁੱਭ ਕਾਮਨਾਵਾਂ ਅਤੇ ਦੁਆਵਾਂ!

ਜ਼ਿੰਦਗੀ ਜ਼ਿੰਦਾਬਾਦ!!


ਕਹਾਣੀ

# ਤੁਰ੍ਹਲੇ ਵਾਲ਼ੀ ਪੱਗ

ਅੱਜ ਬਾਪੂ ਨੂੰ ਪੂਰੇ ਹੁਇਆਂ ਸੱਤ ਸਾਲ ਹੋ ਗਏ ਹਨ। ਆਪਣੇ ਬੈਡ-ਰੂਮ ਵਿਚ ਇਕੱਲਾ ਬੈਠਾ ਯਾਦਾਂ ਵਿਚ ਖੁੱਭ ਗਿਆ ਹਾਂ। ਉਮਰ ਦੇ 76 ਸਾਲਾਂ ਦੀਆਂ ਅਨੇਕਾਂ ਯਾਦਾਂ ਦਿਲ-ਦਿਮਾਗ 'ਤੇ ਇਸ ਤਰ੍ਹਾਂ ਘਰ ਕਰੀ ਬੈਠੀਆਂ ਹਨ ਕਿ ਇਹ ਜ਼ਿੰਦਗੀ ਦਾ ਇਕ ਹਿੱਸਾ ਬਣ ਗਈਆਂ ਹਨ। ਕਦੇ ਕਦੇ ਇਕੱਲਿਆਂ ਬੈਠਿਆਂ ਆ ਘੇਰਦੀਆਂ ਹਨ ਅਤੇ ਕਈ ਵਾਰੀ ਤਾਂ ਕਈ ਕਈ ਘੰਟੇ ਪਿੱਛਾ ਨਹੀਂ ਛੱਡਦੀਆਂ। ਮੇਰੀ ਪਤਨੀ ਡੈਸਟਿਨੀ, ਜਿਸ ਨੂੰ ਮੈਂ ਡੈਨੀ ਕਹਿ ਕੇ ਬੁਲਾਉਂਦਾ ਹਾਂ, ਦੋਹਾਂ ਬੱਚਿਆਂ ਨੂੰ ਲੈ ਕੇ ਆਪਣੇ ਮਾਂ-ਪਿਉ ਨੂੰ ਮਿਲਣ ਗਈ ਹੈ ਜੋ 25-30 ਮੀਲ ਦੀ ਦੂਰੀ 'ਤੇ ਹੀ ਰਹਿੰਦੇ ਹਨ ਅਤੇ ਮੈਨੂੰ ਇਕੱਲੇ ਬੈਠੇ ਨੂੰ ਇਨ੍ਹਾਂ ਯਾਦਾਂ ਨੇ ਆ ਘੇਰਿਆ ਹੈ।

****

ਜਦੋਂ 1972 ਵਿਚ ਮੈਂ ਹਿੰਦੁਸਤਾਨ ਛੱਡ ਕੇ ਕੈਨੇਡਾ ਨੂੰ ਤੁਰਿਆ ਸੀ ਤਾਂ ਜਿਥੇ ਮਨ ਉਦਾਸ ਸੀ ਆਪਣੇ ਮਾਂ-ਬਾਪ, ਭੈਣ, ਰਿਸ਼ਤੇਦਾਰ, ਦੋਸਤ ਅਤੇ ਆਪਣੀ ਜਨਮ ਭੂਮੀ ਨੂੰ ਛੱਡ ਕੇ ਕੇ ਜਾਣ ਦਾ, ਉਥੇ ਖੁਸ਼ ਸੀ ਕਿ ਬੇਰੁਜ਼ਗਾਰੀ ਤੋਂ ਛੁਟਕਾਰਾ



**ਪ੍ਰੇਮ ਮਾਨ**
**ਫੋਨ: 860-983-5002**

ਮਿਲੇਗਾ। ਹਿੰਦੁਸਤਾਨ ਮੈਂ ਫ਼ਸਟ ਡਵੀਜ਼ਨ ਵਿਚ ਪੁਲਿਟੀਕਲ ਸਾਇੰਸ ਦੀ ਐਮ.ਏ. ਕਰ ਕੇ ਵੀ ਨੌਕਰੀ ਨਾ ਲੱਭ ਸਕਿਆ। ਇਰਾਦਾ ਤਾਂ ਕਾਲਜ ਵਿਚ ਪੜ੍ਹਾਉਣ ਲਈ ਪ੍ਰੋਫ਼ੈਸਰ ਲੱਗਣ ਦਾ ਸੀ ਪਰ ਇਹੋ ਜਿਹੀ ਨੌਕਰੀ ਬਹੁਤ ਵੱਡੀ ਸਿਫ਼ਾਰਸ਼ ਤੋਂ ਬਗ਼ੈਰ ਕਿਸੇ ਹਾਲਤ ਵਿਚ ਵੀ ਨਹੀਂ ਸੀ ਮਿਲ ਸਕਦੀ। ਐਮ.ਏ. ਕਰਨ ਤੋਂ ਬਾਅਦ ਬਹੁਤ ਕਾਲਜਾਂ ਵਿਚ ਨੌਕਰੀ ਲਈ ਅਰਜ਼ੀਆਂ ਭੇਜੀਆਂ ਪਰ ਹਰ ਥਾਂ ਹੀ ਕਾਲਜ ਦੇ ਪ੍ਰਬੰਧਕਾਂ ਦਾ ਸਿਫ਼ਾਰਸ਼ੀ ਰੱਖਣ ਲਈ ਪਹਿਲਾਂ ਹੀ ਫ਼ੈਸਲਾ ਕੀਤਾ ਹੁੰਦਾ ਸੀ। ਅਰਜ਼ੀਆਂ ਮੰਗਣ-ਮੰਗਾਉਣ ਦਾ ਤਾਂ ਐਵੇਂ ਪਖੰਡ ਹੀ ਹੁੰਦਾ ਸੀ ਸਿਰਫ਼ ਫ਼ਾਈਲ ਪੂਰੀ ਕਰਨ ਲਈ। ਤਿੰਨ ਸਾਲ ਥਾਂ ਥਾਂ ਅਰਜ਼ੀਆਂ ਭੇਜਦਾ ਰਿਹਾ ਅਤੇ ਇੰਟਰਵਿਊ 'ਤੇ ਜਾਂਦਾ ਰਿਹਾ ਪਰ ਕਿਤੇ ਵੀ ਨੌਕਰੀ ਦੀ ਹਾਂ ਨਾ ਹੋਈ। ਅਖ਼ੀਰ ਸੋਚਿਆ ਕਿ ਕਿਸੇ ਦਫ਼ਤਰ ਵਿਚ ਕਲਰਕ ਦੀ ਨੌਕਰੀ ਹੀ ਮਿਲ ਜਾਵੇ ਪਰ ਇਸ ਲਈ ਵੀ ਤਾਂ ਸਿਫ਼ਾਰਸ਼ ਚਾਹੀਦੀ ਸੀ ਅਤੇ ਉਹ ਵੀ ਕਿਸੇ ਵੱਡੇ ਅਫ਼ਸਰ ਜਾਂ ਸਿਆਸਤਦਾਨ ਦੀ। ਭਾਵੇਂ ਬਾਪੂ ਦੀ ਕਾਫ਼ੀ ਵਾਕਫ਼ੀਅਤ ਸੀ ਪਰ ਉਸ ਕਦੇ ਵੀ ਕਿਸੇ ਅੱਗੇ ਝੁਕਣਾ ਨਹੀਂ ਸੀ ਚਾਹਿਆ। ਜ਼ਿੰਦਗੀ ਬੇਅਰਥ ਲਗਦੀ ਸੀ। ਅਖ਼ੀਰ ਤਿੰਨ ਸਾਲ ਧੱਕੇ ਖਾ-ਖਾ ਕੇ ਕੈਨੇਡਾ ਗਏ ਇਕ ਦੋਸਤ ਦਾ ਕਿਹਾ ਮੰਨ ਹੀ ਲਿਆ। ਗੁਰਜੀਤ 1968 ਵਿਚ ਹੀ ਕੈਨੇਡਾ ਚਲੇ ਗਿਆ ਸੀ, ਜਦੋਂ ਕੈਨੇਡਾ ਖੁੱਲ੍ਹਿਆ ਅਤੇ ਧੜਾ-ਧੜ ਨੌਜਵਾਨ ਕੈਨੇਡਾ ਜਾਣੇ ਸ਼ੁਰੂ ਹੋ ਗਏ। ਗੁਰਜੀਤ ਮੈਨੂੰ ਵੀ ਜ਼ੋਰ ਪਾ ਰਿਹਾ ਸੀ ਪਰ ਮੇਰਾ ਦਿਲ ਹਿੰਦੁਸਤਾਨ ਛੱਡਣ ਲਈ ਨਹੀਂ ਸੀ ਮੰਨਦਾ। ਆਪਣਾ ਮੁਲਕ, ਆਪਣਾ ਘਰ-ਘਾਟ, ਆਪਣੇ ਮਾਂ-ਪਿਉ, ਭੈਣ-ਭਰਾ, ਅਤੇ ਰਿਸ਼ਤੇਦਾਰ ਕੌਣ ਛੱਡਣੇ ਚਾਹੁੰਦਾ? ਪਰ ਬੇਰੁਜ਼ਗਾਰੀ ਤੋਂ ਅੱਕ ਕੇ ਅਖ਼ੀਰ ਮੈਂ ਵੀ ਮਨ ਬਣਾ ਲਿਆ। ਗਰੀਬੀ ਇਸ ਲਈ ਕਿ ਹਰ ਰੋਜ਼ ਮਾਂ-ਬਾਪ ਤੋਂ ਪੈਸੇ ਮੰਗਣੇ ਸੌਖੇ ਨਹੀਂ ਸਨ, ਭਾਵੇਂ ਪਰਿਵਾਰ ਮਾਇਕ ਤੌਰ 'ਤੇ ਸੌਖਾ ਸੀ। ਮੇਰੇ ਕਹਿਣ 'ਤੇ ਗੁਰਜੀਤ ਨੇ ਸਪਾਂਸਰਸ਼ਿਪ ਭੇਜ ਦਿੱਤੀ ਅਤੇ ਮੈਂ ਵੈਨਕੂਵਰ ਪਹੁੰਚ ਗਿਆ। ਕੁਝ ਦਿਨਾਂ ਵਿਚ ਹੀ ਗੁਰਜੀਤ ਨੇ ਮੈਨੂੰ ਵੀ ਲੱਕੜ ਦੀ ਉਸ ਮਿਲ ਵਿਚ ਕੰਮ ਲੈ ਦਿੱਤਾ, ਜਿੱਥੇ ਉਹ ਆਪ ਕਰਦਾ ਸੀ। ਕੰਮ ਔਖਾ ਤਾਂ ਸੀ ਪਰ ਬੇਰੁਜ਼ਗਾਰੀ ਤੋਂ ਛੁਟਕਾਰਾ ਮਿਲ ਗਿਆ। ਹਫ਼ਤੇ ਬਾਅਦ ਡਾਲਰ ਮਿਲ ਜਾਂਦੇ ਅਤੇ ਆਪਣੇ-ਆਪ 'ਤੇ ਨਿਰਾਸ਼ ਹੋਣ ਦੀ ਥਾਂ ਫ਼ਖ਼ਰ ਮਹਿਸੂਸ ਹੋਣ ਲੱਗਾ।

****

ਦੋ ਕੁ ਸਾਲਾਂ ਬਾਅਦ ਲੱਕੜ ਦੀ ਮਿੱਲ ਵਿਚ ਕੰਮ ਕਰ ਕੇ ਮਨ ਅੱਕ ਗਿਆ। ਕੈਨੇਡਾ ਵਿਚ ਭਾਵੇਂ ਹਰ ਕੰਮ ਦੀ ਕਦਰ ਹੈ ਪਰ ਫਿਰ ਵੀ ਮੇਰਾ ਕੁਝ ਹੋਰ ਕਰਨ ਨੂੰ ਜੀਅ ਕਰਦਾ। ਇਥੇ ਪੁਲਿਟੀਕਲ ਸਾਇੰਸ ਵਿਚ ਕੋਈ ਭਵਿੱਖ ਨਾ ਦਿਸਿਆ। ਕਈ ਮਹੀਨੇ ਸੋਚ ਕੇ ਕੁਝ ਦੋਸਤਾਂ ਨਾਲ ਸਲਾਹ ਕੀਤੀ, ਦੋ-ਤਿੰਨ ਕਾਲਜਾਂ ਵਿਚ ਜਾ ਕੇ ਪੁੱਛ-ਗਿੱਛ ਵੀ ਕੀਤੀ ਅਤੇ ਸਲਾਹ ਵੀ ਲਈ ਕਿ ਇਥੇ ਕਿਸ ਡਿਗਰੀ ਦੀ ਜ਼ਿਆਦਾ ਮਹੱਤਤਾ ਹੈ। ਸੁਝਾਅ ਇਹੋ ਮਿਲਿਆ ਕਿ ਫਾਈਨੈਂਸ ਜਾਂ ਅਕਾਊਂਟਿੰਗ ਦਾ ਕੋਰਸ ਕਰ ਕਰ ਕੇ ਡਿਗਰੀ ਲੈ ਲਵਾਂ। ਹੁਣ ਤੱਕ ਮੈਨੂੰ ਕੈਨੇਡਾ ਵਿਚ ਪੱਕੇ ਰਹਿਣ ਦੀ ਇਜਾਜ਼ਤ ਵੀ ਮਿਲ ਗਈ ਸੀ। ਇਸ ਪਾਸਿਉਂ ਕੋਈ ਫ਼ਿਕਰ ਨਹੀਂ ਸੀ, ਪਰ ਜਿੱਥੋਂ ਤੱਕ ਪੜ੍ਹਾਈ ਦਾ ਸਵਾਲ ਸੀ, ਸਲਾਹਾਂ ਕਰਦਿਆਂ-ਲੈਂਦਿਆਂ ਕੁਝ ਸਮਾਂ ਹੋਰ ਲੰਘ ਗਿਆ। ਸੋਚ-ਸੋਚ ਕੇ ਅਖ਼ੀਰ ਕੈਨੇਡਾ ਆਉਣ ਤੋਂ ਤਿੰਨ ਸਾਲ ਬਾਅਦ ਮੈਂ ਇਕ ਕਾਲਜ ਵਿਚ ਫਾਈਨੈਂਸ ਦੀ ਇਕ ਕਲਾਸ ਲੈ ਲਈ। ਦਿਨ ਨੂੰ ਮਿੱਲ ਵਿਚ ਕੰਮ ਕਰਨਾ ਅਤੇ ਸ਼ਾਮ ਨੂੰ ਹਰ ਹਫ਼ਤੇ ਦੋ ਦਿਨ ਕਲਾਸ ਵਿਚ ਜਾਣਾ। ਕਲਾਸ ਔਖੀ ਤਾਂ ਜ਼ਰੂਰ ਲੱਗੀ ਪਰ ਠੀਕ-ਠਾਕ ਪੂਰੀ ਹੋ ਗਈ। ਹੌਸਲਾ ਕੁਝ ਹੋਰ ਵਧ ਗਿਆ। ਅਗਲੇ ਸਮੈਸਟਰ ਮੈਂ ਦੋ ਕਲਾਸਾਂ ਲੈ ਲਈਆਂ। ਹੌਲੀ-ਹੌਲੀ ਕਰ-ਕਰਾ ਕੇ ਛੇ ਕੁ ਸਾਲਾਂ ਵਿਚ ਕੰਮ ਦੇ ਨਾਲ-ਨਾਲ ਫਾਈਨੈਂਸ ਦੀ ਬੀ.ਏ. ਕਰ ਲਈ। ਕੁਝ ਕਰੈਡਿਟ ਪੰਜਾਬ ਦੀ ਪੜ੍ਹਾਈ ਦਾ ਮਿਲ ਗਿਆ। ਛੇ ਸਾਲਾਂ ਵਿਚ ਅੰਗਰੇਜ਼ੀ ਸਮਝਣ ਅਤੇ ਬੋਲਣ ਦੀ ਵੀ ਕਾਫ਼ੀ ਮੁਹਾਰਤ ਹੋ ਗਈ। ਡਿਗਰੀ ਪੂਰੀ ਹੋਣ ਨਾਲ ਨੌਕਰੀਆਂ ਲਈ ਅਰਜ਼ੀਆਂ ਦੇਣੀਆਂ ਸ਼ੁਰੂ ਕਰ ਦਿੱਤੀਆਂ। ਕਈ ਕੰਪਨੀਆਂ ਵਲੋਂ ਇੰਟਰਵਿਊ ਦੇ ਸੱਦੇ ਆਉਣੇ ਸ਼ੁਰੂ ਹੋ ਗਏ। ਪਹਿਲਾਂ ਕੁਝ ਇੰਟਰਵਿਊ ਤਾਂ ਮੈਂ ਬਹੁਤ ਹੀ ਘਬਰਾਈ ਹੋਈ ਹਾਲਤ ਵਿਚ ਦਿੱਤੀਆਂ ਪਰ ਹੌਲੀ-ਹੌਲੀ ਹੌਸਲਾ ਵਧਦਾ ਗਿਆ। ਕੁਝ ਮਹੀਨਿਆਂ ਬਾਅਦ ਹੀ ਮੈਨੂੰ ਇਕ ਕੰਪਨੀ ਦੇ ਫਾਈਨੈਂਸ ਵਿਭਾਗ ਵਿਚ ਨੌਕਰੀ ਮਿਲ ਗਈ। ਤਨਖ਼ਾਹ ਚੰਗੀ ਤੇ ਬੈਠ ਕੇ ਕਰਨ ਵਾਲਾ ਕੰਮ ਮਿਲ ਗਿਆ। ਮੈਂ ਖ਼ੁਸ਼ ਸਾਂ। ਪਹਿਲਾਂ-ਪਹਿਲਾਂ ਪੜ੍ਹੇ-ਲਿਖੇ ਲੋਕਾਂ ਨਾਲ ਕੰਮ ਕਰਦਿਆਂ ਕੁਝ ਝਿਜਕ ਵੀ ਆਈ ਕੁਝ ਸਮੇਂ ਵਿਚ ਹੀ ਸਭ ਨਾਲ ਰਚ-ਮਿਚ ਗਿਆ। ਇਥੇ ਕੁਝ ਹਿੰਦੁਸਤਾਨੀ ਵੀ ਸਨ। ਉਨ੍ਹਾਂ ਨੇ ਆਪਣੇ ਨਾਵਾਂ ਨੂੰ ਸੌਖਾ ਕਰਨ ਲਈ ਛੋਟੇ ਛੋਟੇ ਅੰਗਰੇਜ਼ੀ ਨਾਮ ਰੱਖ ਲਏ ਸਨ। ਕੁਝ ਕੁ ਮਹੀਨਿਆਂ ਬਾਅਦ ਮੈਂ ਵੀ ਹਰਿੰਦਰ ਤੋਂ ਹੈਰੀ ਬਣ ਗਿਆ। ਕੈਨੇਡੀਆਂ ਲਈ ਹੈਰੀ ਕਹਿਣਾ ਸੌਖਾ ਸੀ।

****

ਬਾਪੂ ਪਿੰਡ ਦਾ ਲੰਬੜਦਾਰ, ਰੋਹਬ ਵਾਲਾ ਇਨਸਾਨ ਸੀ। ਭਾਵੇਂ ਉਹ ਥੋੜ੍ਹਾ ਹੀ ਪੜ੍ਹਿਆ ਸੀ ਪਰ ਫਿਰ ਵੀ ਉਸ ਦੀ ਆਪਣੇ ਇਲਾਕੇ ਵਿਚ ਕਾਫ਼ੀ ਪੁੱਛ-ਗਿੱਛ ਸੀ। ਲੋਕ ਉਸ ਦਾ ਸਤਿਕਾਰ ਕਰਦੇ। ਬਾਪੂ ਨੂੰ ਗੱਲ ਕਰਨ ਦਾ ਵੱਲ ਸੀ। ਦਲੀਲ ਨਾਲ ਗੱਲ ਕਰਨ ਵਿਚ ਉਸ ਨੂੰ ਕੋਈ ਘੱਟ ਹੀ ਜਿੱਤ ਸਕਦਾ ਸੀ। ਲੋਕ ਉਸ ਕੋਲੋਂ ਸਲਾਹਾਂ ਲੈਣ ਲਈ ਆਉਂਦੇ ਰਹਿੰਦੇ। ਅਸਲ ਵਿਚ ਪਿੰਡ ਦੀ ਲੰਬੜਦਾਰੀ ਪਹਿਲਾਂ ਇਕ ਹੋਰ ਪਰਿਵਾਰ ਕੋਲ ਸੀ। ਜਦੋਂ ਉਸ ਪਰਿਵਾਰ ਦਾ ਲੰਬੜਦਾਰ ਕਰਮ ਸਿੰਘ ਪੂਰਾ ਹੋਇਆ ਤਾਂ ਉਸ ਪਰਿਵਾਰ ਦਾ ਕੋਈ ਮੈਂਬਰ ਲੰਬੜਦਾਰ ਬਣਨ ਨੂੰ ਤਿਆਰ ਨਹੀਂ ਸੀ। ਪਿੰਡ ਦੇ ਲੋਕਾਂ ਨੇ ਕਹਿ-ਕਹਾ ਕੇ ਬਾਪੂ ਨੂੰ ਲੰਬੜਦਾਰ ਬਣਨ ਲਈ ਮਨਾ ਲਿਆ।

ਮੇਰੀ ਇਕੋ-ਇਕ ਭੈਣ ਸੀ। ਭੈਣ ਦਾ ਵਿਆਹ ਮੇਰੇ ਕੈਨੇਡਾ ਆਉਣ ਤੋਂ ਚਾਰ ਕੁ ਸਾਲ ਪਹਿਲਾਂ ਹੋ ਗਿਆ ਸੀ। ਉਸ ਦਾ ਪਤੀ ਵਕੀਲ ਸੀ ਅਤੇ ਲੁਧਿਆਣੇ ਵਕਾਲਤ ਕਰਦਾ ਸੀ। ਭੈਣ ਭਾਵੇਂ ਬੀ.ਏ. ਪਾਸ ਸੀ ਪਰ ਉਸ ਨੇ ਕੋਈ ਨੌਕਰੀ ਨਹੀਂ ਸੀ ਕੀਤੀ। ਉਸ ਨੇ ਘਰ ਰਹਿ ਕੇ ਆਪਣੇ ਦੋ ਬੱਚੇ ਪਾਲੇ, ਜੋ ਹੁਣ ਡਾਕਟਰ ਬਣ ਗਏ ਸਨ।

ਜਦੋਂ ਮੈਂ ਕੈਨੇਡਾ ਦੀ ਤਿਆਰੀ ਕੀਤੀ ਤਾਂ ਬਾਪੂ ਨੇ ਬਹੁਤ ਜ਼ੋਰ ਪਾਇਆ ਕਿ ਮੈਂ ਕੈਨੇਡਾ ਨਾ ਜਾਵਾਂ।

'ਬੇਟਾ ਤੂੰ ਕਨੇਡਾ ਕੀ ਕਰਨਾ। ਐਵੇਂ ਜਾ ਕੇ ਫ਼ੈਕਟਰੀਆਂ ਵਿਚ ਧੱਕੇ ਖਾਏਂਗਾ। ਐਥੇ ਸਾਨੂੰ ਰੱਬ ਨੇ ਬੜਾ ਕੁਛ ਦਿੱਤਾ ਹੋਇਆ।'

'ਪਰ ਬਾਪੂ ਐਮ.ਏ. ਕਰ ਕੇ ਵੀ ਨੌਕਰੀ ਤਾਂ ਮਿਲਦੀ ਨੀ। ਮੈਂ ਵਿਹਲਾ ਰਹਿ ਕੇ ਅੱਕ ਗਿਆਂ। ਕਨੇਡਾ ਗਏ ਦੋਸਤ ਵੀ ਕਹਿੰਦੇ ਨੇ, ਆ ਜਾ।'

'ਆਪਣੀ ਜ਼ਮੀਨ ਚੰਗੀ ਐ। ਤੂੰ ਇਸ ਨੂੰ ਸੰਭਾਲ। ਤੂੰ ਹੋਰ ਕੰਮ ਕਰ ਕੇ ਕੀ ਲੈਣਾ?'

'ਬਾਪੂ, ਮੈਂ ਖੇਤੀ ਨਹੀਂ ਕਰਨੀ।'

'ਖੇਤੀ ਨਾ ਕਰ, ਜ਼ਮੀਨ ਦੀ ਦੇਖ ਭਾਲ ਹੀ ਕਰੀ ਜਾ।'

'ਇਹ ਮੇਰੇ ਵੱਸ ਦਾ ਰੋਗ ਨਹੀਂ।'

'ਕੁਝ ਸਾਲਾਂ ਤੱਕ ਮੈਂ ਲੰਬੜਦਾਰੀ ਤੈਨੂੰ ਸੰਭਾਲ ਦੇਊਂ।'

'ਬਾਪੂ ਮੈਨੂੰ ਇਹ ਲੰਬੜਦਾਰੀ ਦਾ ਕੰਮ ਪਸੰਦ ਨਹੀਂ। ਮੀਂਹ ਪਵੇ, ਨ੍ਹੇਰੀ ਆਵੇ, ਗਰਮੀ ਹੋਵੇ, ਸਰਦੀ ਹੋਵੇ, ਘਰ-ਘਰ ਜਾ ਕੇ ਥੋੜ੍ਹੇ-ਥੋੜ੍ਹੇ ਪੈਸਿਆਂ ਲਈ ਲੋਕਾਂ ਦੀਆਂ ਮਿੰਨਤਾਂ ਕਰੀ ਜਾਓ।'

'ਉਹ ਤਾਂ ਠੀਕ ਹੈ ਪਰ ਰੋਹਬ ਵੀ ਤਾਂ ਹੈ। ਕਿਸੇ ਦਾ ਕੋਈ ਕੰਮ ਹੋਵੇ ਠਾਣੇ ਜਾਂ ਕਚਹਿਰੀ,



ਅਗਲੇ ਆ ਕੇ ਮਿੰਨਤਾਂ ਕਰਦੇ ਆ। ਕਿਸੇ ਦਾ ਕੰਮ ਕਰਾ ਦਿਓ, ਸਾਰੀ ਉਮਰ ਅਹਿਸਾਨ ਮੰਨਦੇ ਆ।'

'ਬਾਪੂ ਇਹ ਕੁੱਤਾ ਕੰਮ ਮੈਥੋਂ ਨਹੀਂ ਹੋਣਾ।'

ਫਿਰ ਬਾਪੂ ਨੇ ਆਪਣੇ ਦਿਲ ਦੀ ਗੱਲ ਆਖ ਦਿੱਤੀ, 'ਬੇਟਾ, ਅਸੀਂ ਮੁੱਦਤਾਂ ਬਾਅਦ ਕੁਰਬਾਨੀਆਂ ਦੇ ਕੇ ਗੋਰਿਆਂ 'ਤੋਂ ਅਜ਼ਾਦੀ ਲਈ ਹੈ। ਹੁਣ ਅਸੀਂ ਉਨ੍ਹਾਂ ਦੀ ਗੁਲਾਮੀ ਕਰਨ ਫਿਰ ਜਾ ਰਹੇ ਹਾਂ। ਸਾਨੂੰ ਸਮਝ ਕਦੋਂ ਆਉਗੀ?'

ਅਸਲ ਵਿਚ ਮੇਰੇ ਬਾਬਾ ਜੀ ਅਜ਼ਾਦੀ ਦੀ ਲੜਾਈ ਵਿਚ ਕਾਫ਼ੀ ਸਰਗਰਮ ਰਹੇ ਸਨ ਅਤੇ ਕਈ ਵਾਰੀ ਜੇਲ੍ਹ ਵੀ ਗਏ ਸਨ। ਬਾਪੂ ਨੂੰ ਇਸ ਗੱਲ ਤੇ ਬਹੁਤ ਮਾਣ ਸੀ। ਬਹੁਤ ਸਾਲ ਪਹਿਲਾਂ ਜਦੋਂ ਇੰਗਲੈਂਡ ਨੂੰ ਜਾਣ ਦੇ ਵਾਊਚਰ ਆਮ ਮਿਲਦੇ ਸਨ, ਮੇਰੇ ਬਾਪੂ ਨੂੰ ਵੀ ਉਸ ਦੇ ਕਈ ਦੋਸਤਾਂ ਅਤੇ ਰਿਸ਼ਤੇਦਾਰਾਂ ਨੇ, ਜੋ ਇਹ ਵਾਊਚਰ ਮੰਗਵਾ ਕੇ ਇੰਗਲੈਂਡ ਚਲੇ ਗਏ ਸਨ, ਜ਼ੋਰ ਪਾਇਆ ਸੀ ਕਿ ਉਹ ਇੰਗਲੈਂਡ ਆ ਜਾਵੇ ਪਰ ਬਾਪੂ ਨੇ ਇੰਗਲੈਂਡ ਜਾਣ ਨੂੰ ਗੋਰਿਆਂ ਦੀ ਗੁਲਾਮੀ ਕਹਿ ਕੇ ਠੁਕਰਾ ਦਿੱਤਾ ਸੀ। ਇਸੇ ਕਰ ਕੇ ਬਾਪੂ ਮੇਰੇ ਕੈਨੇਡਾ ਜਾਣ ਤੋਂ ਬਿਲਕੁਲ ਖ਼ੁਸ਼ ਨਹੀਂ ਸੀ।

'ਬਾਪੂ ਜੀ, ਮੈਂ ਗੁਲਾਮੀ ਕਰਨ ਨਹੀਂ, ਆਪਣੇ ਭਵਿੱਖ ਕਰ ਕੇ ਜਾ ਰਿਹਾਂ। ਇੱਥੇ ਬੇਰੁਜ਼ਗਾਰ ਰਹਿਣ ਨਾਲੋਂ ਤਾਂ ਚੰਗਾ ਹੈ ਕਿ ਜਾ ਕੇ ਦੇਖ ਲਵਾਂ ਕਿ ਕਨੇਡਾ ਵਿਚ ਜ਼ਿੰਦਗੀ ਕਿਹੋ ਜਿਹੀ ਏ।'

ਬਾਪੂ ਨੇ ਕਾਫ਼ੀ ਕੋਸ਼ਿਸ਼ ਕੀਤੀ ਪਰ ਜਦੋਂ ਮੈਂ ਨਾ ਮੰਨਿਆਂ ਤਾਂ ਉਸ ਨੇ ਹਥਿਆਰ ਸੁੱਟ ਦਿੱਤੇ।

****

ਦਫ਼ਤਰ ਦੀ ਨੌਕਰੀ ਲੈਣ ਤੋਂ ਪੰਜ ਕੁ ਸਾਲਾਂ ਬਾਅਦ ਹਿੰਦੁਸਤਾਨ ਜਾਣ ਦਾ ਮੌਕਾ ਮਿਲਿਆ। ਦਿਲ ਖ਼ੁਸ਼ ਸੀ ਕਿ ਆਪਣੇ ਵਤਨ ਜਾ ਰਿਹਾਂ - ਮਾਂ-ਪਿਉ, ਭੈਣ, ਰਿਸ਼ਤੇਦਾਰਾਂ, ਅਤੇ ਦੋਸਤਾਂ ਨੂੰ ਮਿਲਣ; ਉਸ ਪਿੰਡ ਦੀਆਂ ਗਲੀਆਂ ਨੂੰ ਦੇਰ ਬਾਅਦ ਦੇਖਣ ਜਿੱਥੇ ਬਚਪਨ ਗੁਜ਼ਾਰਿਆ ਸੀ; ਉਸ ਪੰਜਾਬ ਦੇ ਦਰਸ਼ਨ ਕਰਨ ਜਿਸ ਸਭਿਅਤਾ ਵਿਚ ਜੁਆਨ ਹੋਇਆ ਸੀ। ਬਹੁਤ ਚਾਅ ਸੀ ਹਿੰਦੁਸਤਾਨ ਜਾਣ ਦਾ। ਦਿੱਲੀ ਦੇ ਏਅਰਪੋਰਟ 'ਤੇ ਪਹੁੰਚਿਆ। ਇਮੀਗਰੇਸ਼ਨ ਅਫ਼ਸਰ ਅਜੀਬ-ਅਜੀਬ ਸਵਾਲ ਪੁੱਛ ਰਿਹਾ ਸੀ: 'ਕੱਬ ਗਏ ਥੇ ਕਨੇਡਾ... ਵਹਾਂ ਕਿਆ ਕਾਮ ਕਰਤੇ ਹੋ... ਜੱਬ ਕਨੇਡਾ ਕੇ ਨਾਗਰਿਕ ਬਨ ਗਏ ਹੋ ਤੋ ਵਾਪਸ ਕਿਆ ਕਰਨੇ ਆਤੇ ਹੋ...ਕਿਤਨੀ ਦੇਰ ਰਹੋਗੇ ਹਿੰਦੁਸਤਾਨ ਮੇਂ...ਇਤਨੀ ਦੇਰ ਜਹਾਂ ਕਿਆ ਕਰੋਗੇ?' ਜੀਅ ਤਾਂ ਕਰਦਾ ਸੀ, ਕਰਾਰੇ ਜਵਾਬ ਦੇਵਾਂ ਪਰ ਕੋਈ ਪੰਗਾ ਪੈਣ ਤੋਂ ਡਰ ਲਗਦਾ ਸੀ। ਗੁੱਸੇ ਨੂੰ ਪੀ ਬੁੱਲ੍ਹਾਂ 'ਤੇ ਮੁਸਕਰਾਹਟ ਲਿਆ ਕੇ ਸਿੱਧੇ-ਸਿੱਧੇ ਜਵਾਬ ਹੀ ਦਿੱਤੇ ਅਤੇ ਛੁਟਕਾਰਾ ਪਾਇਆ। ਬਾਹਰ ਆਇਆ ਤਾਂ ਪਰਿਵਾਰ ਅਤੇ ਰਿਸ਼ਤੇਦਾਰਾਂ ਵਿਚੋਂ ਛੇ ਜਣੇ ਵੱਡੀ ਕਾਰ ਵਿਚ ਲੈਣ ਆਏ ਹੋਏ ਸਨ। ਮੈਂ ਕਿਹਾ ਵੀ ਸੀ ਕਿ ਇਕ ਬੰਦਾ ਕਾਰ ਲੈ ਕੇ ਆ ਜਾਇਓ ਪਰ ਛੇ ਜਣੇ? ਦੇਖ ਕੇ ਮੈਨੂੰ ਹੈਰਾਨੀ ਤਾਂ ਹੋਈ ਪਰ ਫਿਰ ਸੋਚਿਆ ਕਿ ਇਹ ਪੰਜਾਬੀ ਪਿਆਰ ਹੈ। ਕੋਈ ਗੱਲ ਨਹੀਂ। ਅਸੀਂ ਕਾਰ ਵਿਚ ਬੈਠ ਪੰਜਾਬ ਨੂੰ ਚੱਲ ਪਏ। ਜਾਂਦਿਆਂ ਸਭ ਕੁਝ ਪੁਰਾਣੇ ਦਿਨਾਂ ਵਾਂਗ ਹੀ ਦਿਸ ਰਿਹਾ ਸੀ। ਲੱਗ ਰਿਹਾ ਸੀ ਕਿ ਇੰਨੇ ਸਾਲਾਂ ਵਿਚ ਬਹੁਤਾ ਕੁਝ ਨਹੀਂ ਬਦਲਿਆ। ਟੁੱਟੀਆਂ ਸੜਕਾਂ, ਕੂੜੇ ਦੇ ਥਾਂ-ਥਾਂ ਢੇਰ, ਸੜਕ ਵਿਚ ਥਾਂ-ਥਾਂ ਤੇ ਬੈਠੇ ਜਾਂ ਲੰਘ ਰਹੇ ਪਸ਼ੂ, ਟਰੈਫ਼ਿਕ ਬੇਅਸੂਲਾ, ਹਰ ਪਾਸਿਓਂ ਸੁਣਦੇ ਹਾਰਨ, ਆਦਿ ਆਦਿ। ਭਾਵੇਂ ਜਦੋਂ ਮੈਂ ਇੱਥੇ ਰਹਿੰਦਾ ਸੀ ਤਾਂ ਇਹ ਸਭ ਆਮ ਲਗਦਾ ਸੀ ਪਰ ਹੁਣ ਇਹ ਓਪਰਾ-ਓਪਰਾ ਲਗਦਾ ਸੀ।

ਪਿੰਡ ਪਹੁੰਚੇ ਤਾਂ ਦੇਖਿਆ ਬਹੁਤ ਕੁਝ ਬਦਲ ਚੁੱਕਾ ਸੀ। ਪੁਰਾਣੇ ਘਰ ਢਾਹ ਕੇ ਨਵੇਂ ਅਤੇ ਕਈ ਸ਼ਾਨਦਾਰ ਕੋਠੀਆਂ ਬਣ ਗਈਆਂ ਸਨ, ਜਿਨ੍ਹਾਂ ਵਿਚੋਂ ਬਹੁਤੀਆਂ ਤਾਂ ਬਾਹਰਲੇ ਮੁਲਕਾਂ ਤੋਂ ਆਏ ਪੈਸੇ ਨਾਲ ਹੀ ਬਣੀਆਂ ਸਨ। ਪਿੰਡ ਦੀ ਪਛਾਣ ਹੀ ਬਦਲ ਗਈ ਸੀ। ਖੇਤੀ ਦੇ ਢੰਗ ਤਰੀਕੇ ਵੀ ਬਦਲੇ ਪਏ ਸਨ। ਜਿੱਥੇ ਜਾਵਾਂ, ਪੀਣ ਲਈ ਕੋਕਾ ਕੋਲਾ ਮਿਲਦਾ। ਇੰਨਾ ਕੋਕਾ ਕੋਲਾ ਮੈਂ ਕੈਨੇਡਾ ਵਿਚ ਕਈ ਸਾਲਾਂ ਵਿੱਚ ਨਹੀਂ ਸੀ ਪੀਤਾ ਜਿੰਨਾ ਤਿੰਨਾਂ ਹਫ਼ਤਿਆਂ ਵਿਚ ਪੀ ਲਿਆ। ਲੱਸੀ ਤਾਂ ਸਿਰਫ਼ ਇਕ ਦੋ ਘਰਾਂ ਵਿਚੋਂ ਹੀ ਮਿਲੀ। ਤਿੰਨਾਂ ਹਫ਼ਤਿਆਂ ਵਿਚ ਪੰਜਾਬ ਦੇ ਬਦਲੇ ਤੌਰ ਤਰੀਕਿਆਂ ਦਾ ਖ਼ੂਬ ਅਭਿਆਸ ਹੋਇਆ। ਸੜਕਾਂ ਦੀ ਹਾਲਤ ਪਹਿਲਾਂ ਨਾਲੋਂ ਵੀ ਮਾੜੀ ਸੀ। ਅਮੀਰ ਲੋਕ ਪਹਿਲਾਂ ਨਾਲੋਂ ਵੀ ਅਮੀਰ ਹੋ ਗਏ ਸਨ, ਅਤੇ ਗਰੀਬ ਹੋਰ ਗਰੀਬ। ਸੜਕਾਂ ਦੇ ਆਲੇ-ਦੁਆਲੇ ਬਣਾਈਆਂ ਝੁੱਗੀਆਂ ਵਿਚ ਲੋਕ ਵਸ ਰਹੇ ਸਨ। ਸੋਚਿਆ, 'ਕਿਵੇਂ ਰਹਿੰਦੇ ਹੋਣਗੇ ਇਹ ਲੋਕ? ਕੀ ਹੈ ਇਨ੍ਹਾਂ ਦੀ ਜ਼ਿੰਦਗੀ? ਕੀ ਮਿਲਿਆ ਇਨ੍ਹਾਂ ਨੂੰ ਅਜ਼ਾਦੀ ਤੋਂ? ਹਿੰਦੁਸਤਾਨ ਦੀ ਹਾਲਤ ਤਾਂ ਹੋਰ ਵੀ ਖ਼ਰਾਬ ਹੁੰਦੀ ਜਾ ਰਹੀ ਹੈ।'

****

ਬਾਪੂ ਅੜਬ ਸੁਭਾਅ ਦਾ ਸੀ। ਜਿਹੜੀ ਗੱਲ 'ਤੇ ਅੜ ਜਾਂਦਾ, ਉਹ ਕਰ ਕੇ ਹਟਦਾ। ਪਿੰਡ ਦੇ ਲੋਕਾਂ ਨੂੰ ਵੀ ਇਸ ਦਾ ਪੂਰਾ ਗਿਆਨ ਸੀ। ਇਸੇ ਕਰ ਕੇ ਕੋਈ ਉਸ ਨਾਲ ਲੜਾਈ-ਝਗੜਾ ਘੱਟ ਹੀ ਕਰਦਾ। ਇਕ ਵਾਰੀ ਮਾਮੇ ਨੇ ਹਾਸੇ-ਹਾਸੇ ਵਿਚ ਬਾਪੂ ਨੂੰ ਕੋਈ ਗੱਲ ਆਖ ਦਿੱਤੀ ਅਤੇ ਬਾਪੂ ਨੇ ਤਿੰਨ ਸਾਲ ਆਪਣੇ ਘਰ ਨਹੀਂ ਸੀ ਵੜਨ ਦਿੱਤਾ। ਮਸਾਂ ਮੇਰੀ ਮਾਂ ਦੀਆਂ ਮਿੰਨਤਾਂ ਸੁਣ ਕੇ ਅਤੇ ਕੁਝ ਹੋਰ ਰਿਸ਼ਤੇਦਾਰਾਂ ਦੇ ਕਹਿਣ 'ਤੇ ਉਸ ਨੇ ਮਾਮੇ ਨੂੰ ਘਰ ਵੜਨ ਦਿੱਤਾ ਸੀ। ਕੈਨੇਡਾ ਆ ਕੇ ਜਦੋਂ ਮੈਂ ਕੇਸ ਕਟਾ ਦਿੱਤੇ ਤਾਂ ਬਾਪੂ ਨੂੰ ਇਕ ਦੋਸਤ ਤੋਂ ਇਸ ਦਾ ਪਤਾ ਲੱਗ ਗਿਆ ਸੀ। ਬਾਪੂ ਅੰਮ੍ਰਿਤਧਾਰੀ ਸਿੱਖ ਸੀ, ਸਵੇਰੇ ਸ਼ਾਮ ਪਾਠ ਕਰਦਾ ਹੁੰਦਾ ਅਤੇ ਹਰ ਹਫ਼ਤੇ ਕਈ ਵਾਰੀ ਗੁਰਦਵਾਰੇ ਵੀ ਜਾਂਦਾ ਸੀ। ਮੇਰੀ ਮਾਂ ਨੇ ਦੱਸਿਆ ਕਿ ਜਦੋਂ ਬਾਪੂ ਨੂੰ ਮੇਰੇ ਕੇਸ ਕਟਾਉਣ ਦਾ ਪਤਾ ਲੱਗਾ ਤਾਂ ਉਹ ਬਹੁਤ ਦੁਖੀ ਹੋਇਆ ਸੀ। ਕਈ ਮਹੀਨੇ ਮੇਰੀ ਮਾਂ ਨੂੰ ਮੇਰੇ ਬਾਰੇ ਗੱਲ ਵੀ ਨਹੀਂ ਸੀ ਕਰਨ ਦਿੱਤੀ। ਬਾਪੂ ਪੁਰਾਣੇ ਖ਼ਿਆਲਾਂ ਦਾ ਸੀ। ਮੇਰੀ ਭੈਣ ਨੂੰ ਮਿਲਣ ਜਾਂਦਾ ਤਾਂ ਉਨ੍ਹਾਂ ਦੇ ਘਰ ਕਦੇ ਰਾਤ ਨਾ ਰਹਿੰਦਾ। ਸਵੇਰੇ ਜਾਂਦਾ, ਸ਼ਾਮ ਤੱਕ ਘਰ ਆ ਜਾਂਦਾ। ਮਾਂ ਕਦੇ ਵੀ ਬਾਪੂ ਦੇ ਅੱਗੇ ਨਹੀਂ ਸੀ ਬੋਲ ਸਕਦੀ। ਕਦੇ ਮਾਂ ਨੇ ਬਾਪੂ ਨਾਲ ਕੋਈ ਗੱਲ ਕਰਨੀ ਹੁੰਦੀ ਤਾਂ ਉਹ ਮਸਾਂ ਡਰ-ਡਰ ਕੇ ਹੌਲੀ-ਹੌਲੀ ਗੱਲ ਕਰਦੀ।

****

ਕੈਨੇਡਾ ਵਿਚ ਦਫ਼ਤਰ ਦੀ ਨੌਕਰੀ ਤੋਂ ਛੇਤੀ ਬਾਅਦ ਹੀ ਉਥੇ ਕੰਮ ਕਰਨ ਵਾਲੀ ਇਕ ਗੋਰੀ 'ਡੈਨੀ' ਨਾਲ ਮੇਰੀ ਦੋਸਤੀ ਹੋ ਗਈ। ਡੈਨੀ ਜਿੰਨੀ ਸੋਹਣੀ ਸੀ, ਸੁਭਾਅ ਦੀ ਉਸ ਤੋਂ ਵੀ ਜ਼ਿਆਦਾ ਚੰਗੀ। ਬਹੁਤ ਹੀ ਪਿਆਰ ਨਾਲ 'ਹੈਲੋ ਹੈਰੀ, ਹਉ ਆਰ ਯੂ' ਕਹਿੰਦੀ ਅਤੇ ਪਿਆਰ ਨਾਲ ਹਾਲ-ਚਾਲ ਪੁੱਛਦੀ। ਜਾਣ ਲੱਗੀ ਮੁਸਕਰਾਉਂਦੀ ਹੋਈ ਮੇਰੇ ਮੋਢੇ 'ਤੇ ਪਿਆਰ ਨਾਲ ਧੱਫਾ ਜਿਹਾ ਮਾਰ ਜਾਂਦੀ। ਕੁਝ ਮਹੀਨਿਆਂ ਬਾਅਦ ਹੀ ਅਸੀਂ ਇਕੱਠੇ ਕੌਫ਼ੀ ਪੀਣ ਜਾਣ ਲੱਗ ਪਏ। ਫਿਰ ਇਕ ਦਿਨ ਡੈਨੀ ਕਹਿਣ ਲੱਗੀ, 'ਹੈਰੀ, ਕੀ ਤੂੰ ਕੱਲ੍ਹ ਨੂੰ ਡਿਨਰ 'ਤੇ ਮੇਰੇ ਨਾਲ ਜਾਣਾ ਪਸੰਦ ਕਰੇਂਗਾ?' ਮੈਂ ਕਿਹਾ, 'ਡੈਨੀ, ਬਹੁਤ ਖ਼ੁਸ਼ੀ ਹੋਵੇਗੀ ਤੇਰੇ ਨਾਲ ਡਿਨਰ ਕਰ ਕੇ।' ਉਸ ਰਾਤ ਮੈਨੂੰ ਮਸਾਂ ਦੋ ਕੁ ਘੰਟੇ ਹੀ ਨੀਂਦ ਆਈ। ਸਾਰੀ ਰਾਤ ਡੈਨੀ ਬਾਰੇ ਸੋਚਦਾ ਰਿਹਾ ਕਿ ਉਸ ਦਾ ਮੈਨੂੰ ਡਿਨਰ ਲਈ ਸੱਦਾ ਦੇਣ ਦਾ ਕੀ ਕਾਰਨ ਹੋਵੇਗਾ; ਕੀ ਉਹ ਮੈਨੂੰ ਪਸੰਦ ਕਰਦੀ ਹੈ; ਜੇ ਇਹ ਸੱਚ ਹੈ ਤਾਂ ਮੈਨੂੰ ਕੀ ਕਰਨਾ ਚਾਹੀਦਾ; ਜੇ ਉਸ ਨਾਲ ਪਿਆਰ ਹੋ ਗਿਆ ਤਾਂ ਕੀ ਇਹ ਵਿਆਹ ਵਿਚ ਬਦਲਣਾ ਚਾਹੀਦਾ; ਉਸ ਨਾਲ ਜ਼ਿੰਦਗੀ ਕਿਹੋ ਜਿਹੀ ਹੋਵੇਗੀ; ਵੱਖਰੀਆਂ ਸਭਿਅਤਾਵਾਂ ਅਤੇ ਸੰਸਕ੍ਰਿਤੀਆਂ ਵਿਚ ਪਲੇ ਕੀ ਅਸੀਂ ਦੋਵੇਂ ਸ਼ਾਂਤੀ ਅਤੇ ਪਿਆਰ ਨਾਲ ਰਹਿ ਸਕਾਂਗੇ? ਅਤੇ ਕਈ ਹੋਰ ਸਵਾਲ ਵੀ ਮਨ ਵਿਚ ਆਏ। ਫਿਰ ਸੋਚਿਆ ਕਿ ਗੱਲ ਸ਼ੁਰੂ ਵੀ ਨਹੀਂ ਹੋਈ ਤੇ ਮੈਂ ਪਹਿਲਾਂ ਹੀ ਦੂਰ ਦੀਆਂ ਸੋਚਾਂ ਵਿਚ ਪੈ ਗਿਆਂ। ਆਪਣੇ-ਆਪ 'ਤੇ ਹਾਸਾ ਵੀ ਆਇਆ। ਸੋਚਦਿਆਂ-ਸੋਚਦਿਆਂ ਕਿਤੇ ਤੜਕੇ ਜਾ ਕੇ ਨੀਂਦ ਆਈ। ਦੋ ਕੁ ਘੰਟਿਆਂ ਬਾਅਦ ਅਲਾਰਮ ਨੇ ਜਗਾ ਦਿੱਤਾ। ਉਸ ਸ਼ਾਮ ਡੈਨੀ ਅਤੇ ਮੈਂ ਉਸ ਦੇ ਮਨ-ਪਸੰਦ ਰੈਸਟੋਰੈਂਟ ਵਿਚ ਡਿਨਰ 'ਤੇ ਗਏ। ਡਿਨਰ ਕਰਦਿਆਂ ਅਸੀਂ ਚਾਰ ਘੰਟੇ ਰੈਸਟੋਰੈਂਟ ਵਿਚ ਬੈਠੇ ਗੱਲਾਂ ਕਰਦੇ ਰਹੇ। ਡਿਨਰ ਤਾਂ ਇਕ ਬਹਾਨਾ ਸੀ, ਗੱਲਾਂ ਕਰਨਾ ਅਤੇ ਇਕ ਦੂਜੇ ਬਾਰੇ ਜਾਣਨਾ ਹੀ ਖ਼ਾਸ ਮਕਸਦ ਸੀ। ਵੱਖਰੇ ਹੋਣ ਤੋਂ ਪਹਿਲਾਂ ਡੈਨੀ ਨੇ ਮੈਨੂੰ ਬਾਹਾਂ ਵਿਚ ਘੁੱਟਦਿਆਂ ਮੇਰੀ ਗੱਲ੍ਹ ਤੇ ਚੁੰਮਦਿਆਂ ਕਿਹਾ, 'ਹੈਰੀ, ਆਈ ਲਵ ਯੂ ਵੈਰੀ ਮੱਚ।' ਮੈਂ ਬਗ਼ੈਰ ਕੁਝ ਸੋਚਿਆਂ ਹੀ ਕਹਿ ਗਿਆ ਸੀ, 'ਆਈ ਟੂ ਲਵ ਯੂ ਵੈਰੀ ਮੱਚ।' ਡੈਨੀ ਨੇ ਗਲਵੱਕੜੀ ਢਿੱਲੀ ਕਰਦਿਆਂ ਮੇਰੀਆਂ ਅੱਖਾਂ ਵਿਚ ਅੱਖਾਂ ਪਾ ਕੇ ਪੁੱਛਿਆ, 'ਰਿਅਲੀ?' 'ਯੈੱਸ।' ਉਸ ਨੇ ਮੁੜ ਮੈਨੂੰ ਆਪਣੀਆਂ ਬਾਹਾਂ ਵਿਚ ਘੁੱਟ ਲਿਆ ਸੀ। ਘਰ ਆ ਕੇ ਉਸ ਰਾਤ ਮੈਂ ਸੋਚਦਾ ਰਿਹਾ ਕਿ ਮੈਂ ਇੰਨੀ ਛੇਤੀ ਕਿਉਂ ਉਸ ਨੂੰ ਇਸ ਤਰ੍ਹਾਂ ਕਹਿ ਦਿੱਤਾ। ਪਿਆਰ ਤਾਂ ਇਕ ਬਹੁਤ ਡੂੰਘੀ ਅਤੇ ਗੁੰਝਲਦਾਰ ਗੱਲ ਹੈ। ਇਸ ਦਾ ਨਿਰਣਾ ਇੰਨੀ ਛੇਤੀ ਮੈਂ ਕਿਵੇਂ ਕਰ ਲਿਆ? ਮੈਂ ਸਾਰੀ ਰਾਤ ਸੋਚਦਾ ਰਿਹਾ ਕਿ ਕੀ ਇਹ ਮੇਰਾ ਉਸ ਦੇ ਪ੍ਰਤੀ ਪਿਆਰ ਜਾਂ ਹਵਸ ਸੀ। ਕੀ ਮੈਂ ਉਸ ਦੇ ਚੰਗੇ ਸੁਭਾਅ ਕਰ ਕੇ ਅਤੇ ਚੰਗੀਆਂ ਆਦਤਾਂ ਕਰ ਕੇ ਉਸ ਨੂੰ ਪਿਆਰ ਕਰਦਾਂ ਜਾਂ ਉਸ ਦੀ ਖ਼ੂਬਸੂਰਤੀ ਕਾਰਨ ਉਸ ਦੇ ਸੁਹੱਪਣ ਨੂੰ ਮਾਣਨ ਦੀ ਇਕ ਖਿੱਚ ਹੀ ਸੀ। ਮੈਂ ਕੁਝ ਵੀ ਫ਼ੈਸਲਾ ਨਾ ਕਰ ਸਕਿਆ। ਬੱਸ ਇਸੇ ਕਸ਼ਮਕਸ਼ ਵਿਚ ਸਾਰੀ ਰਾਤ ਲੰਘ ਗਈ। ਕਦੇ ਕੁਝ ਪਲ ਨੀਂਦ ਆ ਜਾਂਦੀ ਅਤੇ ਕਦੇ ਜਾਗ ਆ ਜਾਂਦੀ।

ਡਿਨਰ ਤੋਂ ਛੇਤੀ ਬਾਅਦ ਹੀ ਡੈਨੀ ਮੈਨੂੰ ਆਪਣੇ ਮਾਂ-ਪਿਉ ਦੇ ਘਰ ਲੈ ਗਈ, ਜਿੱਥੇ ਮੈਂ ਸਾਰਾ ਵੀਕਐਂਡ ਉਨ੍ਹਾਂ ਨਾਲ ਬਿਤਾਇਆ। ਉਸ ਨੇ ਆਪਣੇ ਮਾਂ-ਪਿਉ ਨਾਲ ਸਾਰੀ ਗੱਲ ਪਹਿਲਾਂ ਹੀ ਕਰ ਲਈ ਸੀ ਅਤੇ ਉਨ੍ਹਾਂ ਕਿਹਾ ਕਿ ਡੈਨੀ ਦੀ ਖ਼ੁਸ਼ੀ ਵਿਚ ਹੀ ਉਨ੍ਹਾਂ ਦੀ ਖ਼ੁਸ਼ੀ ਹੈ। ਮੈਂ ਭੈਣ ਨੂੰ ਖ਼ਤ ਲਿਖਿਆ ਕਿ ਉਹ ਮਾਂ-ਬਾਪੂ ਨਾਲ ਗੱਲ ਕਰੇ ਕਿ ਮੈਂ ਡੈਨੀ ਨਾਲ ਸ਼ਾਦੀ ਕਰਨੀ ਚਾਹੁੰਦਾ ਹਾਂ। ਮਾਂ ਤਾਂ ਸੁਣ ਕੇ ਬਹੁਤ ਖ਼ੁਸ਼ ਹੋਈ ਪਰ ਬਾਪੂ ਇਸ ਵਿਆਹ ਦੇ ਹੱਕ ਵਿਚ ਨਹੀਂ ਸੀ। ਭੈਣ ਨੇ ਖ਼ਤ ਵਿਚ ਲਿਖਿਆ ਕਿ ਬਾਪੂ ਕਹਿੰਦੈ ਕਿ ਕਨੇਡਾ ਭੇਜ ਕੇ ਉਸ ਨੇ ਆਪਣਾ ਬੇਟਾ ਹੀ ਗੁਆ ਲਿਆ ਹੈ। ਬਾਪੂ ਅਨੁਸਾਰ ਮੈਨੂੰ ਆਪਣਾ ਪੰਜਾਬੀ ਵਿਰਸਾ ਭੁੱਲ ਗਿਆ ਸੀ, ਅਤੇ ਮੈਂ ਨਾ ਘਰ ਦਾ ਰਹਿਣਾ ਸੀ ਅਤੇ ਨਾ ਘਾਟ ਦਾ।

ਹੌਲੀ-ਹੌਲੀ ਮੇਰੇ ਅਤੇ ਡੈਨੀ ਦੇ ਪਿਆਰ ਦੀ ਗੰਢ ਇੰਨੀ ਪੀਡੀ ਹੋ ਗਈ ਕਿ ਸਾਲ ਕੁ ਬਾਅਦ ਹੀ ਮੈਂ ਅਤੇ ਡੈਨੀ ਨੇ ਸ਼ਾਦੀ ਕਰਨ ਦਾ ਫ਼ੈਸਲਾ ਕਰ ਲਿਆ। ਦੋ ਬੱਚੇ ਹੋਣ ਤੋਂ ਬਾਅਦ ਵੀ ਸਾਡਾ

(ਬਾਕੀ ਅਗਲੇ ਸਫੇ 'ਤੇ)

# ਆਸਟਰੇਲੀਆ ਦਾ ਸਿਹਤ ਸਿਸਟਮ

ਐਸਿਡਿਟੀ ਦੀ ਸ਼ਿਕਾਇਤ ਹੋਣ ਕਰਕੇ ਕੁੱਝ ਸਮੇਂ ਤੋਂ ਸਾਡੇ ਬੇਟੇ ਦੀ ਸਿਹਤ ਠੀਕ ਨਹੀਂ ਰਹਿੰਦੀ ਸੀ। ਇਸ ਲਈ ਅਸੀਂ ਦੋਵੇਂ ਪਤੀ ਪਤਨੀ ਨੇ, ਪਿਛਲੇ ਸਾਲ ਅਗਸਤ ਮਹੀਨੇ ਉਸ ਨੂੰ ਮਿਲਣ ਲਈ ਆਸਟਰੇਲੀਆ ਜਾਣ ਦਾ ਪ੍ਰੋਗਰਾਮ ਬਣਾਇਆ। ਉਹ ਆਸਟਰੇਲੀਆ ਦਾ ਪੱਕਾ ਵਸਨੀਕ ਹੈ ਤੇ ਕੈਨਬਰਾ ਰਹਿੰਦਾ ਹੈ। ਉਥੇ ਪਹੁੰਚ ਕੇ ਸਭ ਤੋਂ ਪਹਿਲਾਂ ਅਸੀਂ ਉਸ ਨੂੰ ਇੱਕ ਸਤੰਬਰ, 2023 ਨੂੰ ਨਿਊ ਸਾਊਥ ਵੇਲਜ਼ ਦੇ ਹਸਪਤਾਲ 'ਚ ਦਿਖਾਇਆ। ਡਾਕਟਰ ਨੇ ਐਸਿਡਿਟੀ ਦੀ ਦਵਾਈ ਦਿੱਤੀ ਪਰ 20 ਦਿਨ ਦੀ ਦਵਾਈ ਲੈਣ ਉਪਰੰਤ ਵੀ



**ਗੁਰਸ਼ਰਨਜੀਤ ਸਿੰਘ**

ਸਿਹਤ ਵਿਚ ਕੋਈ ਸੁਧਾਰ ਹੁੰਦਾ ਨਜ਼ਰ ਨਾ ਆਇਆ ਤਾਂ ਮੁੜ ਕੈਨਬਰਾ ਦੇ ਕਮਿਊਨਿਟੀ ਹੈਲਥ ਸੈਂਟਰ ਦੇ ਹਸਪਤਾਲ ਦਿਖਾਉਣ 'ਤੇ ਡਾਕਟਰ ਨੇ ਦਵਾਈ ਬਦਲ ਕੇ ਦਿੱਤੀ ਅਤੇ ਨਾਲ ਹੀ ਸਲਾਹ ਦਿੱਤੀ ਕਿ ਤੁਸੀਂ ਸਿਡਨੀ ਵਿਖੇ ਮਾਹਿਰ ਡਾਕਟਰ ਨਾਲ ਸਲਾਹ-ਮਸ਼ਵਰਾ ਕਰ ਲਵੋ, ਅਸੀਂ ਤੁਹਾਡੇ ਕੇਸ ਦੀ ਡਿਟੇਲ ਉਥੇ ਈਮੇਲ ਕਰ ਦਿੰਦੇ ਹਾਂ। 10 ਅਕਤੂਬਰ, 2023 ਨੂੰ ਈਮੇਲ ਰਾਹੀਂ ਸਾਨੂੰ ਦੱਸਿਆ ਗਿਆ ਕਿ ਤੁਸੀਂ 25 ਜਨਵਰੀ 2024, ਲਗਭਗ ਚਾਰ ਮਹੀਨੇ ਬਾਅਦ, ਕੈਨਬਰਾ ਤੋਂ ਸਿਡਨੀ ਹਸਪਤਾਲ ਵਿਖੇ ਆਓ, ਡਾਕਟਰ ਦੀ ਕੰਸਲਟੇਸ਼ਨ ਫੀਸ 350 ਡਾਲਰ ਦਿਓ ਤਾਂ ਕਿ ਬੇਟੇ ਦਾ ਇਲਾਜ ਸਪੈਸ਼ਲਿਸਟ ਦੁਆਰਾ ਕੀਤਾ ਜਾ ਸਕੇ। ਅਸੀਂ ਪ੍ਰੇਸ਼ਾਨ ਸੀ ਕਿ ਸਪੈਸ਼ਲਿਸਟ ਨੇ ਤਰੀਕ ਚਾਰ ਮਹੀਨੇ ਬਾਅਦ ਦੀ ਕਿਉਂ ਦਿੱਤੀ? ਇਸ ਨਾਲੋਂ ਤਾਂ ਚੰਗਾ ਹੈ ਇਥੇ ਹੀ ਕਿਸੇ ਪ੍ਰਾਈਵੇਟ ਡਾਕਟਰ ਨੂੰ ਦਿਖਾ ਲੈਂਦੇ। ਨਹੀਂ ਤਾਂ ਆਪਣੇ ਵਤਨ, ਭਾਰਤ, ਵਾਪਸ ਮੁੜ ਚਲੀਏ। ਬੇਟੇ ਨੇ ਦੱਸਿਆ ਕਿ ਇਕ ਤਾਂ ਇਥੇ ਪ੍ਰਾਈਵੇਟ ਹਸਪਤਾਲ ਨਹੀਂ ਹਨ ਦੂਜੇ ਜੇਕਰ ਇਕ ਵਾਰ ਭਾਰਤ ਦੇ ਡਾਕਟਰ ਨੇ ਦੇਖ ਲਿਆ ਤਾਂ ਬਾਅਦ ਵਿਚ ਇਥੇ ਆ ਕੇ ਕੇਸ ਨੂੰ ਕੋਈ ਵੀ ਹਸਪਤਾਲ ਹੱਥ ਨਹੀਂ ਪਾਏਗਾ। ਸੋ ਮਾਹਿਰ ਡਾਕਟਰ ਦੀ ਸਲਾਹ ਬਾਰੇ ਉਡੀਕਣਾ ਹੀ ਪਵੇਗਾ।ਦੋ ਮਹੀਨੇ ਹੋਰ ਬੀਤ ਗਏ। ਸਿਹਤ ਵਿਗੜਦੀ ਵੇਖ ਪਤਨੀ ਦੇ ਕਹਿਣ 'ਤੇ, ਬੇਟੇ ਨੂੰ ਰਾਤ ਨੂੰ ਹੀ ਦੁਬਾਰਾ ਐਨ. ਐਸ. ਡਬਲਿਊ ਦੇ ਹਸਪਤਾਲ ਲੈ ਗਏ। ਬੇਟੇ ਨੂੰ ਦਾਖ਼ਲ ਕਰ ਕੇ ਅਲਟ੍ਰਾਸਾਊਂਡ ਕੀਤਾ ਗਿਆ, ਜਿਸ ਤੋਂ ਪਤਾ ਲਗਿਆ ਕਿ ਉਸ ਦੀ ਫੂਡ ਪਾਈਪ ਹੇਠਾਂ ਤੋਂ ਸੁੰਗੜ ਗਈ ਹੈ। ਇਸ ਨੂੰ ਘਅਸਟਰੋਇਨਟਏਰੋਲੋਗੇ/ੳਚਹਅਲਅਸਿਅ ਕਹਿੰਦੇ ਹਨ। ਬੱਚੇ ਜਦੋਂ ਨਿਸ਼ਚਿਤ ਸਮੇਂ 'ਤੇ ਭੋਜਨ ਨਹੀਂ ਖਾਂਦੇ ਜਾਂ ਵਾਧੂ ਕੰਮ ਕਰਨ ਦੇ ਲਾਲਚਵੱਸ ਰਾਤ ਨੂੰ ਦੇਰ ਨਾਲ ਭੋਜਨ ਖਾਣ ਉਪਰੰਤ ਤੁਰੰਤ ਸੌਂ ਜਾਂਦੇ ਹਨ ਤਾਂ ਭੋਜਨ ਚੰਗੀ ਤਰ੍ਹਾਂ ਪਚਦਾ ਨਹੀਂ। ਭੋਜਨ ਨਾਲੀ ਵਿਚ ਗੈਸ ਬਣਨ ਕਾਰਨ ਇਸ ਸਮੱਸਿਆ ਨਾਲ ਅੱਜ-ਕੱਲ੍ਹ ਦੇ ਬੱਚੇ ਆਮ ਹੀ ਉਲਝ ਰਹੇ ਹਨ। ਡਾਕਟਰ ਨੇ ਕੇਸ ਕੈਨਬਰਾ ਦੇ ਵੱਡੇ ਹਸਪਤਾਲ ਰੈਫਰ ਕਰ ਦਿੱਤਾ। ਉਥੇ ਉਨ੍ਹਾਂ ਬੇਟੇ ਨੂੰ ਦਾਖ਼ਲ ਕਰ ਕੇ ਤੁਰੰਤ ਨੱਕ ਰਾਹੀਂ ਢਿੱਡ ਵਿਚ ਪਲਾਸਟਿਕ ਦੀ 5 ਐਮ ਐਮ ਦੀ ਪਾਈਪ ਪਾ ਕੇ ਤਰਲ ਭੋਜਨ ਦੇਣ ਦਾ ਪ੍ਰਬੰਧ ਕਰ ਦਿਤਾ। ਸਾਨੂੰ ਦੱਸਿਆ ਗਿਆ ਕਿ ਇਸ ਬਿਮਾਰੀ ਦਾ ਇਲਾਜ, ਮਸ਼ੀਨਰੀ ਅਤੇ ਮਾਹਿਰ ਡਾਕਟਰ ਇਥੇ ਕੈਨਬਰਾ ਦੇ ਸਰਕਾਰੀ ਹਸਪਤਾਲ ਵਿਚ ਨਹੀਂ ਹਨ। ਇਸ ਵਾਸਤੇ ਸਿਡਨੀ ਦੇ ਸੇਂਟ ਜਾਰਜ ਹਸਪਤਾਲ ਵਿਚ ਅਪਰੇਸ਼ਨ ਲਈ ਜਾਣਾ ਪਵੇਗਾ। ਨੱਕ ਵਿਚ ਪਈ ਪਾਈਪ ਸਮੇਤ ਸਾਨੂੰ 6 ਦਿਨਾਂ ਬਾਅਦ ਘਰ ਭੇਜ ਦਿੱਤਾ।



19 ਜਨਵਰੀ 2024 ਤੱਕ ਸਾਨੂੰ ਸਿਡਨੀ ਹਸਪਤਾਲ ਤੋਂ ਕੋਈ ਮੇਲ ਪ੍ਰਾਪਤ ਨਹੀਂ ਹੋਈ ਦੂਜੇ ਪਾਸੇ ਢਿੱਡ ਵਿਚ ਪਾਈ ਪਲਾਸਟਿਕ ਦੀ ਪਾਈਪ ਬੇਟੇ ਨੂੰ ਬਹੁਤ ਤੰਗ ਕਰ ਰਹੀ ਸੀ। ਸਿਡਨੀ ਹਸਪਤਾਲ ਤੋਂ ਕੋਈ ਜਵਾਬ ਨਹੀਂ ਮਿਲ ਰਿਹਾ ਸੀ। ਪਤਾ ਲਗਿਆ ਕਿ ਡਾਕਟਰ ਕ੍ਰਿਸਮਸ ਦੀਆਂ ਛੁੱਟੀਆਂ 'ਤੇ ਗਿਆ ਹੋਇਆ ਹੈ ਅਤੇ ਓਪਰੇਸ਼ਨ ਦੀ ਤਰੀਕ ਉਸਨੇ ਹੀ ਦੇਣੀ ਹੈ। 15 ਫਰਵਰੀ ਨੂੰ ਸਿਡਨੀ ਦੇ ਡਾਕਟਰ ਦੀ ਮੇਲ ਆਈ ਕਿ 20 ਫਰਵਰੀ ਨੂੰ ਹਸਪਤਾਲ ਪਹੁੰਚੋ। ਅਸੀਂ ਖ਼ੁਸ਼ ਸੀ ਚਲੋ ਹੁਣ ਓਪਰੇਸ਼ਨ ਹੋ ਜਾਵੇਗਾ ਤੇ ਬੇਟੇ ਨੂੰ ਸੁਖ ਦਾ ਸਾਹ ਆਵੇਗਾ। ਪਰ ਇਹ ਖੁਸ਼ੀ ਥੁੜ੍ਹ ਚਿਰੀ ਸਾਬਤ ਹੋਈ। ਉਨ੍ਹਾਂ ਕੇਵਲ ਬਿਓਪਸੇ ਕਰ ਕੇ ਸਾਨੂੰ ਘਰੇ ਮੋੜ ਦਿੱਤਾ। ਇੰਤਜ਼ਾਰ ਦੀਆਂ ਘੜੀਆਂ ਲੰਬੀਆਂ ਹੋ ਰਹੀਆਂ ਸਨ। ਬੇਟੇ ਦਾ ਭਾਰ 95 ਕਿਲੋਗ੍ਰਾਮ ਤੋਂ ਘਟ ਕੇ 74 ਕਿਲੋਗ੍ਰਾਮ ਰਹਿ ਗਿਆ ਸੀ। ਸਾਰੇ ਹੀ ਮਾਯੂਸ ਸਨ। ਪਰ ਅਸੀਂ ਖੁਸ਼ ਵੀ ਸੀ ਕਿ ਬਿਓਪਸੇ ਦੀ ਰਿਪੋਰਟ ਸਹੀ ਸੀ। ਓਪਰੇਸ਼ਨ ਤੋਂ ਪਹਿਲਾਂ ਲੋੜੀਂਦੀ ਕਾਰਵਾਈ ਲਈ 28 ਫਰਵਰੀ 2024 ਨੂੰ ਸਾਨੂੰ ਮੁੜ ਹਸਪਤਾਲ ਬੁਲਾਇਆ ਗਿਆ। ਇਕ ਨਿਸ਼ਚਿਤ ਫਾਰਮ ਜਿਹੜਾ ਅਨੇਕਾਂ ਸ਼ਰਤਾਂ ਭਰਪੂਰ ਸੀ ਉਪਰ ਦਸਤਖ਼ਤ ਕਰਵਾ ਲਏ।

ਆਖਿਰ, ਓਪਰੇਸ਼ਨ ਦੀ ਤਰੀਕ 7 ਅਪ੍ਰੈਲ, 2024, ਮਿਲ ਗਈ। ਓਪਰੇਸ਼ਨ ਠੀਕ ਠਾਕ ਹੋ ਗਿਆ। ਨੂੰਹ ਨੂੰ ਬੇਟੇ ਕੋਲ ਛੱਡ ਅਸੀਂ ਦੋਵੇਂ ਘਰ ਵਾਪਸ ਆ ਗਏ। ਬੇਟੇ ਦਾ ਗੋਰਾ ਗੁਆਂਢੀ ਉਸਦੀ ਸਿਹਤ ਬਾਰੇ ਪਤਾ ਕਰਨ ਆਇਆ। ਮੈਂ ਉਸ ਨੂੰ ਉਲਾਂਭਾ ਦਿੰਦਿਆਂ ਕਿਹਾ ਕਿ ਆਸਟ੍ਰੇਲੀਆ ਇਕ ਵਿਕਸਤ ਦੇਸ਼ ਹੈ ਪਰ ਇਸ ਦੀ ਸਿਹਤ ਵਿਵਸਥਾ ਬਹੁਤ ਮਾੜੀ ਹੈ। ਇਥੇ ਘਰ ਤੋਂ 300 ਕਿਲੋਮੀਟਰ ਦੂਰ ਜਾ ਕੇ ਬੇਟੇ ਦਾ ਇਲਾਜ ਲਗਭਗ ਅੱਠ ਮਹੀਨੇ ਵਿਚ ਹੋਇਆ ਹੈ। ਜੇਕਰ ਭਾਰਤ ਹੁੰਦਾ ਤਾਂ 10 ਕਿਲੋਮੀਟਰ ਦੇ ਘੇਰੇ ਵਿਚ ਲਗਭਗ 10 ਹਸਪਤਾਲਾਂ ਵਿਚ ਉਸਦਾ ਇਲਾਜ ਹੋ ਸਕਦਾ ਸੀ। ਗੋਰੇ ਨੇ ਮੁਸਕਰਾਉਂਦੇ ਹੋਏ ਜਵਾਬ ਦਿੱਤਾ ਕਿ ਤੁਹਾਡਾ ਬੇਟਾ ਅਸਲ ਵਿਚ ਬਿਮਾਰ ਹੀ ਗਲਤ ਵੇਲੇ ਹੋਇਆ ਹੈ। ਸਾਰੇ ਦੇਸ਼ ਨਿਵਾਸੀ ਡਾਕਟਰਾਂ ਸਮੇਤ ਛੁੱਟੀਆਂ 'ਤੇ ਜਸ਼ਨ ਮਨਾਉਣ ਲਈ ਬੀਚਾਂ ਤੇ ਦੂਰ ਦੁਰਾਡੇ ਸ਼ਹਿਰਾਂ ਵਿਚ ਚਲੇ ਜਾਂਦੇ ਹਨ। ਇਸ ਸਮੇਂ ਤਾਂ ਇਨ੍ਹਾਂ ਦੇ ਘਰ ਕਿਸੇ ਦੀ ਮੌਤ ਵੀ ਹੋ ਜਾਵੇ ਤਾਂ ਪੈਸੇ ਦੇ ਕੇ ਮ੍ਰਿਤਕ ਦਾ ਸਸਕਾਰ ਕਰਵਾ ਦਿੰਦੇ ਹਨ। ਇਸ ਦੇ ਨਾਲ ਹੀ ਉਸਨੇ ਸੀਰੀਅਸ ਹੋ ਕੇ ਦੱਸਿਆ ਕਿ ਸਾਡਾ ਇੰਫਰਾਸਟਰਕਚਰ ਦੋ-ਤਿੰਨ ਕਰੋੜ ਲੋਕਾਂ ਲਈ ਬਣਿਆ ਸੀ, ਜੋ ਕਿ ਕਾਫੀ ਹੈ। ਹੁਣ ਲਗਭਗ 50 ਹਜ਼ਾਰ ਪ੍ਰਵਾਸੀ ਹਰ ਮਹੀਨੇ ਆਸਟਰੇਲੀਆ ਆ ਰਹੇ ਹਨ, ਸਿਸਟਮ ਤਾਂ ਖ਼ਰਾਬ ਹੋਣਾ ਹੀ ਹੈ।

ਬੇਟਾ ਹੁਣ ਠੀਕ ਹੈ। ਅਸੀਂ ਆਪਣੇ ਘਰ ਭਾਰਤ ਮੁੜ ਆਏ ਹਾਂ। ਪਰ ਮੈਂ ਅਜੇ ਵੀ ਸੋਚ ਰਿਹਾ ਹਾਂ ਕਿ ਵਾਕਿਆ ਹੀ, ਆਸਟਰੇਲੀਆ ਦਾ ਸਿਹਤ/ ਸਿੱਖਿਆ ਦੇ ਸਿਸਟਮ ਵਿਚ ਆਇਆ ਨਿਘਾਰ ਲੋੜ ਤੋਂ ਵਧੇਰੇ ਹੋ ਰਹੇ ਪਰਵਾਸ ਕਾਰਨ ਹੈ? ਜਾਂ ਭਾਰਤ, ਅਮਰੀਕਾ ਵਾਂਗ ਇਹ ਮੁੱਢਲੀਆਂ ਸਰਕਾਰੀ ਸੇਵਾਵਾਂ ਉਥੇ ਵੀ ਨਿਜੀਕਰਨ ਅਤੇ ਕਾਰਪੋਰਟਾਈਜ਼ੇਸ਼ਨ ਦੇ ਧੱਕੇ ਚੜ੍ਹ ਚੁੱਕੀਆਂ ਹਨ।

---

*(ਪਿਛਲੇ ਸਫੇ ਦੀ ਬਾਕੀ)*

ਪਿਆਰ ਉਸੇ ਤਰ੍ਹਾਂ ਹੈ ਜਿਵੇਂ ਸ਼ੁਰੂ ਵਿਚ ਸੀ। ਅੱਜ ਵੀ ਡੈਨੀ ਮੇਰਾ ਉਸੇ ਤਰ੍ਹਾਂ ਖ਼ਿਆਲ ਰੱਖਦੀ ਹੈ ਜਿਵੇਂ ਸ਼ੁਰੂ ਵਿਚ ਅਤੇ ਮੈਂ ਵੀ ਉਸੇ ਤਰ੍ਹਾਂ ਉਸ ਦਾ ਖ਼ਿਆਲ ਰੱਖਦਾ ਹਾਂ। ਮੈਂ ਆਪਣੇ ਆਪ ਨੂੰ ਖ਼ੁਸ਼ਕਿਸਮਤ ਸਮਝਦਾਂ, ਸ਼ਾਇਦ ਇਸ ਤੋਂ ਵਧੀਆ ਪਤਨੀ ਨਾ ਮਿਲ਼ ਸਕਦੀ।

****

ਜਦੋਂ ਮੈਂ ਡੈਨੀ ਨਾਲ ਵਿਆਹ ਦੀਆਂ ਕੁਝ ਫ਼ੋਟੋ ਘਰ ਭੇਜੀਆਂ ਤਾਂ ਮਾਂ ਨੇ ਦੱਸਿਆ ਕਿ ਬਾਪੂ ਨੇ ਓਪਰੀ ਨਜ਼ਰ ਨਾਲ ਫ਼ੋਟੋ ਦੇਖ ਕੇ ਪਰੇ ਕਰ ਦਿੱਤੀਆਂ ਸਨ। ਮਾਂ ਨੇ ਉਹ ਫ਼ੋਟੋ ਸਾਰੇ ਗੁਆਂਢ ਵਿਚ ਦਿਖਾਈਆਂ ਸਨ। ਮਾਂ ਨੇ ਦੱਸਿਆ ਕਿ ਬਾਪੂ ਨੇ ਮੇਰਾ ਵਿਆਹ ਆਪਣੀ ਮਰਜ਼ੀ ਨਾਲ ਪੰਜਾਬ ਵਿਚ ਕਿਸੇ ਵੱਡੇ ਘਰ ਕਰਨਾ ਸੀ ਅਤੇ ਉਸ ਨੇ ਮੇਰੇ ਵਿਆਹ ਵਿਚ ਤੁਰ੍ਹਲੇ ਵਾ਼ਲੀ ਗੁਲਾਬੀ ਪੱਗ ਬੰਨ੍ਹ ਕੇ ਜਾਣਾ ਸੀ ਅਤੇ ਕਾਰਾਂ ਉਤੋਂ ਢੇਰਾਂ ਦੇ ਢੇਰ ਪੈਸੇ ਵਾਰਨੇ ਸਨ, ਚੰਗੇ-ਚੰਗੇ ਗਾਇਕ ਸੱਦ ਕੇ ਪਿੰਡ ਵਿਚ ਅਖਾੜਾ ਲਾਉਣਾ ਸੀ, ਪਰ ਉਸ ਦੇ ਇਹ ਸਾਰੇ ਚਾਅ ਮਿੱਟੀ ਵਿਚ ਹੀ ਰੁ਼ਲ ਗਏ ਸਨ।

ਬਾਪੂ ਨੂੰ ਤੁਰ੍ਹਲੇ ਵਾ਼ਲੀ ਪੱਗ ਨਾ਼ਲ ਬਹੁਤ ਪਿਆਰ ਸੀ ਪਰ ਉਹ ਸਿਰਫ਼ ਖ਼ਾਸ ਮੌਕਿਆਂ 'ਤੇ ਹੀ ਬੰਨ੍ਹਦਾ ਸੀ। ਉਹ ਹਮੇਸ਼ਾ ਹੀ ਵੱਖਰੇ-ਵੱਖਰੇ ਤਿੰਨ ਰੰਗਾਂ ਦੀਆਂ ਪੱਗਾਂ ਨੂੰ ਖ਼ੂਬ ਮਾਵਾ ਲਾ ਕੇ ਤੁਰ੍ਹਲੇ ਵਾ਼ਲੀਆਂ ਬੰਨ੍ਹ ਕੇ ਆਪਣੇ ਬੈਡ ਰੂਮ ਵਿਚ ਕਿਲੀਆਂ 'ਤੇ ਟੰਗ ਕੇ ਰੱਖਦਾ। ਜਦੋਂ ਕਿਸੇ ਕੰਮ ਠਾਣੇ ਜਾਂ ਕਚਹਿਰੀ ਜਾਣਾ ਹੁੰਦਾ ਤਾਂ ਉਹ ਲੰਬੜਦਾਰ ਬਣ ਕੇ ਤੁਰ੍ਹਲੇ ਵਾ਼ਲੀ ਚਿੱਟੀ ਪੱਗ ਬੰਨ੍ਹ ਕੇ ਜਾਂਦਾ। ਜੇ ਕਿਸੇ ਖ਼ਾਸ ਰਿਸ਼ਤੇਦਾਰ ਦੇ ਮਿ਼ਲਣ ਜਾਣਾ ਹੁੰਦਾ ਤਾਂ ਉਹ ਹਮੇਸ਼ਾ ਨੀਲੀ ਤੁਰ੍ਹਲੇ ਵਾ਼ਲੀ ਪੱਗ ਬੰਨ੍ਹਦਾ। ਕਿਸੇ ਦੇ ਵਿਆਹ ਸ਼ਾਦੀ 'ਤੇ ਬਾਪੂ ਕਦੇ ਵੀ ਤੁਰ੍ਹਲੇ ਵਾ਼ਲੀ ਗੁਲਾਬੀ ਪੱਗ ਬੰਨ੍ਹਣ ਤੋਂ ਬਗ਼ੈਰ ਨਹੀਂ ਸੀ ਜਾਂਦਾ। ਜਦੋਂ ਉਹ ਲੰਬੜਦਾਰੀ ਦੇ ਪੈਸੇ ਵਸੂਲਣ ਜਾਂਦਾ ਤਾਂ ਹਮੇਸ਼ਾ ਹੀ ਤੁਰ੍ਹਲੇ ਵਾ਼ਲੀ ਨੀਲੀ ਪੱਗ ਬੰਨ੍ਹ ਕੇ ਜਾਂਦਾ।

ਜਦੋਂ ਮੈਂ ਪਹਿਲੀ ਵਾਰੀ ਕੈਨੇਡਾ ਤੋਂ ਗਿਆ ਤਾਂ ਇਕ ਦਿਨ ਸਵੇਰੇ ਹੀ ਬਾਪੂ ਤੁਰ੍ਹਲੇ ਵਾ਼ਲੀ ਗੁਲਾਬੀ ਪੱਗ ਬੰਨ੍ਹ ਕੇ ਆਪਣੇ ਮੋਟਰਸਾਈਕਲ 'ਤੇ ਕਿਧਰੇ ਚਲੇ ਗਿਆ। ਮੈਂ ਮਾਂ ਨੂੰ ਪੁੱਛਿਆ, ਬਾਪੂ ਕਿੱਥੇ ਗਿਆ।

'ਆਪਣੀ ਰੇਸ਼ਮਾ ਨੂੰ ਮਿ਼ਲਣ ਗਿਆ ਹੋਊ। ਗੁਲਾਬੀ ਪੱਗ ਬੰਨ੍ਹ ਕੇ ਤਾਂ ਉਸੇ ਨੂੰ ਮਿ਼ਲਣ ਜਾਂਦਾ।' ਮਾਂ ਦਾ ਜਵਾਬ ਸੀ।

'ਆਪਣੀ ਰੇਸ਼ਮਾ? ਉਹ ਕੌਣ?'

'ਕਾਕਾ ਛੱਡ ਪਰੇ, ਤੈਂ ਕੀ ਲੈਣਾ।'

'ਨਹੀਂ ਮਾਂ ਫਿਰ ਵੀ ਕੌਣ ਐ ਰੇਸ਼ਮਾ?'

'ਵਿਚਾਰੀ ਕਰਮਾਂ ਦੀ ਮਾਰੀ ਆਪਣੇ ਨਾ਼ਲ ਵਾ਼ਲੇ ਸ਼ਹਿਰ ਰਹਿੰਦੀ ਐ। ਉਹਦਾ ਆਦਮੀ ਮਰ ਗਿਆ ਬਹੁਤ ਦੇਰ ਹੋ ਗਈ। ਕੋਈ ਨਿਆਣਾ ਨਿੱਕਾ ਨਹੀਂ। ਕੱਲੀ ਰਹਿੰਦੀ ਐ। ਸੁਣਿਆਂ ਉਹਦਾ ਗੁਜਾਰਾ ਤੇਰੇ ਬਾਪੂ ਸਿਰੋਂ ਈ ਚਲਦੈ ਕਈ ਸਾਲਾਂ ਤੋਂ।'

'ਮਾਂ ਤੂੰ ਕਦੇ ਰੋਕਿਆ ਨੀ ਬਾਪੂ ਨੂੰ?'

'ਕਾਕਾ ਮੇਰੀ ਕਦੋਂ ਸੁਣਦੈ ਤੇਰਾ ਬਾਪੂ? ਸਾਰੇ ਪਿੰਡ ਨੂੰ ਪਤਾ। ਇਹਦੇ ਕਈ ਦੋਸਤ ਕਹਿ-ਕਹਿ ਥੱਕ ਗਏ ਪਰ ਇਹ ਕਿੱਥੋਂ ਹਟਦਾ। ਇਹ ਕਿਹੜੀ ਇਹਦੀ ਪਹਿਲੀ ਰੇਸ਼ਮਾ ਐ।'

ਮਾਂ ਨੇ ਆਪਣੀ ਚੁੰਨੀ ਦੇ ਲੜ ਨਾ਼ਲ ਆਪਣੀਆਂ ਅੱਖਾਂ ਦੇ ਅੱਥਰੂ ਪੂੰਝੇ। ਮੈਂ ਹੋਰ ਕੁਝ ਪੁੱਛਣਾ ਠੀਕ ਨਾ ਸਮਝਿਆ ਅਤੇ ਉਸ ਕੋਲੋਂ ਉਠ ਕੇ ਬਾਹਰ ਨੂੰ ਤੁਰ ਗਿਆ।

****

ਜਦੋਂ ਦਾ ਮੈਂ ਹਿੰਦੁਸਤਾਨ ਛੱਡਿਆ ਸੀ, ਪਹਿਲੀ ਵਾਰੀ ਵਾਪਸ ਜਾਣ ਨੂੰ ਕਈ ਸਾਲ ਲੱਗ ਗਏ ਸਨ। ਉਸ ਤੋਂ ਬਾਅਦ ਵੀ ਮੇਰਾ ਚੱਕਰ ਦੋ ਕੁ ਵਾਰੀ ਹੀ ਲੱਗਾ ਹੈ। ਇਕ ਵਾਰੀ ਤਾਂ ਡੈਨੀ ਅਤੇ ਬੱਚਿਆਂ ਨੂੰ ਵੀ ਨਾ਼ਲ ਲੈ ਕੇ ਗਿਆ। ਫ਼ੋਨਾਂ ਦਾ ਸਿਲਸਿਲਾ ਸ਼ੁਰੂ ਹੋਣ ਤੋਂ ਪਹਿਲਾਂ ਤਾਂ ਮਾਂ ਸਾਰੇ ਪਿੰਡ ਦੀਆਂ ਖ਼ਬਰਾਂ ਚਿੱਠੀ ਰਾਹੀਂ ਲਿਖ ਦਿੰਦੀ ਸੀ ਪਰ ਜਦੋਂ ਫ਼ੋਨ ਆਮ ਹੋ ਗਏ ਤਾਂ ਮੈਂ ਉਸ ਨੂੰ ਹਰ ਹਫ਼ਤੇ ਫ਼ੋਨ ਕਰ ਲੈਂਦਾ। ਸਾਰੇ ਰਿਸ਼ਤੇਦਾਰਾਂ ਅਤੇ ਪਿੰਡ ਦੀਆਂ ਖ਼ਬਰਾਂ ਦੱਸ ਦਿੰਦੀ। ਹਰ ਵਾਰੀ ਮਾਂ ਦੱਸਦੀ ਕਿ ਪਿੰਡ ਵਿਚ ਕਿਨ੍ਹਾਂ-ਕਿਨ੍ਹਾਂ ਦੇ ਬੱਚੇ ਬਾਹਰਲੇ ਮੁਲਕਾਂ ਨੂੰ ਚਲੇ ਗਏ ਸਨ, ਕਿਸ ਬਜ਼ੁਰਗ ਦੀ ਮੌਤ ਹੋ ਗਈ ਸੀ, ਕਿਸ ਦੇ ਮੁੰਡੇ ਜਾਂ ਕੁੜੀ ਦਾ ਵਿਆਹ ਹੋ ਗਿਆ ਸੀ, ਅਤੇ ਕਿਸ ਦੇ ਘਰ ਨਵਾਂ ਬੱਚਾ ਜੰਮਿਆਂ ਸੀ। ਮਾਂ ਤੋਂ ਸਭ ਖ਼ਬਰਾਂ ਲੈ ਕੇ ਇੰਜ ਲਗਦਾ, ਜਿਵੇਂ ਮੈਂ ਪਿੰਡ ਦਾ ਚੱਕਰ ਲਾ ਲਿਆ ਹੋਵੇ। ਆਮ ਤੌਰ ਤੇ ਮਾਂ ਮੈਨੂੰ ਬੇਟਾ ਜਾਂ ਪੁੱਤ ਕਹਿ ਕੇ ਹੀ ਬੁਲਾਉਂਦੀ, ਨਾਂ ਤਾਂ ਕਦੇ-ਕਦੇ ਹੀ ਲੈਂਦੀ।

'ਪੁੱਤ, ਆਪਣੇ ਪਿੰਡ ਵਾ਼ਲੇ ਸਾਧੂ ਨੇ ਕੁਝ ਖਾ ਲਿਆ। ਵਿਚਾਰੇ ਸਿਰ ਬਹੁਤ ਕਰਜਾ ਸੀ ਜਦੋਂ ਦੀ ਧੀ ਵਿਆਹੀ ਸੀ। ਆਮਦਨ ਤਾਂ ਥੋੜ੍ਹੀ ਹੀ ਸੀ। ਪਰ ਬਹੁਤ ਲੋਹੜਾ ਹੋਇਆ। ਹਾਲੇ ਦੋ ਕੁੜੀਆਂ ਵਿਆਹੁਣ ਵਾ਼ਲੀਆਂ। ਰਤਨੀ ਨੂੰ ਰੋਂਦਿਆਂ ਦੇਖ ਨੀ ਹੁੰਦਾ।' ਕੁਝ ਸਾਲ ਪਹਿਲਾਂ ਮਾਂ ਤੋਂ ਇਹ ਖ਼ਬਰ ਸੁਣ ਕੇ ਮਨ ਬਹੁਤ ਉਦਾਸ ਹੋਇਆ ਸੀ। ਸਾਧੂ ਸਿੰਘ ਬਹੁਤ ਹੀ ਸਾਊ ਇਨਸਾਨ ਸੀ। ਸਾਰਾ ਦਿਨ ਖੇਤਾਂ ਵਿਚ ਮਿਹਨਤ ਕਰਦਾ ਪਰ ਜ਼ਮੀਨ ਥੋੜ੍ਹੀ ਹੋਣ ਕਾਰਨ ਆਮਦਨ ਬਹੁਤੀ ਨਹੀਂ ਸੀ।

'ਬੇਟਾ, ਆਪਣੇ ਪਿੰਡ ਵਾਲੇ ਭਜਨ ਦਾ ਵੱਡਾ ਮੁੰਡਾ ਤਿੰਨ ਦਿਨ ਹੋਏ ਮੁੱਕ ਗਿਆ। ਐਹ ਖ਼ਸਮਾ ਨੂੰ ਖਾਣੇ ਨਸ਼ੇ ਲੈ ਬੈਠੇ।' 'ਸੁਣਿਆਂ ਭਜਨ ਦਾ ਛੋਟਾ ਮੁੰਡਾ ਵੀ ਨਸ਼ੇ ਕਰਦਾ। ਸੁੱਕ ਕੇ ਤੀਲੀ ਵਰਗਾ ਹੋਇਆ ਪਿਆ। ਕੀ ਦੱਸਾਂ, ਸਾਰਾ ਪਿੰਡ ਹੀ ਨਸ਼ਿਆਂ ਨੇ ਘੇਰ ਲਿਆ ਲਗਦਾ। ਸਾਰੇ ਨਿਆਣੇ ਨਸ਼ਿਆਂ 'ਚ ਲੱਗੇ ਪਏ ਆ। ਪਤਾ ਨੀ ਕੀ ਮਿ਼ਲਦਾ ਨਸ਼ਿਆਂ 'ਚੋਂ ਇਨ੍ਹਾਂ ਨੂੰ। ਕਈ ਮੁੰਡੇ ਮੁੱਕੇ ਆ ਨਸ਼ਿਆਂ ਨਾਲ ਹੀ ਪਿਛਲੇ ਕਈ ਸਾਲਾਂ ਵਿਚ। ਪਰ ਨਿਆਣੇ ਫੇਰ ਵੀ ਅਕਲ ਨੀ ਕਰਦੇ।' ਮਾਂ ਦੀਆਂ ਇਹੋ ਜਿਹੀਆਂ ਭੈੜੀਆਂ ਖ਼ਬਰਾਂ ਸੁਣ ਮਨ ਬਹੁਤ ਉਦਾਸ ਹੋ ਜਾਂਦਾ ਸੀ।

'ਪੁੱਤ, ਆਪਣੇ ਪਿੰਡ ਵਾਲੇ ਹਰੀ ਸਿੰਘ ਦੀ ਕੁੜੀ ਇਕ ਲਾਲਿਆਂ ਦੇ ਮੁੰਡੇ ਨਾ਼ਲ ਨਿੱਕ਼ਲ ਗਈ। ਕਾਲਜ ਵਿਚ ਪੜ੍ਹਦੀ ਦੀ ਗੱਲ ਹੋ ਗਈ ਸੀ।' ਇਕ ਵਾਰੀ ਮਾਂ ਨੇ ਦੱਸਿਆ ਸੀ।

'ਮਾਂ, ਉਹਦੇ ਮਾਂ-ਪਿਓ ਨੇ ਆਪ ਵਿਆਹ ਕਿਉਂ ਨਾ ਕਰ ਦਿੱਤਾ?'

'ਲੈ ਤੂੰ ਵੀ ਓਹੀ ਗੱਲਾਂ ਕਰਦਾਂ। ਜੱਟਾਂ ਦੀ ਕੁੜੀ ਦਾ ਭਲਾ ਲਾਲਿਆਂ ਦੇ ਮੁੰਡੇ ਨਾ਼ਲ ਵਿਆਹ ਕਰ ਕੇ ਆਪਣਾ ਨੱਕ ਵਢਾਉਣਾ ਸੀ?'

'ਪਰ ਹੁਣ ਵੀ ਤਾਂ ਨੱਕ ਵੱਢਿਆ ਹੀ ਗਿਆ।' ਮੈਂ ਉੱਚੀ-ਉੱਚੀ ਹੱਸ ਕੇ ਕਿਹਾ ਸੀ।

'ਤੈਨੂੰ ਤਾਂ ਬੱਸ ਹਾਸਾ ਹੀ ਆਉਂਦਾ ਕੰਜਰ ਨੂੰ।' ਜਦੋਂ ਵੀ ਮੈਂ ਅਜਿਹੀ ਗੱਲ ਕਰਦਾ ਮਾਂ ਨੂੰ ਪਸੰਦ ਨਾ ਹੁੰਦੀ ਤਾਂ ਉਹ ਮੈਨੂੰ ਮਜ਼ਾਕ ਨਾ਼ਲ ਕੰਜਰ ਕਹਿ ਦਿੰਦੀ।

'ਬੇਟਾ, ਆ ਬੰਤ ਹੁਰਾਂ ਬਹੁਤ ਵੱਡੀ ਕੋਠੀ ਪਾਈ ਆ ਪਿੰਡ ਵਿਚ। ਪਤਾ ਨੀ ਲਗਦਾ ਕਿਤੇ ਕਮਰਿਆਂ ਦਾ। ਹਰ ਕਮਰੇ ਦੇ ਨਾਲ ਗੁਸਲਖਾਨਾ। ਕਹਿੰਦੇ ਕਰੋੜ ਤੋਂ ਉੱਤੇ ਖ਼ਰਚ ਕੀਤਾ। ਤਿੰਨ ਮੰਜਲੀ ਐ। ਉੱਪਰ ਸਿਖਰ ਜਹਾਜ ਵੀ ਬਣਾਇਆ।' ਇਕ ਵਾਰੀ ਮਾਂ ਨੇ ਦੱਸਿਆ, ਬੰਤ ਦਾ ਪੂਰਾ ਨਾਂ ਗੁਰਬੰਤ ਸਿੰਘ ਸੀ ਪਰ ਉਸ ਨੂੰ ਸਾਰੇ ਬੰਤ ਹੀ ਕਹਿੰਦੇ ਸਨ।

'ਇੰਨੇ ਪੈਸੇ ਕਿੱਥੋਂ ਆ ਗਏ ਉਨ੍ਹਾਂ ਕੋ਼ਲ?' ਮੈਂ ਪੁੱਛਿਆ।

'ਲੈ, ਵੱਡਾ ਮੁੰਡਾ ਪੁਲਸ ਵਿਚ ਵੱਡਾ ਅਫਸਰ ਲੱਗ ਗਿਆ। ਕਹਿੰਦੇ ਬਹੁਤ ਕਮਾਈ ਕਰਦਾ।'

'ਪੁੱਤ, ਆ ਬਜੀਰਾਂ ਨੇ ਤਾਂ ਪੰਜਾਬ ਨੂੰ ਲੁੱਟ ਕੇ ਖਾ ਲਿਆ। ਕਹਿੰਦੇ ਇਨ੍ਹਾਂ ਕੋ਼ਲ ਕੋਈ ਪੈਸੇ ਦਾ ਅੰਤ ਨੀ। ਕੰਮ ਕੋਈ ਕਰਦੇ ਨੀ। ਬੱਸ ਪੈਸੇ ਬਣਾਉਣ ਤੇ ਹੀ ਲੱਗੇ ਹੋਏ ਆ।' ਇਕ ਵਾਰੀ ਇਹ ਕਹਿੰਦਿਆਂ ਮਾਂ ਨੇ ਸਾਰੇ ਸਿਆਸਤਦਾਨਾਂ ਨੂੰ ਵਜ਼ੀਰ ਬਣਾ ਦਿੱਤਾ ਸੀ। ਮੈਂ ਕਹਿਣਾ ਚਾਹੁੰਦਾ ਹੋਇਆ ਵੀ ਕੁਝ ਨਾ ਕਹਿ ਸਕਿਆ।

'ਪੁੱਤ, ਆਹ ਬਿੱਲੀ ਦਾ ਜੁਆਨ ਮੁੰਡਾ ਕੁਝ ਦਿਨ ਪਹਿਲਾਂ ਮੋਟਰਸੈਕਲ 'ਤੇ ਜਾਂਦਾ ਬੱਸ ਵਿਚ ਲੱਗ ਕੇ ਪੂਰਾ ਹੋ ਗਿਆ। ਇਹ ਬੱਸਾਂ-ਟਰੱਕਾਂ ਵਾ਼ਲੇ ਤਾਂ ਜਮਾਂ ਈ ਨੀ ਕਿਸੇ ਦਾ ਖਿਆਲ ਕਰਦੇ। ਨ੍ਹੇਰੀ ਆਈ ਪਈ ਐ ਇਨ੍ਹਾਂ ਨੂੰ। ਹੁਣ ਤਾਂ ਸ਼ਹਿਰ ਜਾਈਏ ਤਾਂ ਸੜਕ ਲੰਘਣੀ ਵੀ ਮੁਸ਼ਕਲ ਐ।'

ਇਸ ਤਰ੍ਹਾਂ ਮਾਂ ਹਰ ਵਾਰੀ ਮੈਨੂੰ ਪਿੰਡ ਦੀ ਅਤੇ ਪੰਜਾਬ ਦੀ ਕੋਈ ਨਾ ਕੋਈ ਖ਼ਬਰ ਦਿੰਦੀ ਰਹਿੰਦੀ। ਮੈਂ ਸੋਚਦਾਂ ਕਿ ਜ਼ਮਾਨਾ ਕਿੰਨਾ ਬਦਲ ਗਿਆ। ਸਾਰੀ ਦੁਨੀਆ ਛੋਟਾ ਜਿਹਾ ਪਿੰਡ ਬਣ ਗਈ ਹੈ। ਜਦੋਂ ਮੈਂ ਹਿੰਦੁਸਤਾਨ ਛੱਡਿਆ ਸੀ ਤਾਂ ਇਕ ਦੂਜੇ ਦੀ ਖ਼ਬਰ-ਸਾਰ ਚਿੱਠੀਆਂ ਰਾਹੀਂ ਹੀ ਮਿ਼ਲਦੀ ਸੀ। ਕਈ ਵਾਰੀ ਚਿੱਠੀ ਆਉਣ ਨੂੰ ਦੋ-ਦੋ ਮਹੀਨੇ ਲੱਗ ਜਾਣੇ। ਸਮਾਜਿਕ ਸੰਚਾਲਨ ਦੇ ਸਾਧਨ ਇੰਨੇ ਵਧੀਆ ਹੋ ਗਏ ਹਨ ਕਿ ਕੁਝ ਸਕਿੰਟਾਂ ਵਿਚ ਹੀ ਖ਼ਬਰ ਸਾਰੀ ਦੁਨੀਆ ਵਿਚ ਪਹੁੰਚ ਜਾਂਦੀ ਹੈ। ਸਾਡੇ ਬਜ਼ੁਰਗ ਜੋ ਸੌ-ਡੇਢ ਸੌ ਸਾਲ ਪਹਿਲਾਂ ਅਮਰੀਕਾ, ਕੈਨੇਡਾ, ਅਤੇ ਹੋਰ ਮੁਲਕਾਂ ਨੂੰ ਸਮੁੰਦਰੀ ਜਹਾਜ਼ਾਂ ਰਾਹੀਂ ਕਈ-ਕਈ ਮਹੀਨਿਆਂ ਦਾ ਸਫ਼ਰ ਕਰ ਕੇ ਗਏ ਸੀ, ਉਨ੍ਹਾਂ ਵਿਚੋਂ ਬਹੁਤੇ ਤਾਂ ਕਦੇ ਵੀ ਵਾਪਸ ਨਹੀਂ ਸੀ ਮੁੜ ਸਕੇ। ਕਈਆਂ ਦੀ ਤਾਂ ਮੁੜ ਕੇ ਕੋਈ ਖ਼ਬਰ-ਸਾਰ ਵੀ ਨਹੀਂ ਸੀ ਮਿ਼ਲੀ ਕਿ ਕਿੱਥੇ ਸਨ। ਹੁਣ ਤਾਂ ਜਾਣਾ-ਆਉਣਾ ਬੇਹੱਦ ਸੌਖਾ ਹੋ ਗਿਆ ਹੈ।

****

'ਮੇਰੇ ਆਉਣ ਤੋਂ ਦਸ ਕੁ ਸਾਲਾਂ ਬਾਅਦ ਬਾਪੂ ਨੇ ਬਿਹਾਰ ਤੋਂ ਆਇਆ ਇਕ ਸੋਲ੍ਹਾਂ ਕੁ ਸਾਲਾਂ ਦਾ ਲੜਕਾ ਘਰ ਵਿਚ ਨੌਕਰ ਰੱਖ ਲਿਆ ਸੀ। ਉਸ ਦਾ ਨਾਂ ਦੇਵੀ ਪ੍ਰਸਾਦ ਸੀ। ਮਾਂ ਦੱਸਦੀ ਹੁੰਦੀ ਸੀ ਕਿ ਦੇਵੀ ਪ੍ਰਸਾਦ ਘਰ ਦਾ ਸਾਰਾ ਕੰਮ ਸੰਭਾ਼ਲੀ ਫਿਰਦੈ। ਪਸ਼ੂਆਂ ਦੀ ਦੇਖ ਭਾ਼ਲ, ਘਰ ਦੀ ਸਫ਼ਾਈ, ਜ਼ਮੀਨ ਦੀ ਦੇਖ ਭਾ਼ਲ, ਘਰ ਲਈ ਸੌਦਾ-ਪੱਤਾ ਖ਼ਰੀਦਣਾ, ਆਦਿ ਸਭ ਕੰਮ ਹੌ਼ਲੀ-ਹੌ਼ਲੀ ਥੋੜ੍ਹੇ ਚਿਰ ਵਿਚ ਹੀ ਦੇਵੀ ਪ੍ਰਸਾਦ ਨੇ ਸੰਭਾ਼ਲ ਲਏ ਸਨ। ਮਾਂ ਨਾ਼ਲ ਤਾਂ ਮੈਂ ਅਕਸਰ ਹੀ ਫ਼ੋਨ 'ਤੇ ਗੱਲ ਕਰ ਲੈਂਦਾ ਪਰ ਬਾਪੂ ਤਾਂ ਮਸਾਂ ਕਈ ਮਹੀਨਿਆਂ ਬਾਅਦ ਹੀ ਮੇਰੇ ਨਾ਼ਲ ਗੱਲ ਕਰਦਾ ਅਤੇ ਉਹ ਵੀ ਇਕ-ਦੋ ਮਿੰਟ ਹੀ। ਕਈ ਸਾਲ ਪਹਿਲਾਂ ਮਾਂ ਨੇ ਦੱਸਿਆ ਸੀ ਕਿ ਦੇਵੀ ਪ੍ਰਸਾਦ ਨੇ ਹੁਣ ਪੰਜਾਬੀ ਬੋਲਣੀ ਅਤੇ ਪੜ੍ਹਨੀ ਵੀ ਸਿੱਖ ਲਈ ਹੈ। ਫਿਰ ਜਦੋਂ ਦੇਵੀ ਪ੍ਰਸਾਦ 25 ਕੁ ਸਾਲਾਂ ਦਾ ਹੋ ਗਿਆ ਤਾਂ ਬਾਪੂ ਨੇ ਉਸ ਨੂੰ ਸਿੰਘ ਸਜਾ ਦਿੱਤਾ ਅਤੇ ਉਸ ਦਾ ਨਾਂ ਪ੍ਰਤਾਪ ਸਿੰਘ ਰੱਖ ਦਿੱਤਾ। ਫਿਰ ਬਾਪੂ ਨੇ ਪੰਜਾਬ ਵਿਚੋਂ ਹੀ ਕਿਸੇ ਗਰੀਬ ਘਰ ਦੀ ਲੜਕੀ ਨਾ਼ਲ ਪ੍ਰਤਾਪ ਸਿੰਘ ਦੀ ਸ਼ਾਦੀ ਕਰ ਦਿੱਤੀ ਸੀ। ਮਾਂ ਨੇ ਦੱਸਿਆ ਕਿ ਪ੍ਰਤਾਪ ਸਿੰਘ ਦੇ ਵਿਆਹ 'ਤੇ ਬਾਪੂ ਨੇ ਗੁਲਾਬੀ ਰੰਗ ਦੀ ਤੁਰ੍ਹਲੇ ਵਾਲੀ ਪੱਗ ਬੰਨ੍ਹੀ, ਬਰਾਤ ਵਿਚ ਕਾਫ਼ੀ ਲੋਕ ਗਏ। ਬਰਾਤ ਤੁਰਨ ਵੇਲੇ ਬਾਪੂ ਨੇ ਕਾਰ ਉੱਤੋਂ ਢੇਰਾਂ ਦੇ ਢੇਰ ਪੈਸੇ ਵਾਰੇ ਸਨ। ਉਸ ਨੇ ਮੇਰੇ ਵਿਆਹ ਦਾ ਚਾਅ ਪ੍ਰਤਾਪ ਸਿੰਘ ਨੂੰ ਵਿਆਹ ਕੇ ਪੂਰਾ ਕਰ ਲਿਆ। ਬਾਪੂ ਕਹਿੰਦਾ ਸੀ ਕਿ ਉਸ ਦਾ ਇਕ ਪੁੱਤ ਕੈਨੇਡਾ ਨੇ ਖੋਹ ਲਿਆ ਪਰ ਇਕ ਪੁੱਤ ਉਸ ਨੂੰ ਪ੍ਰਤਾਪ ਸਿੰਘ ਦੇ ਰੂਪ ਵਿਚ ਮਿ਼ਲ ਗਿਆ ਸੀ। ਮਾਂ ਦੱਸਦੀ ਕਿ ਪ੍ਰਤਾਪ ਸਿੰਘ ਦੀ ਪਤਨੀ ਬਹੁਤ ਹੀ ਚੰਗੇ ਸੁਭਾਅ ਦੀ ਹੈ ਅਤੇ ਉਸ ਨੇ ਆ ਕੇ ਘਰ ਦਾ ਸਾਰਾ ਕੰਮ ਸਾਂਭ ਲਿਆ ਹੈ। ਮਾਂ ਹਰ ਵਾਰੀ ਦੱਸਦੀ ਕਿ ਪ੍ਰਤਾਪ ਸਿੰਘ ਅਤੇ ਉਸ ਦੀ ਪਤਨੀ ਉਨ੍ਹਾਂ ਦੀ ਬਹੁਤ ਸੇਵਾ ਕਰਦੇ ਹਨ।

****

ਫਿਰ ਬਾਪੂ ਇਕ ਦਮ ਬਹੁਤ ਬਿਮਾਰ ਹੋ ਗਿਆ। ਬੁਖ਼ਾਰ ਉੱਤਰ ਹੀ ਨਹੀਂ ਰਿਹਾ ਸੀ। ਡਾਕਟਰਾਂ ਨੇ ਬਹੁਤ ਇਲਾਜ ਕੀਤਾ ਪਰ ਕੋਈ ਮੋੜ ਨਾ ਪਿਆ। ਮਾਂ ਨੇ ਦੱਸਿਆ ਕਿ ਪ੍ਰਤਾਪ ਸਿੰਘ ਅਤੇ ਉਸ ਦੀ ਪਤਨੀ ਨੇ ਬਹੁਤ ਸੇਵਾ ਕੀਤੀ। ਭੈਣ ਨੇ ਬਾਪੂ ਨੂੰ ਪੁੱਛਿਆ ਕਿ ਜੇ ਮਿ਼ਲਣਾ ਤਾਂ ਹਰਿੰਦਰ ਆ ਜਾਵੇ। ਬਾਪੂ ਨੇ ਨਾਂਹ ਵਿਚ ਸਿਰ ਫੇਰ ਦਿੱਤਾ। ਮੈਂ ਰੋਜ਼ ਹੀ ਫ਼ੋਨ ਕਰ ਕੇ ਬਾਪੂ ਦਾ ਹਾਲ ਮਾਂ ਅਤੇ ਭੈਣ ਕੋ਼ਲੋਂ ਪੁੱਛ ਲੈਂਦਾ।

'ਹਰਿੰਦਰ, ਉਮੀਦ ਨੀ ਬਾਪੂ ਤਿੰਨ-ਚਾਰ ਦਿਨਾਂ ਤੋਂ ਵੱਧ ਕੱਢੇ। ਤੂੰ ਆ ਜਾਵੇਂ ਤਾਂ ਚੰਗਾ।' ਭੈਣ ਨੇ ਇਕ ਦਿਨ ਫ਼ੋਨ 'ਤੇ ਕਿਹਾ।

'ਮੈਂ ਅੱਜ ਹੀ ਟਿਕਟ ਲੈ ਕੇ ਆ ਜਾਂਦਾਂ' ਅਤੇ ਮੈਂ ਉਸੇ ਦਿਨ ਟਿਕਟ ਲੈ ਕੇ ਹਿੰਦੁਸਤਾਨ ਨੂੰ ਜਹਾਜ਼ ਚੜ੍ਹ ਗਿਆ।

ਮੈਂ ਘਰ ਜਾ ਕੇ ਦੇਖਿਆ ਤਾਂ ਬਾਪੂ ਦੀ ਹਾਲਤ ਬਹੁਤ ਖ਼ਰਾਬ ਸੀ। ਮੈਂ ਉਸ ਨੂੰ ਬਾਂਹਾਂ ਵਿਚ ਘੁੱਟਦਿਆਂ ਹਾਲ ਪੁੱਛਿਆ ਤਾਂ ਉਸ ਨੇ ਮੇਰੇ ਵਲ ਅੱਖਾਂ ਖੋਲ੍ਹ ਕੇ ਦੇਖਿਆ ਪਰ ਬੋਲਿਆ ਕੁਝ ਨਾ। ਮੇਰੀਆਂ ਅੱਖਾਂ ਭਰ ਆਈਆਂ। ਜਿਸ ਤਰ੍ਹਾਂ ਪ੍ਰਤਾਪ ਸਿੰਘ ਅਤੇ ਉਸ ਦੀ ਪਤਨੀ ਨੇ ਘਰ ਸਾਂਭਿਆ ਹੋਇਆ ਸੀ ਅਤੇ ਜਿਸ ਤਰ੍ਹਾਂ ਉਹ ਬਾਪੂ ਅਤੇ ਮਾਂ ਦੀ ਸੇਵਾ ਕਰ ਰਹੇ ਸਨ, ਦੇਖ ਕੇ ਮਨ ਬਹੁਤ ਖ਼ੁਸ਼ ਹੋਇਆ। ਮੈਨੂੰ ਲੱਗਾ ਜਿਵੇਂ ਮੈਨੂੰ ਤਾਂ ਸਿਰਫ਼ ਬਾਪੂ ਅਤੇ ਮਾਂ ਨੇ ਜਨਮ ਹੀ ਦਿੱਤਾ ਹੈ, ਉਨ੍ਹਾਂ ਦਾ ਅਸਲੀ ਪੁੱਤਰ ਤਾਂ ਪ੍ਰਤਾਪ ਸਿੰਘ ਹੀ ਹੈ। ਮੈਂ ਪ੍ਰਤਾਪ ਸਿੰਘ ਨੂੰ ਵੱਖਰਾ ਕਰ ਕੇ ਕਿਹਾ ਕਿ ਮੇਰੇ ਮਾਂ-ਬਾਪ ਦਾ ਅਸਲੀ ਪੁੱਤਰ ਤੂੰ ਹੀ ਹੈਂ ਅਤੇ ਸਾਰਾ ਘਰ ਅਤੇ ਜ਼ਮੀਨ ਤੇਰੇ ਹੀ ਹਨ। ਮੈਨੂੰ ਕੁਝ ਨਹੀਂ ਚਾਹੀਦਾ। ਮਾਂ ਨੂੰ ਵੀ ਇਹ ਗੱਲ ਮੈਂ ਦੱਸ ਦਿੱਤੀ।

ਮੇਰੇ ਆਉਣ ਤੋਂ ਤਿੰਨ ਦਿਨ ਬਾਅਦ ਬਾਪੂ ਅੱਖਾਂ ਮੀਟ ਗਿਆ। ਅਸੀਂ ਸਾਰੇ ਉਸ ਦੇ ਆ਼ਲੇ-ਦੁਆ਼ਲੇ ਉਦਾਸ ਬੈਠੇ ਅਤੇ ਖੜ੍ਹੇ ਸੀ। ਮੈਂ ਉੱਥੋਂ ਉੱਠਿਆ, ਬਾਪੂ ਦੇ ਬੈਡ-ਰੂਮ ਵਿੱਚ ਗਿਆ, ਕਿਲੀ ਤੋਂ ਉਸ ਦੀ ਗੁਲਾਬੀ ਤੁਰ੍ਹਲੇ ਵਾ਼ਲੀ ਪੱਗ ਲਾਹੀ, ਅਤੇ ਬਾਹਰਲੇ ਕਮਰੇ ਵਿਚ ਪਈ ਬਾਪੂ ਦੀ ਲਾਸ਼ ਕੋਲ ਗਿਆ। ਮੈਂ ਉਹ ਪੱਗ ਪ੍ਰਤਾਪ ਸਿੰਘ ਨੂੰ ਫੜਨ ਲਈ ਕਿਹਾ। ਮੈਂ ਬਾਪੂ ਦਾ ਸਿਰ ਆਪਣੀਆਂ ਬਾਂਹਾਂ ਨਾ਼ਲ ਚੁੱਕ ਕੇ ਪ੍ਰਤਾਪ ਸਿੰਘ ਤੋਂ ਉਹ ਤੁਰ੍ਹਲੇ ਵਾ਼ਲੀ ਪੱਗ ਬਾਪੂ ਦੇ ਸਿਰ ਤੇ ਸਜਾ ਦਿੱਤੀ ਸੀ।

# 'ਸਮੁੰਦਰ ਨੂੰ ਪੁੱਛੇ ਨਦੀ' ਦਾ ਦਾਰਸ਼ਨਿਕ ਪਰਿਪੇਖ

ਮੈਂ ਪੰਜਾਬੀ ਦੀ ਵਿਲੱਖਣ ਛਾਪ ਵਾਲੀ ਸ਼ਾਇਰਾ ਸੰਦੀਪ ਜਸਵਾਲ ਨੂੰ ਉਦੋਂ ਤੋਂ ਜਾਣਦਾ ਹਾਂ ਜਦੋਂ ਉਸਦੀ ਪਹਿਲੀ ਕਾਵਿ-ਕਿਰਤ 'ਰੂਹ ਦੀ ਪਰਵਾਜ਼' 2016 ਵਿਚ ਪ੍ਰਕਾਸ਼ਿਤ ਹੋਈ ਸੀ। ਮੈਂ ਉਦੋਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਵਿਚ ਪ੍ਰੋਫੈਸਰ ਵਜੋਂ ਕਾਰਜ ਕਰ ਰਿਹਾ ਸੀ। ਉਸ ਸਮੇਂ ਮੇਰੇ ਕੋਲ ਅੱਠ-ਦਸ ਵਿਦਿਆਰਥੀ ਪੀਐਚ.ਡੀ. ਕਰ ਰਹੇ ਸਨ, ਜਦੋਂ ਵੀ ਮੈਨੂੰ ਕੋਈ ਪੁਸਤਕ ਪ੍ਰਾਪਤ ਹੁੰਦੀ ਤਾਂ ਮੈਂ ਉਸਨੂੰ ਇੱਕ ਵਾਰ ਜ਼ਰੂਰ ਫਰੋਲਦਾ ਹਾਂ, ਕੁਝ ਪੁਸਤਕਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਇਕਦਮ ਪੜ੍ਹਨ ਦਾ ਮਨ ਕਰਦਾ ਹੈ ਅਤੇ ਕੁਝ ਅਜਿਹੀਆਂ ਵੀ ਹੁੰਦੀਆਂ



**ਸੁਹਿੰਦਰ ਬੀਰ**

ਹਨ ਜਿਨ੍ਹਾਂ ਨੂੰ ਫਰੋਲ ਕੇ ਇਕ ਪਾਸੇ ਰੱਖ ਦਈਦਾ ਹੈ। ਇਸੇ ਤਰ੍ਹਾਂ ਸੰਦੀਪ ਦੀ ਕਾਵਿ-ਪੁਸਤਕ *ਰੂਹ ਦੀ ਪਰਵਾਜ਼* ਫਰੋਲੀ, ਕੁਝ ਕਵਿਤਾਵਾਂ ਪੜ੍ਹੀਆਂ ਤਾਂ ਮੈਂ ਪ੍ਰਭਾਵਿਤ ਹੋਏ ਬਿਨਾਂ ਨਾ ਰਹਿ ਸਕਿਆ। ਸੰਦੀਪ ਨਿੱਕੀਆਂ ਨਿੱਕੀਆਂ ਕਵਿਤਾਵਾਂ ਰਾਹੀਂ ਅਜਿਹੇ ਬਿੰਬ, ਰੂਪਕ ਅਤੇ ਪ੍ਰਤੀਕ ਸਿਰਜਦੀ ਹੈ ਕਿ ਉਹ ਪਹਿਲੀ ਝਾਤੇ ਜਾਂ ਪਹਿਲੀ ਪੜ੍ਹਤ ਵਿਚ ਹੀ ਪਾਠਕ ਨੂੰ ਬਹੁਤ ਪ੍ਰਭਾਵਿਤ ਕਰਦੇ ਹਨ। ਮੈਂ ਉਸਨੂੰ ਟੈਲੀਫੋਨ ਕੀਤਾ ਕਿ ਤੇਰੀ ਕਿਤਾਬ ਮੈਂ ਪੀਐਚ. ਡੀ. ਦੇ ਵਿਦਿਆਰਥੀਆਂ ਨਾਲ ਮਿਲ-ਬੈਠ ਕੇ ਇਕੱਠਿਆਂ ਪੜ੍ਹੀ ਹੈ ਅਤੇ ਵਿਦਿਆਰਥੀਆਂ ਨੇ ਵੀ ਇਸ ਕਾਵਿ-ਪੁਸਤਕ ਦਾ ਬਹੁਤ ਆਨੰਦ ਮਾਣਿਆ ਹੈ। ਉਨ੍ਹਾਂ ਨੂੰ ਇਸ ਵਿਚੋਂ ਕਵਿਤਾ ਦਾ ਸੁਹਜ, ਸਹਿਜ ਅਤੇ ਵਿਚਾਰਾਂ ਦੀ ਗਹਿਰਾਈ ਦਾ ਅਹਿਸਾਸ ਹੋਇਆ ਹੈ। ਮੈਂ ਉਸ ਬਾਰੇ ਇੱਕ ਲੇਖ ਲਿਖਿਆ ਅਤੇ 'ਸਮਦਰਸ਼ੀ' ਨੂੰ ਭੇਜ ਦਿੱਤਾ। ਮੇਰਾ ਸੰਦੀਪ ਜਸਵਾਲ ਨਾਲ ਰਾਬਤਾ ਕਾਇਮ ਹੋ ਸਕਣ ਦਾ ਸਬੱਬ ਉਨ੍ਹਾਂ ਦੀ ਕਾਵਿ-ਪੁਸਤਕ ਰਾਹੀਂ ਬਣਿਆ। ਉਸ ਤੋਂ ਬਾਅਦ ਮੈਨੂੰ ਕਈ ਵਾਰ ਸੰਦੀਪ ਨੂੰ ਪਟਿਆਲਾ ਵਿਖੇ ਮਿਲਣ ਦਾ ਮੌਕਾ ਵੀ ਹਾਸਿਲ ਹੋਇਆ। ਸੰਦੀਪ ਬਹੁਤ ਹੀ ਅੰਤਰਮੁਖੀ ਸੁਭਾਅ ਵਾਲੀ ਗਹਿਰ-ਗੰਭੀਰ ਸ਼ਾਇਰਾ ਹੈ। ਉਹ ਜ਼ਿੰਦਗੀ ਨੂੰ ਤਸਵੀਰ-ਨੁਮਾ ਰੂਪ ਵਿਚ ਨਹੀਂ ਵੇਖਦੀ ਅਤੇ ਨਾ ਹੀ ਜ਼ਿੰਦਗੀ ਅਤੇ ਆਲੇ-ਦੁਆਲੇ ਨੂੰ ਓਪਰੀ ਝਾਤੇ ਦੇਖਦੀ ਹੈ। ਉਸ ਦੀ ਆਪਣੀ ਜ਼ਿੰਦਗੀ ਵੀ ਲੰਮੇ ਸੰਘਰਸ਼ ਵਾਲੀ ਹੈ ਪਰ ਇਸ ਦੇ ਅੰਦਰਵਾਰ ਨਦੀ ਦੇ ਹੇਠਲੇ ਪਾਣੀਆਂ ਵਿਚ ਜੋ ਹਰਕਤ ਜਾਂ ਹਲਚਲ ਹੁੰਦੀ ਹੈ, ਕਣਾਂ ਦਾ ਜੋ ਬੇਰੋਕ ਵਹਿਣ ਵਹਿੰਦਾ ਰਹਿੰਦਾ ਹੈ ਉਹ ਸੰਦੀਪ ਦੀ ਜ਼ਿੰਦਗੀ ਅਤੇ ਸੋਚ ਵਿਚ ਵੀ ਸ਼ਾਮਿਲ ਹੋ ਜਾਂਦੇ ਹਨ। ਉਸਦਾ ਜੀਵਨ-ਅਨੁਭਵ ਇਕਹਿਰਾ ਨਹੀਂ, ਜੋ ਵੀ ਉਸਦੇ ਪਰਿਵਾਰ, ਸਮਾਜ, ਸਭਿਆਚਾਰ ਆਦਿ ਵਿਚ ਵਾਪਰਦਾ ਰਿਹਾ ਹੈ, ਉਸ ਨੂੰ ਉਸਨੇ ਆਪਣੀ ਦੇਹੀ ਵਿਚ ਵਸਾ ਕੇ ਗਹਿਰਾਈ ਨਾਲ ਨਿਵੇਕਲੇ ਅਰਥ ਦੇ ਕੇ ਕਾਵਿ-ਰੂਪਾਂਤਰਨ ਕੀਤਾ ਹੈ।

ਉਸਨੇ ਹੁਣ ਤੱਕ ਸਾਰੀ ਕਵਿਤਾ ਮੁਕਤ ਕਾਵਿ-ਰੂਪ ਵਿਚ ਲਿਖੀ ਹੈ, ਪਰ ਫਿਰ ਵੀ ਉਸ ਦੀ ਕਵਿਤਾ ਕਾਵਿਕਤਾ ਤੋਂ ਦੂਰ ਨਹੀਂ ਹੋਈ, ਕਿਉਂਕਿ ਉਸ ਪਾਸ ਬਿੰਬ, ਰੂਪਕ, ਪ੍ਰਤੀਕ ਸਿਰਜਣ ਦਾ ਹੁਨਰ ਹੈ। ਅੰਗਰੇਜ਼ੀ ਦੇ ਇੱਕ ਚਿੰਤਕ ਨੇ ਕਿਹਾ ਸੀ ਕਿ ਜੇ ਕੋਈ ਕਲਾਕਾਰ/ਕਵੀ ਆਪਣੀ ਜ਼ਿੰਦਗੀ ਵਿਚ ਇੱਕ ਵੀ ਬਿੰਬ ਸਿਰਜ ਦੇਵੇ ਤਾਂ ਉਹ ਕਵੀ ਜਾਂ ਕਲਾਕਾਰ ਅਮਰ ਹੋਣ ਦੇ ਯੋਗ ਹੁੰਦਾ ਹੈ। ਮੈਂ ਦੇਖਦਾ ਹਾਂ ਕਿ 'ਸਮੁੰਦਰ ਨੂੰ ਪੁੱਛੇ ਨਦੀ' ਵਿਚ ਸੰਦੀਪ ਨੇ ਬਹੁਤ ਸਾਰੇ ਅਜਿਹੇ ਰੂਪਕ ਸਿਰਜੇ ਹਨ ਜਿਹੜੇ ਉਸਦੀ ਕਾਵਿ-ਸ਼ਖਸੀਅਤ ਨੂੰ ਸਦੀਵਤਾ ਵਿਚ ਬਦਲਣ ਦੇ ਸਮਰੱਥ ਹਨ। ਉਸ ਨੂੰ ਇਤਿਹਾਸਕ-ਮਿਥਿਹਾਸਕ ਗਿਆਨ ਦੀ ਵੀ ਭਰਪੂਰ ਜਾਣਕਾਰੀ ਹਾਸਿਲ ਹੈ। ਉਨ੍ਹਾਂ ਨੂੰ ਉਹ ਐਨੀ ਸਿਆਣਪਤਾ ਨਾਲ ਵਰਤਦੀ ਹੈ ਕਿ ਉਹ ਉਸਦੇ ਭਾਵਾਂ-ਵਿਚਾਰਾਂ ਨੂੰ ਵਿਚਾਰਧਾਰਾਈ ਪਰਤ ਨਾਲ ਜੋੜ ਦਿੰਦੇ ਹਨ। ਉਸਨੇ ਬੁੱਧ, ਕ੍ਰਿਸ਼ਨ, ਰਾਮ, ਇਕਲਵਿਆ, ਯਸ਼ੋਧਰਾ, ਰਾਧਾ, ਸੀਤਾ, ਹੀਰ, ਰਾਂਝਾ, ਚੂਚਕ, ਵਾਰਿਸ ਆਦਿ ਦੇ ਪਾਤਰਾਂ ਰਾਹੀਂ ਨਵੇਂ ਅਰਥਾਂ ਵਾਲੀ ਕਾਵਿ-ਅਭਿਵਿਅਕਤੀ ਕੀਤੀ ਹੈ। ਏਥੇ ਉਸਦੀ ਇੱਕ ਕਵਿਤਾ ਦਾ ਹਵਾਲਾ ਦਿੱਤਾ ਜਾ ਸਕਦਾ ਹੈ:

ਸੁਦਾਮਾ/ਹੇ! ਮਿੱਤਰ/ਮੈਂ ਤੇਰਾ ਸਖਾ ਸੁਦਾਮਾ/ ਘਰ ਵਿਚੋਂ/ਨਿੱਕ-ਸੁੱਕ ਹੂੰਝ/ਤੈਨੂੰ ਮਿਲਣ /ਤੇਰੇ ਦਰ 'ਤੇ /ਨਹੀਂ ਆਵਾਂਗਾ /ਏਸ ਵਾਰ /ਤੇਰੀ ਵਾਰੀ ਹੈ/ ਪੈਦਲ ਨਹੀਂ/ਤਾਂ ਰੱਥ 'ਤੇ ਸਵਾਰ ਹੋ ਕੇ/ਖਾਲੀ ਹੱਥ ਹੀ ਸਹੀ/ਮੇਰੀ ਝੁੱਗੀ ਤੱਕ/ਤੈਨੂੰ ਆਉਣਾ ਪਏਗਾ/ ਯੁੱਗ ਪਲਟ ਚੁੱਕਾ ਹੈ ਮਿੱਤਰ /ਰੀਤ ਵੀ ਬਦਲ ਜਾਣੀ ਚਾਹੀਦੀ ਹੈ।

(ਪੰਨਾ-95)

ਇਸੇ ਤਰ੍ਹਾਂ ਦਾ ਇੱਕ ਹੋਰ ਬਿਰਤਾਂਤ 'ਹੀਰ ਬਨਾਮ ਵਾਰਿਸ' ਕਵਿਤਾ ਵਿਚ ਪੇਸ਼ ਕਰਨ ਦਾ ਯਤਨ ਹੋਇਆ ਹੈ। ਜਿਥੇ ਵਾਰਿਸ ਵਰਗੇ ਕਵੀ ਨੇ ਹੀਰ ਦੀ ਤ੍ਰਾਸਦੀ ਦਾ ਮਹਾਨ ਸਿਰਜਨ ਕੀਤਾ। ਉਥੇ ਆਧੁਨਿਕ ਸਮੇਂ ਵਿਚ ਇਸ ਦੁੱਖ ਨੂੰ ਕਿਤੇ ਇਜ਼ਹਾਰ ਨਹੀਂ ਮਿਲਿਆ। ਇਹ ਦੁੱਖ ਕਲਮਾਂ ਰਾਹੀਂ ਲਿਖਤ ਨਹੀਂ ਬਣ ਸਕਿਆ। ਇਹੋ ਜਿਹੇ ਦੁੱਖ ਮਨੁੱਖੀ ਇਤਿਹਾਸ ਦਾ ਸੋਗ ਬਣ ਜਾਂਦੇ ਹਨ ਅਤੇ ਮਨੁੱਖੀ ਸੀਨਿਆਂ ਵਿਚ ਸੁਲਗਦੇ ਰਹਿੰਦੇ ਹਨ। ਸੰਦੀਪ ਦੀ ਖ਼ਾਸੀਅਤ ਇਸ ਵਿਚ ਹੈ ਕਿ ਉਸਨੇ ਇਸ ਅਹਿਸਾਸ ਨੂੰ ਸਮਝਣ ਦਾ ਯਤਨ ਕੀਤਾ ਬਹੁਤ ਸਾਰੇ ਚਿੰਤਕ ਇਸ ਅਹਿਸਾਸ ਨੂੰ ਸਮਝਣ ਤੋਂ ਅਸਮਰੱਥ ਹੀ ਰਹਿੰਦੇ ਹਨ:

ਹੀਰ ਬਨਾਮ ਵਾਰਿਸ-ਮੈਂ ਹੀਰ ਬਣ ਜਨਮੀ /ਪਿਓ ਚੂਚਕ ਨੇ /ਮੇਰੇ ਹੱਥੋਂ ਚੂਰੀ ਖੋਹੀ /ਤੇ ਸੈਦੇ ਦਾ ਲੜ ਫੜਾ ਦਿੱਤਾ /ਮੈਂ ਤਖ਼ਤ ਹਜ਼ਾਰੇ ਵੱਸਣਾ ਸੀ/ ਪਰ ਰੰਗਪੁਰ ਜਾ ਕੇ

ਉਜੜ ਗਈ /ਸਿਆਲਾਂ ਤੋਂ ਰੰਗਪੁਰ ਜਾਂਦੇ ਰਾਹ ਵਿਚ /ਮੈਨੂੰ ਕਿਤੇ ਵਾਰਿਸ ਨਹੀਂ ਮਿਲਿਆ / ਇਸੇ ਕਰਕੇ ਤੁਸੀਂ ਮੈਨੂੰ ਨਹੀਂ ਜਾਣਦੇ/ਕੋਈ ਵੀ ਨਹੀਂ ਜਾਣਦਾ /ਕਿਉਂਕਿ ਜਿਨ੍ਹਾਂ ਹੀਰਾਂ ਦੇ ਭਾਗਾਂ ਵਿਚ /ਰਾਂਝੇ ਤੇ ਸੈਦੇ ਹੀ ਹੁੰਦੇ ਨੇ/ਵਾਰਿਸ ਨਹੀਂ ਹੁੰਦੇ / ਉਨ੍ਹਾਂ ਨੂੰ ਕੋਈ ਨਹੀਂ ਜਾਣਦਾ

(ਪੰਨਾ-25)

ਇਸ ਕਾਵਿ-ਸੰਗ੍ਰਹਿ ਵਿਚ ਕੁਝ ਕਵਿਤਾਵਾਂ ਨਾਰੀ ਦੇ ਦਰਦ ਨੂੰ ਬਿਆਨ ਕਰਨ ਵਾਲੀਆਂ ਹਨ, ਜਿਥੇ ਵੀ ਕਿਤੇ ਨਾਰੀ ਦੇ ਦਰਦ ਦੀ ਗੱਲ ਛੋਹੀ ਗਈ ਹੈ, ਉਥੇ ਮਾਂ ਦਾ ਹਵਾਲਾ ਜ਼ਰੂਰ ਆਇਆ ਹੈ। ਮਾਂ ਦੇ ਹਵਾਲੇ ਨਾਲ ਇਕ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਸਮਾਂ ਬਦਲ ਗਿਆ ਹੈ, ਵਸਤਾਂ ਬਦਲ ਗਈਆਂ ਹਨ ਪਰ ਮਨੁੱਖ ਦੀ ਹੋਂਦ-ਹਸਤੀ ਦਾ ਖ਼ਾਸਾ ਪੁਰਸ਼ ਅਤੇ ਨਾਰੀ ਦੀ ਵੱਖਰੀ ਵੱਖਰੀ ਸੰਵੇਦਨਾ ਵਿਚ ਕੋਈ ਪਰਿਵਰਤਨ ਨਹੀਂ ਆਇਆ।

ਸੰਦੀਪ ਨੇ ਧੀ ਦੇ ਦਰਦ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਮਾਂ ਸੰਦੂਕ ਵਿਚ ਕੱਪੜੇ ਰੱਖਣ ਦੇ ਬਹਾਨੇ ਉਦਾਸ ਹੈ, ਰੋਂਦੀ ਹੈ, ਧਾਹਾਂ ਮਾਰਦੀ ਹੈ ਤੇ ਅੱਜ ਦੀ ਨਾਇਕਾ ਵੱਡੀ ਅਲਮਾਰੀ ਵਿਚ ਘਿਰੀ ਹੋਈ ਦੁਖਦ-ਅਨੁਭਵ ਨੂੰ ਭੋਗਦੀ ਹੈ:

ਮੈਂ ਤੇ ਮਾਂ-

ਮੈਂ ਕਈ ਵਾਰ ਤੱਕਿਆ/ਮਾਂ ਨੂੰ /ਲੀੜੇ ਠੀਕ ਕਰਨ ਬਹਾਨੇ/ਸੰਦੂਕ ਵਿਚ ਮੂੰਹ ਦੇ ਕੇ ਰੋਂਦਿਆਂ/ ਕਿੰਨਾ ਬਦਲ ਗਿਆ ਹੈ ਸਮਾਂ/ਹੁਣ ਮੇਰੇ ਕੋਲ / ਸੰਦੂਕ ਦੀ ਜਗ੍ਹਾ/ਕਮਰੇ ਦੀ ਛੱਤ ਜਿੰਨੀ ਉੱਚੀ/ ਅਲਮਾਰੀ ਹੈ ਹੁਣ। (ਪੰਨਾ-26)

ਮੈਂ ਬਿੰਬ ਸਿਰਜਣ ਦੀ ਗੱਲ ਕੀਤੀ ਸੀ ਉਸ ਦੀ ਕਵਿਤਾ 'ਬੁਲਬਲੇ' ਕਮਾਲ ਦਾ ਬਿੰਬ ਸਿਰਜਦੀ ਹੈ। ਪਿਆਰ ਇਕ ਕੁਦਰਤੀ ਜਜ਼ਬਾ ਹੈ, ਸਹਿਜ-ਸੁਭਾ ਮਨੁੱਖ ਅੰਦਰ ਪੈਦਾ ਹੁੰਦਾ ਹੈ, ਪਰ ਇਸ ਨੂੰ ਪ੍ਰਕਿਰਤਕ, ਸਮਾਜਕ, ਰਾਸ਼ਟਰੀ, ਅੰਤਰਰਾਸ਼ਟਰੀ, ਨੈਤਿਕ ਤੇ ਹੋਰ ਕਈ ਪ੍ਰਕਾਰ ਦੀਆਂ ਸਭਿਆਚਾਰਕ ਸੀਮਾਵਾਂ ਵਿਚ ਵਿਚਰਨਾ ਪੈਂਦਾ ਹੈ। ਇਸ ਅਹਿਸਾਸ ਨੂੰ ਸੰਦੀਪ ਨੇ ਪਾਣੀ ਦੇ ਬੁਲਬਲੇ ਨਾਲ ਜੋੜ ਕੇ ਪਿਆਰ ਦੀ ਹਸਤੀ ਦੇ ਦੁਖਾਂਤ ਨੂੰ ਬਿਆਨ ਕੀਤਾ ਹੈ। ਬਹੁਤ ਹੀ ਪ੍ਰਮਾਣਿਕ ਬਿੰਬ ਹੈ। ਮੈਂ ਕਵਿਤਾ ਦਾ ਹਵਾਲਾ ਦੇਣਾ ਚਾਹੁੰਦਾ ਹਾਂ:

ਬੁਲਬੁਲੇ


ਆਪਾਂ ਦੋਵੇਂ/ਪਿਆਰ ਤਾਂ ਬਹੁਤ ਕਰਦੇ ਹਾਂ / ਇੱਕ ਦੂਜੇ ਨੂੰ/ਪਰ /ਕਾਲੇ ਲੇਖੀਂ ਬੁਲਬੁਲੇ ਦੀ ਜੂਨੇ ਆਏ

/ਦੂਰੋਂ ਦੂਰੋਂ ਤੱਕ ਤੇ ਰਹਿਣਾ/ਮਿਆਦ ਹੈ ਆਪਣੀ /ਇੱਕ ਦੂਜੇ ਨੂੰ ਛੂਹ ਲਿਆ ਜੇਕਰ /ਤਾਂ ਥਾਂਏ ਖ਼ਤਮ ਹੋ ਜਾਵਾਂਗੇ। (ਪੰਨਾ-27)

ਸੰਦੀਪ ਨੇ ਆਪਣੀਆਂ ਕੁਝ ਕਵਿਤਾਵਾਂ ਵਿਚ ਪਰਵਾਸ ਦੇ ਅਨੁਭਵ ਨੂੰ ਫ਼ਲਸਫ਼ੀ ਅੰਦਾਜ਼ ਵਿਚ ਪੇਸ਼ ਕੀਤਾ ਹੈ। ਉਹ ਜਦੋਂ ਇਸ ਤਰ੍ਹਾਂ ਦੇ ਫ਼ਲਸਫ਼ੇ ਨੂੰ ਆਪਣੇ ਕਾਵਿਕ ਅੰਦਾਜ਼ ਵਿਚ ਪੇਸ਼ ਕਰਦੀ ਹੈ ਤਾਂ ਪੇਸ਼ਕਾਰੀ ਦੇ ਨਾਲ ਨਾਲ ਤੁਲਨਾਤਮਕ ਪਹਿਲੂਆਂ ਨੂੰ ਵੀ ਸਾਹਮਣੇ ਲੈ ਆਉਂਦੀ ਹੈ। ਇਹੋ ਉਸ ਦੀ ਵਿਲੱਖਣਤਾ ਹੈ। ਪਰਵਾਸ ਦੀ ਅਭਿਵਿਅਕਤੀ ਕਰਨ ਲਈ ਉਹ ਪੰਛੀਆਂ ਦੀ ਉਦਾਹਰਨ ਲੈਂਦੀ ਹੈ ਕਿ ਕਿਵੇਂ ਪੰਛੀ ਆਪਣਾ ਚੋਗਾ ਚੁਗ ਕੇ ਸ਼ਾਮ ਨੂੰ ਆਲ੍ਹਣਿਆਂ ਵੱਲ ਪਰਤ ਜਾਂਦੇ ਹਨ ਪਰ ਆਪਣੇ ਆਲ੍ਹਣੇ ਵੱਲ ਪਰਤਣ ਦਾ ਵੱਲ ਸਾਡੇ ਪਰਵਾਸੀ ਮਨੁੱਖਾਂ ਦੇ ਹਿੱਸੇ ਨਹੀਂ ਆਇਆ। ਉਹ ਜਿੱਥੇ ਜਾਂਦੇ ਹਨ ਉਥੇ ਹੀ ਆਪਣਾ ਆਲ੍ਹਣਾ ਬਣਾ ਕੇ ਸਦੀਵੀ ਤੌਰ 'ਤੇ ਵਸ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦੀ ਉਡਾਣ ਧੀਮੀ ਪੈ ਜਾਂਦੀ ਹੈ। ਪੰਛੀਆਂ ਦੀ ਉਡਾਣ ਇਸੇ ਕਰਕੇ ਜਾਰੀ ਰਹਿੰਦੀ ਹੈ, ਉਡਾਣ ਘਟਦੀ ਨਹੀਂ ਕਿਉਂਕਿ ਉਹ ਚੋਗਾ ਚੁਗਦੇ ਹਨ ਤੇ ਆਪਣੇ



ਸ਼ਾਇਰਾ ਸੰਦੀਪ ਜਸਵਾਲ




ਪੁਸਤਕ 'ਸਮੁੰਦਰ ਨੂੰ ਪੁੱਛੇ ਨਦੀ' ਦਾ ਸਰਵਰਕ।

ਆਲ੍ਹਣਿਆਂ ਵੱਲ ਪਰਤ ਜਾਂਦੇ ਹਨ।

ਇਹ ਪੁਸਤਕ ਪੜ੍ਹਦਿਆਂ ਮੈਨੂੰ ਇੱਕ ਹੋਰ ਗੱਲ ਦਾ ਵੀ ਅਹਿਸਾਸ ਹੋਇਆ ਹੈ ਕਿ ਸੰਦੀਪ ਆਪਣੀ ਕਵਿਤਾ ਰਾਹੀਂ ਬਿਰਤਾਂਤ ਸਿਰਜਣ ਦੀ ਜੁਗਤ ਨੂੰ ਵਰਤੋਂ ਵਿਚ ਲਿਆ ਰਹੀ ਹੈ। ਇਨ੍ਹਾਂ ਬਿਰਤਾਂਤਮਈ ਕਵਿਤਾਵਾਂ ਨੂੰ ਅਸੀਂ ਜੇ ਅੰਗਾਂ-ਅੰਸ਼ਾਂ ਵਿਚ ਵੰਡ ਕੇ ਪੜ੍ਹੀਏ ਤਾਂ ਕਥਾਨਕ ਵਿਚੋਂ ਜਿਸ ਪ੍ਰਵਚਨ ਦੀ ਸੂਝ ਪੈਂਦੀ ਹੈ ਉਹ ਪ੍ਰਵਚਨ ਸਹਿਜ ਅਤੇ ਸੁਹਜ ਦਾ ਸੁਮੇਲ ਹੁੰਦਾ ਹੋਇਆ ਪਾਠਕ ਨੂੰ ਸੋਚ ਦੇ ਰਸਤੇ 'ਤੇ ਤੋਰਦਾ ਹੈ।

ਮੈਂ ਸੰਦੀਪ ਦੀਆਂ ਨਿੱਕੀਆਂ-ਨਿੱਕੀਆਂ ਕਵਿਤਾਵਾਂ ਪੜ੍ਹਦਾ ਹਾਂ ਤਾਂ ਕਵਿਤਾ ਪੜ੍ਹਨ ਤੋਂ ਬਾਅਦ ਮੈਂ ਅੱਖਾਂ ਮੁੰਦ ਕੇ ਬੈਠ ਜਾਂਦਾ ਹਾਂ ਅਤੇ ਉਸ ਦੁਆਰਾ ਬਣਾਏ ਬਿੰਬਾਂ ਨੂੰ ਕੁਝ ਘੜੀਆਂ ਸੋਚਣ ਲੱਗ ਜਾਂਦਾ ਹਾਂ। ਫਿਰ ਮੈਂ ਵੇਖਦਾ ਹਾਂ ਕਿ 2016 ਵਿਚ ਪਹਿਲੀ ਕਾਵਿ-ਪੁਸਤਕ ਪ੍ਰਕਾਸ਼ਿਤ ਹੋਈ ਸੀ ਇਨ੍ਹਾਂ ਪਿਛਲੇ ਅੱਠਾਂ ਸਾਲਾਂ ਦੇ ਵਕਤ ਵਿਚ ਸੰਦੀਪ ਨੇ ਆਪਣੀ ਕਵਿਤਾ ਰਾਹੀਂ ਬਹੁਤ ਵੱਡੀ ਛਲਾਂਗ ਲਗਾਈ ਹੈ। ਇਹ ਅੱਠ ਵਰ੍ਹੇ ਸੰਦੀਪ ਦੀ ਜ਼ਿੰਦਗੀ ਵਿਚ ਕਿਸੇ ਸਾਧਕ ਦੇ ਤਪ ਕਰਨ ਵਰਗੇ ਮਹਿਸੂਸ ਹੁੰਦੇ ਹਨ, ਕਿਸੇ ਰਿਸ਼ੀ ਦੀ ਭਗਤੀ ਵਰਗੇ ਪ੍ਰਤੀਤ ਹੁੰਦੇ ਹਨ। ਮੈਨੂੰ ਲੱਗਦਾ ਹੈ ਕਿ ਇਨ੍ਹਾਂ ਅੱਠਾਂ ਵਰ੍ਹਿਆਂ ਵਿਚ ਸੰਦੀਪ ਨੇ ਕਿਸੇ ਰਿਸ਼ੀ ਵਾਂਗ ਕੁਟੀਆ ਅੰਦਰ ਸਮਾਧੀ ਵਿਚ ਬਤੀਤ ਕੀਤੇ ਹਨ। ਅਜਿਹਾ ਅਹਿਸਾਸ ਮੈਨੂੰ ਉਦੋਂ ਹੁੰਦਾ ਸੀ ਜਦੋਂ ਮੈਂ ਡਾਕਟਰ ਹਰਿਭਜਨ ਸਿੰਘ ਦੀ *ਰੁੱਖ ਤੇ ਰਿਸ਼ੀ* ਕਾਵਿ-ਪੁਸਤਕ ਦਾ ਪਾਠ ਕਰਦਾ ਸੀ ਜਾਂ ਡਾਕਟਰ ਜਸਵੰਤ ਸਿੰਘ ਨੇਕੀ ਦੀ ਕਾਵਿ ਰਚਨਾ 'ਸਿਮਰਤੀ ਦੇ ਕਿਰਨ ਤੋਂ ਪਹਿਲਾਂ' ਨੂੰ ਵਿਚਾਰ ਅਧੀਨ ਲਿਆਉਂਦਾ ਸੀ। ਮੇਰੀਆਂ ਗੱਲਾਂ ਪਾਠਕਾਂ ਨੂੰ ਓਪਰੀਆਂ ਨਾ ਮਹਿਸੂਸ ਹੋਣ ਮੈਂ ਕੁਝ ਕਵਿਤਾਵਾਂ ਦੇ ਹਵਾਲੇ ਵੀ ਦੇਣਾ ਚਾਹੁੰਦਾ ਹਾਂ, ਮਸਲਨ ਉਸਦੀ ਇੱਕ ਕਵਿਤਾ ਹੈ:

ਦਰਿਆ

ਅਸੀਂ /ਪਿਆਰ ਦੇ ਦਰਿਆ ਵਿਚ/ਡੁੱਬਣਾ ਚਾਹੁੰਦੇ ਸਾਂ/ਤੁਸੀਂ ਤੈਰਨਾ .../ਇੱਕ ਉਹ ਵੀ ਸਨ /ਜੋ ਸਿਰਫ /ਭਿਜਣਾ ਚਾਹੁੰਦੇ ਸੀ। (ਪੰਨਾ-11)

ਹੁਣ ਇਸ ਤਿੰਨ ਸਤਰਾਂ ਦੀ ਕਵਿਤਾ ਵਿਚ ਮਨੁੱਖ ਦੇ ਸੁਭਾਅ, ਉਸਦੀ ਇੱਛਾ ਅਤੇ ਉਸਦੇ ਪਾਰੇ ਵਰਗੇ ਤਰਲ ਮਨ ਦੀ ਹਕੀਕਤ ਨੂੰ ਸੰਦੀਪ ਨੇ ਪਰਿਭਾਸ਼ਿਤ ਰੂਪ ਵਿਚ ਪੇਸ਼ ਕਰ ਦਿੱਤਾ ਹੈ। ਜਦੋਂ ਕੋਈ ਕਵੀ ਕਿਸੇ ਵਿਹਾਰ ਨੂੰ ਸੰਕਲਪਮਈ ਰੂਪ ਵਿਚ ਪੇਸ਼ ਕਰਦਾ ਹੈ ਤਾਂ ਉਥੋਂ ਹੀ ਉਸਦੇ ਫ਼ਲਸਫ਼ੀ ਮਨ ਦਾ ਗਿਆਨ ਹੋ ਜਾਂਦਾ ਹੈ। ਸੰਸਾਰੀ ਜੀਵਨ-ਵਿਹਾਰ ਦੇ ਸੰਕਲਪ ਦੀ ਕਾਵਿਕ ਪੇਸ਼ਕਾਰੀ ਵੇਖਣ ਨੂੰ ਬਹੁਤ ਹੀ ਸਰਲ ਸਪਸ਼ਟ ਪ੍ਰਤੀਤ ਹੁੰਦੀ ਹੈ ਪਰ ਵਿਹਾਰ ਵਿਚ ਇਹ ਐਨੀ ਸਰਲ ਨਹੀਂ ਹੁੰਦੀ ਬਲਕਿ ਜਟਿਲਤਾ ਦੇ ਰੁਖ ਵਿਚਰਦੀ ਹੈ।

ਇਸੇ ਤਰ੍ਹਾਂ "ਗੰਡੋਏ" ਨਾਮੀ ਕਵਿਤਾ ਵਿਚ ਬੰਦੇ ਦੇ ਅਸਲੀ ਵਿਹਾਰ ਦੀ ਪਰਖ ਕੀਤੀ ਗਈ ਹੈ ਕਿ ਕਿਵੇਂ ਮਨੁੱਖ ਖ਼ਤਰਨਾਕ ਸ਼ੈਆਂ ਤੋਂ ਡਰਦਾ ਹੈ ਅਤੇ ਮਾਸੂਮਾਂ ਨੂੰ ਮਿੱਧ ਕੇ ਅੱਗੇ ਜਾਂਦਾ ਹੈ, ਪਰ ਕਵਿੱਤਰੀ ਦੀ ਇੱਛਾ ਹੈ ਕਿ ਮਨੁੱਖ ਦੇ ਸੁਭਾਅ ਵਿਚ ਬਚਪਨ ਸਦਾ ਕਾਇਮ ਰਹਿਣਾ ਚਾਹੀਦਾ ਹੈ।

ਗੰਡੋਏ

ਬੱਚੇ ਗੰਡੋਇਆਂ ਨੂੰ/ਸੱਪ ਸਮਝ/ਡਰਦੇ ਮਾਰੇ/ਪੱਬ ਚੁੱਕ-ਚੁੱਕ ਤੁਰਦੇ/ਵੱਡੇ ਹੋਏ/ਪਤਾ ਲੱਗਾ/ਇਹਨਾਂ ਵਿਚ ਜ਼ਹਿਰ ਨਹੀ ਹੁੰਦੀ/ਤਾਂ / ਅਕਸਰ ਮਿੱਧ ਕੇ/ਲੰਘ ਜਾਂਦੇ/ਕਾਸ਼!/ਬੱਚਾ ਹੀ ਰਹਿੰਦਾ ਬੰਦਾ/ਸਾਰੀ ਉਮਰ/ਬਚੇ ਰਹਿੰਦੇ ਗੰਡੋਏ/ ਤੇ ਹੋਰ ਬਹੁਤ ਕੁਝ। (ਪੰਨਾ-13)

ਕੁਝ ਕਵਿਤਾਵਾਂ ਵਿਚ ਸੰਦੀਪ ਨੇ ਇਤਿਹਾਸਿਕ-ਮਿਥਿਹਾਸਕ ਕਹਾਣੀਆਂ-ਬਬਾਣੀਆਂ ਨੂੰ ਨਵੇਂ ਅਰਥਾਂ ਰਾਹੀਂ ਰੂਪਾਂਤਰਣ ਕਰਨ ਦਾ ਯਤਨ ਕੀਤਾ ਹੈ। ਇਥੋਂ ਵੀ ਮੈਨੂੰ ਉਹ ਸਰਲ ਸੁਭਾਅ ਦੀ ਕਵਿੱਤਰੀ ਨਹੀਂ ਪ੍ਰਤੀਤ ਹੋਈ। ਆਮ ਤੌਰ 'ਤੇ ਕਿੱਸਾਕਾਰ ਜਿਵੇਂ ਘਟਨਾ ਵਾਪਰਦੀ ਹੈ ਉਸ ਨੂੰ ਉਵੇਂ ਹੀ ਬਿਆਨ ਕਰ ਦਿੰਦੇ ਹਨ ਪਰ ਸੰਦੀਪ ਇਨ੍ਹਾਂ ਪਾਤਰਾਂ ਦੀ ਸਰਲ ਕਥਾ ਨੂੰ ਉਨ੍ਹਾਂ ਦੀ ਜਟਿਲਤਾ ਵਿਚ ਵੇਖਦੀ ਹੈ। ਜ਼ਿੰਦਗੀ ਸਰਲ ਨਹੀਂ ਹੈ, ਜਟਿਲਤਾ ਦਾ ਦੂਸਰਾ ਨਾਮ ਹੈ। ਕੁਝ ਕਵੀ ਅਜਿਹੇ ਵੀ ਹੁੰਦੇ ਹਨ ਜਿਹੜੇ ਜ਼ਿੰਦਗੀ ਨੂੰ ਸਰਲਤਾ ਦੇ ਰੁਖ ਵੇਖਦੇ ਹਨ, ਉਹ ਜ਼ਿੰਦਗੀ ਦੀ ਇੱਕ ਤੰਦ ਪਕੜ ਲੈਂਦੇ ਹਨ ਤੇ ਉਸ ਦੇ ਉੱਪਰ ਹੀ ਆਪਣਾ ਕਾਵਿ ਉਸਾਰ ਦਿੰਦੇ ਹਨ। ਪਰ ਸੰਦੀਪ ਜਟਿਲ ਪਸਾਰ ਦੇ ਰੁਖ਼ ਤੁਰਦੀ ਹੈ ਉਸਦੀ ਕਵਿਤਾ ਵਿਚ ਸਹਿਜੇ ਹੀ ਦਾਰਸ਼ਨਿਕਤਾ ਸ਼ਾਮਿਲ ਹੋ ਜਾਂਦੀ ਹੈ। ਜਿਵੇਂ ਗੌਤਮ ਦਾ ਘਰੋਂ ਤੁਰਨਾ ਤੇ ਨਿਰਵਾਣ ਪ੍ਰਾਪਤ ਕਰਨਾ। ਉਹ ਪ੍ਰਸ਼ਨ ਖੜ੍ਹੇ ਕਰਦੀ ਹੈ ਕਿ ਕੀ ਏਦਾਂ ਨਿਰਵਾਣ ਪ੍ਰਾਪਤ ਕਰਨਾ ਸੰਭਵ ਹੈ। ਇਹ ਕਵਿਤਾ ਪੜ੍ਹਨ ਯੋਗ ਹੈ ਜਿਵੇਂ:

ਗੌਤਮ

ਰਾਤ ਦੇ ਹਨ੍ਹੇਰੇ ਵਿਚ/ਮੇਰੇ ਮਨ ਮਸਤਕ ਵਿਚ ਗੌਤਮ/ਨਿਕਲ ਤੁਰਦਾ ਹੈ -ਗਯਾ ਵੱਲ / ਵੇਖਦਾ/ਗਯਾ /ਦੇ ਸਾਰੇ ਬਿਰਖ /ਸੁੱਤੇ ਪਏ ਨੇ / ਆਪਣੇ ਪੱਤਰਾਂ ਨੂੰ ਗਲ ਲਾ ਕੇ/ਬੋਧ ਬਿਰਖ ਵੀ / ਸੌਂ ਰਿਹਾ /ਜੀ ਰਿਹਾ ਹੈ/ਆਪਣਿਆਂ ਸੰਗ/ਆਪਣੀ ਮਿੱਟੀ /ਛੱਡ ਭੱਜਦਾ ਨਹੀਂ ਹੈ /ਨਿਰਵਾਣ ਵੱਲ/ ਸੋਚਦਿਆਂ-ਸੋਚਦਿਆਂ /ਅਚਾਨਕ/ਯਸ਼ੋਧਰਾ ਦਾ / ਖ਼ਿਆਲ ਆ ਜਾਂਦੈ/ਕੀ ਹੋਏਗਾ /ਜੇ ਉਹ ਵੀ /ਆ ਗਈ /ਮੁਕਤੀ ਲਈ /ਮੇਰੇ ਮਗਰ /ਕੀ ਕਰੇਗਾ / ਕੀ ਕਹੇਗਾ ਰਾਹੁਲ ਫੇਰ/ਕਦੇ ਮੁਕਤ ਨਹੀਂ ਕਰੇਗਾ ਸਾਨੂੰ/ਮੁਕਤੀ ਦੇ ਇਲਜ਼ਾਮ ਤੋਂ /ਕਾਹਲੇ ਕਦਮੀਂ ਪਰਤ ਜਾਂਦਾ ਹਾਂ /ਮਹਿਲਾਂ 'ਚ ਜਦ /ਤਾਂ ਸ਼ੁਕਰ ਕਰਦਾ ਹਾਂ ਵੇਖ ਕੇ /"ਯਸ਼ੋਧਰਾ ਅਜੇ ਜਾਗੀ ਨਹੀਂ ਹੈ" (ਪੰਨਾ-16)

ਸੰਦੀਪ ਨੇ ਮੁਕਤੀ ਦੇ ਨਵੇਂ ਅਰਥ ਪੇਸ਼ ਕੀਤੇ ਹਨ ਤੇ ਇਸ ਨਵੇਂ ਸੰਦਰਭ ਵਿਚ ਗੌਤਮ ਦੀ ਮੁਕਤੀ ਕਾਟੇ ਹੇਠ ਆ ਜਾਂਦੀ ਹੈ, ਦੂਸਰਾ ਇਹ ਮਰਦ ਲਈ ਹੀ ਸੰਭਵ ਹੈ ਕਿ ਉਹ ਮੁਕਤੀ ਲਈ, ਨਿਰਵਾਣ ਲਈ ਘਰੋਂ ਨਿਕਲ ਤੁਰਦਾ ਹੈ। ਇਹ ਮੁਕਤੀ ਅਤੇ ਨਿਰਵਾਣ ਯਸ਼ੋਧਰਾ ਭਾਵ ਨਾਰੀ ਦੇ ਹੱਥ ਨਹੀਂ ਆਉਂਦੀ ਕਿਉਂਕਿ ਉਸਨੂੰ ਸਮਾਜਕ-ਸਭਿਆਚਾਰਕ ਤੌਰ 'ਤੇ ਇਜਾਜ਼ਤ ਨਹੀਂ ਹੁੰਦੀ।

ਸੰਦੀਪ ਨਿੱਕੇ-ਨਿੱਕੇ ਵਰਤਾਰਿਆਂ ਰਾਹੀਂ ਜ਼ਿੰਦਗੀ ਨੂੰ ਸਮਝਣ ਦੀ ਕੋਸ਼ਿਸ਼ ਕਰਦੀ ਹੈ ਅਤੇ ਇਹ ਕੋਸ਼ਿਸ਼ ਸੰਵੇਦਨਾਮਈ ਹੈ। 'ਰੇਪ' ਨਾਂ ਦੀ ਕਵਿਤਾ ਵਿਚ ਵੀ ਉਸਨੇ ਨਾਰੀ ਵੇਦਨਾ ਦੇ ਸਿਧਾਂਤਕ ਪਹਿਲੂ ਨੂੰ ਸਾਹਮਣੇ ਲਿਆਂਦਾ ਹੈ ਕਿ ਸਾਡੀਆਂ ਮਾਵਾਂ ਅਤੇ ਬਾਪ-ਦਾਦੇ ਆਪਣੀਆਂ ਧੀਆਂ ਨੂੰ ਹੀ ਸਿੱਖਿਆ/ਵਰਜਨਾਵਾਂ ਵਿਚ ਬੰਨ੍ਹਦੇ ਰਹਿੰਦੇ ਹਨ ਪਰ ਉਹ ਆਪਣੇ ਪੁੱਤਰਾਂ ਨੂੰ ਕਦੇ ਵੀ ਜ਼ਿੰਦਗੀ ਦੇ ਅਸੂਲ ਨਹੀਂ ਸਮਝਾਉਂਦੇ ਤਾਂ ਹੀ ਨਾਰੀ ਦੇ ਜੀਵਨ ਵਿਚ 'ਰੇਪ' ਵਰਗੀਆਂ ਅਣਹੋਣੀਆਂ ਘਟਨਾਵਾਂ ਵਾਪਰਦੀਆਂ ਹਨ। ਸਿਸ਼ਟਾਚਾਰ, ਸਭਿਅਕਤਾ, ਜ਼ਿੰਦਗੀ ਦੇ ਅਸੂਲ ਕੇਵਲ ਨਾਰੀ ਨੂੰ ਹੀ ਨਹੀਂ ਮਰਦ ਨੂੰ ਵੀ ਸਿਖਾਏ ਜਾਣੇ ਚਾਹੀਦੇ ਹਨ ਤਾਂ ਹੀ ਜਾ ਕੇ ਕਿਤੇ ਸੁਖਾਵੇਂ ਸਮਾਜ ਦੀ ਸਥਾਪਨਾ ਹੋ ਸਕਦੀ ਹੈ। ਐਥੇ ਉਸਨੇ ਸਭਿਆਚਾਰਕ ਵਿਧੀ-ਵਿਧਾਨ ਦੇ ਸਨਮੁੱਖ ਸਾਰਥਕ ਪ੍ਰਸ਼ਨ ਖੜ੍ਹਾ ਕੀਤਾ ਹੈ। ਉਂਝ ਉਸਨੇ ਨਾਰੀ ਦੀ ਹਸਤੀ ਨੂੰ ਬਲਹੀਣ ਨਹੀਂ ਬਲਕਿ ਬਹੁਤ ਤਾਕਤਵਰ ਰੂਪ ਵਿਚ ਪੇਸ਼ ਕੀਤਾ ਹੈ:

ਟਿੱਡੀ ਹਾਂ/ਤੇਰੇ ਸਾਹਵੇਂ/ਨਿਗੂਣੀ ਹੈ ਹੋਂਦ ਮੇਰੀ /ਤਬਾਹੀ ਮਚਾ ਦੇਵਾਂਗੀ /ਜੇ ਦਲ ਵਿਚ ਸ਼ਾਮਿਲ ਹੋ ਗਈ (ਪੰਨਾ-67)

ਗਰਦ

ਮਿੱਟੀ ਹਾਂ ਭਾਵੇਂ ਮੈਂ/ਪਰ ਐਨੀ ਵੀ ਨਾ ਦਰੜ /ਕਿ ਗਰਦ ਬਣਕੇ /ਧੁੰਦਲੀ ਕਰ ਦੇਵਾਂ /ਤੇਰੇ ਤਾਜ ਦੀ ਚਮਕ ਨੂੰ (ਪੰਨਾ-62)

ਇਸ ਪੁਸਤਕ ਦੇ ਸਿਰਲੇਖ ਨਾਮੀ ਕਵਿਤਾ 'ਸਮੁੰਦਰ ਨੂੰ ਪੁੱਛੇ ਨਦੀ' ਵਿਚ ਮਰਦ ਨੂੰ ਉਸਦੀ ਹਸਤੀ ਦਾ ਅਹਿਸਾਸ ਕਰਵਾਇਆ ਗਿਆ ਹੈ। ਇਹ ਅਹਿਸਾਸ ਅਜਿਹਾ ਹੈ ਜੋ ਮਾਨਵੀ ਸਮਾਜ ਨੂੰ ਇਕ ਆਦਰਸ਼ ਪ੍ਰਦਾਨ ਕਰ ਸਕਦਾ ਹੈ। ਇਸ ਤੋਂ ਬਿਨਾਂ ਮਾਨਵ ਸਮਾਜ ਦੇ ਆਦਰਸ਼ ਦੀ ਕਲਪਨਾ ਕਰਨੀ ਸੰਭਵ ਨਹੀਂ ਇਸ ਲਈ ਵੀ ਉਸ ਨੇ ਬਿੰਬ ਸਿਰਜੇ ਹਨ, ਪ੍ਰਤੀਕ ਸਿਰਜੇ ਹਨ। ਨੀਰ ਨੂੰ ਉਸ ਨੇ ਮਨੁੱਖੀ ਹਸਤੀ ਦੇ ਮੂਲ ਦੇ ਪ੍ਰਤੀਕ ਵਜੋਂ ਪੇਸ਼ ਕੀਤਾ ਹੈ। ਮਰਦ ਤੇ ਔਰਤ ਅੰਦਰ ਸਾਂਝਾ ਤੱਤ ਨੀਰ ਹੈ, ਪਰ ਫਿਰ ਵੀ ਕਿਉਂ ਮਰਦ ਨਾਰੀ ਨੂੰ ਮਿਟਾਉਣ ਲਈ ਤਤਪਰ ਰਹਿੰਦਾ ਹੈ ਜਾਂ ਆਪਣੀ ਹਉਮੈ ਕਾਰਨ ਇਸ ਸਾਂਝ ਤੋਂ ਇਨਕਾਰੀ ਹੋ ਜਾਂਦਾ ਹੈ। ਜੇ ਮਨੁੱਖ ਇਸ ਤਰ੍ਹਾਂ ਹੀ ਆਪਣੀ ਹਉਮੈ ਨੂੰ ਬਰਕਰਾਰ ਰੱਖਦਾ ਰਹੇਗਾ ਤਾਂ ਇਹ ਵੱਖਰੇਵਾਂ ਕਿਤੇ ਖ਼ਤਮ ਹੋਣ ਵਾਲਾ ਨਹੀਂ, ਵਧਣ ਵਾਲਾ ਹੈ, ਅਜਿਹਾ ਅਹਿਸਾਸ ਕਰਾਉਣਾ ਵੀ ਸੰਦੀਪ ਦੇ ਹਿੱਸੇ ਆਇਆ ਹੈ।

ਇਸੇ ਤਰ੍ਹਾਂ ਉਸਦੀ ਇਕ ਹੋਰ ਕਵਿਤਾ 'ਰੇਤ ਦੇ ਘਰ' ਬਹੁਤ ਹੀ ਭਾਵਪੂਰਤ ਹੈ ਕਿ ਬਚਪਨ ਵਿਚ ਰੇਤ ਦੇ ਘਰ ਬਣਾਉਂਦਿਆਂ ਨਾਰੀ ਨੇ ਇਹ ਮਹਿਸੂਸ ਕੀਤਾ ਕਿ ਜੇ ਰੇਤ ਵਿਚੋਂ ਪੈਰ ਬਾਹਰ ਕੱਢੇਗੀ ਤਾਂ ਰੇਤ ਦਾ ਘਰ ਢਹਿ ਜਾਵੇਗਾ ਅਤੇ ਆਪਣਾ ਪੈਰ ਰੇਤ ਦੇ ਅੰਦਰ ਹੀ ਰੱਖਿਆ। ਇਸੇ ਹੀ ਅਹਿਸਾਸ ਨੂੰ ਉਸਨੇ ਘਰ ਨਾਲ ਜੋੜ ਕੇ ਪੇਸ਼ ਕੀਤਾ ਹੈ ਕਿ ਜੇ ਉਸਨੇ ਘਰ ਵਿਚੋਂ ਪੈਰ ਬਾਹਰ ਕੱਢਿਆ ਤਾਂ ਘਰ ਵਿਗਠਤ ਹੋ ਜਾਵੇਗਾ। ਉਹ ਲਿਖਦੀ ਹੈ:

ਬਚਪਨ ਵਿਚ /ਰੇਤ ਦੇ ਘਰ ਬਣਾਊਂਦੀ / ਕਿੰਨਾ-ਕਿੰਨਾ ਚਿਰ/ਅਡੋਲ ਬੈਠੀ/ਪੈਰ 'ਤੇ ਰੇਤ ਨੂੰ ਥਾਪੜਦੀ ਰਹਿੰਦੀ /ਜਦੋਂ ਹੀ ਰੇਤ ਥੱਲਿਓਂ /ਪੈਰ ਬਾਹਰ ਕੱਢਦੀ/ਤਾਂ ਪਲ ਵਿਚ ਘਰ ਢਹਿ ਜਾਂਦਾ/ ਹੁਣ ਵੀ ਬਿਨਾਂ ਪੈਰ ਬਾਹਰ ਕੱਢਿਆਂ/ਥਾਪੜਦੀ ਰਹਿੰਦੀ ਹਾਂ / ਪੈਰ 'ਤੇ ਟਿਕੀ ਘਰ ਦੀ ਛੱਤ ਨੂੰ/ਬਚਪਨ ਦੇ ਸਹਿਮ ਨੇ /ਪਿੱਛਾ ਨਹੀਂ ਛੱਡਿਆ ਅਜੇ (ਪੰਨਾ-96)

ਇਸ ਕਵਿਤਾ ਰਾਹੀਂ ਉਸਨੇ ਬਹੁਤ ਹੀ ਸਾਰਥਕ ਸੁਨੇਹਾ ਦੇਣ ਦਾ ਯਤਨ ਕੀਤਾ ਹੈ। ਬਹੁਤ ਹੀ ਸਰਲ ਬਿੰਬਾਂ ਰਾਹੀਂ ਜ਼ਿੰਦਗੀ ਦੇ ਵਡੇਰੇ ਅਰਥਾਂ ਨੂੰ ਰੂਪਮਾਨ ਕੀਤਾ ਹੈ। ਘਰ ਦਾ ਢਹਿਣਾ, ਪਰਿਵਾਰ ਦਾ ਟੁੱਟਣਾ ਅਤੇ ਰਿਸ਼ਤਿਆਂ ਦਾ ਬਦਲਣਾ ਅਸਾਨ ਨਹੀਂ ਹੈ, ਇਸ ਨਾਲ ਪਰਿਵਾਰ ਜੋ ਇੱਕ ਇਕਾਈ ਵਿਚ ਬੱਝਾ ਹੁੰਦਾ ਹੈ, ਉਸਦੇ ਖੇਰੂੰ-ਖੇਰੂੰ ਹੋ ਜਾਣ ਦੀ ਸੰਭਾਵਨਾ ਬਣ ਸਕਦੀ ਹੈ, ਇਹ ਸਮਾਜ ਲਈ ਇੱਕ ਉਸਾਰੂ ਸੋਚ ਦਾ ਵੇਰਵਾ ਹੈ।

ਕੁੱਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ 'ਸਮੁੰਦਰ ਨੂੰ ਪੁੱਛੇ ਨਦੀ' ਦੀ ਕਰਤਾ ਸੰਦੀਪ ਜਸਵਾਲ ਜ਼ਿੰਦਗੀ ਦੇ ਬਾਹਰੀ ਵਰਤਾਰਿਆਂ ਨੂੰ ਕੇਵਲ ਚਲਨ ਗਤੀ ਵਿਚ ਨਹੀਂ ਦੇਖਦੀ ਸਗੋਂ ਇਨ੍ਹਾਂ ਦੇ ਪਿਛੋਕੜ ਵਿਚ ਜੋ ਨੇਮ ਕਾਰਜਸ਼ੀਲ ਹਨ, ਉਨ੍ਹਾਂ ਨੂੰ ਸਮਝਣ, ਉਨ੍ਹਾਂ ਅਹਿਸਾਸਾਂ ਨੂੰ ਮਹਿਸੂਸਸਣ ਅਤੇ ਸੰਵੇਦਨਾਮਈ ਰੂਪ ਵਿਚ ਪੇਸ਼ ਕਰਕੇ, ਨਿਵੇਕਲੇ ਮੌਲਿਕ ਬਿੰਬ ਸਿਰਜ ਕੇ ਆਪਣੀ ਵਿਲੱਖਣ ਛਾਪ ਕਾਇਮ ਕਰ ਰਹੀ ਹੈ। ਮੈਂ ਤਾਕੀਦ ਕਰਦਾ ਹਾਂ ਕਿ ਉਹ ਆਪਣੀ ਕਾਵਿ-ਸਾਧਨਾ ਵਿਚ ਜੁਟੀ ਰਹੇ ਤਾਂ ਜੋ ਆਉਣ ਵਾਲੇ ਸਮੇਂ ਵਿਚ ਉਹ ਹੋਰ ਭਾਵਪੂਰਤ ਅਤੇ ਗਹਿਰਾਈ ਵਾਲੀਆਂ ਰਚਨਾਵਾਂ ਪੰਜਾਬੀ ਸਾਹਿਤ ਨੂੰ ਦੇ ਸਕੇ। ਸ਼ਾਇਰੀ ਦਾ ਇਹ ਰੰਗ ਉਸ ਪਾਸ ਸਰਸਵਤੀ ਦੇ ਰੂਪ ਵਿਚ ਸਾਹਮਣੇ ਆਇਆ ਹੈ। ਪੰਜਾਬੀ ਦੀ ਦਾਰਸ਼ਨਿਕ ਕਵਿਤਾ ਜੋ ਆਧੁਨਿਕ ਸਮਿਆਂ ਵਿਚ ਡਾਕਟਰ ਹਰਿਭਜਨ ਸਿੰਘ, ਡਾਕਟਰ ਜਸਵੰਤ ਸਿੰਘ ਨੇਕੀ, ਸੁਰਜੀਤ ਪਾਤਰ ਆਦਿ ਕਵੀਆਂ ਤੋਂ ਆਰੰਭ ਹੋਈ ਸੀ ਉਸੇ ਹੀ ਕਤਾਰ ਵਿਚ ਸੰਦੀਪ ਜਸਵਾਲ ਨੂੰ ਸ਼ੁਮਾਰ ਕੀਤਾ ਜਾ ਸਕਦਾ ਹੈ। ਮੈਂ ਉਸ ਨੂੰ ਬਹੁਤ ਬਹੁਤ ਮੁਬਾਰਕ ਦਿੰਦਾ ਹੋਇਆ ਇਸ ਕਾਵਿ-ਕਿਰਤ ਦਾ ਸਵਾਗਤ ਕਰਦਾ ਹਾਂ ਅਤੇ ਪਾਠਕਾਂ ਨੂੰ ਇਹ ਪੁਸਤਕ ਪੜ੍ਹਨ ਦੀ ਅਰਜੋਈ ਕਰਦਾ ਹਾਂ।

# ਬਾਸਕਟਬਾਲ ਦਾ ਜਾਦੂਗਰ ਮੈਜਿਕ ਜੌਹਨਸਨ

ਵਿਸ਼ਵ ਦੇ ਮਹਾਨ ਖਿਡਾਰੀ



ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਜੌਹਨਸਨ ਨੂੰ ਉਹਦੀ ਜਾਦੂਮਈ ਖੇਡ ਸਦਕਾ ਮੈਜਿਕ ਜੌਹਨਸਨ ਕਿਹਾ ਜਾਂਦੈ। ਉਹ ਹੈ ਹੀ ਬਾਸਕਟਬਾਲ ਦੀ ਖੇਡ ਦਾ ਜਾਦੂਗਰ। ਇਹ ਖ਼ਿਤਾਬ ਉਸ ਨੂੰ 15 ਸਾਲ ਦੀ ਉਮਰ 'ਚ ਮਿਲ ਗਿਆ ਸੀ। ਬਾਲ ਦੀਆਂ ਬੱਚੀਆਂ ਪੁਆਉਂਦਾ ਉਹ ਅਜਿਹੀਆਂ ਝਕਾਨੀਆਂ ਦਿੰਦਾ ਕਿ ਦੇਖਣ ਵਾਲੇ ਦੰਗ ਰਹਿ ਜਾਂਦੇ! ਉਹਦੀਆਂ ਵਧੇਰੇ ਬਾਸਕਟਾਂ ਤਿੰਨ ਅੰਕੀ ਹੁੰਦੀਆਂ। ਆਪਣੇ ਖੇਡ ਕੈਰੀਅਰ ਦੌਰਾਨ ਉਸ ਨੇ ਹਜ਼ਾਰਾਂ ਅੰਕ ਬਣਾਏ। ਉਹਦਾ ਪੂਰਾ ਨਾਂ ਈਅਰਵਿਨ ਜੌਨ੍ਹਸਨ ਜੂਨੀਅਰ ਹੈ। ਦੁਨੀਆ ਦੇ ਸਟਾਰ ਬਾਸਕਟਬਾਲ ਖਿਡਾਰੀਆਂ 'ਚ ਉਹ ਆਪਣੀ ਵੱਖਰੀ ਪਛਾਣ ਰੱਖਦਾ ਹੈ। ਉਸ ਨੇ ਖਿਡਾਰੀ ਹੋਣ ਕਰਕੇ ਹੀ ਨਹੀਂ ਬਲਕਿ ਬਹੁਪੱਖੀ ਸ਼ਖ਼ਸੀਅਤ ਹੋਣ ਪੱਖੋਂ ਵੀ ਬੜੇ ਮਾਣ-ਸਨਮਾਨ ਹਾਸਲ ਕੀਤੇ।

ਆਪਣੇ 20 ਸਾਲ ਦੇ ਖੇਡ ਕੈਰੀਅਰ ਦੌਰਾਨ ਉਸ ਨੇ 14 ਵੱਡੀਆਂ ਚੈਂਪੀਅਨਸ਼ਿਪਾਂ ਜਿੱਤੀਆਂ। ਇਕ ਚੈਂਪੀਅਨਸ਼ਿਪ ਕਾਲਜ ਪੜ੍ਹਦਿਆਂ, 5 ਐੱਨ.ਬੀ.ਏ. ਦੀਆਂ ਤੇ 8 ਆਪਣੀ ਵੱਖਰੀ ਟੀਮ ਬਣਾ ਕੇ ਜਿੱਤੀਆਂ। ਕਈ ਨਵੇਂ ਰਿਕਾਰਡ ਰੱਖੇ। ਉਸ ਨੇ ਐੱਨਬੀਏ ਦੇ 12 ਸੀਜ਼ਨ ਖੇਡੇ, ਜਿਨ੍ਹਾਂ 'ਚ 9 ਵਾਰ ਫਾਈਨਲ ਵਿਚ ਪੁੱਜਾ ਤੇ 5 ਵਾਰ ਚੈਂਪੀਅਨਸ਼ਿਪ ਜਿੱਤੀ। 3 ਵਾਰ ਐੱਮਬੀਏ ਦਾ ਐੱਮ.ਵੀ.ਪੀ. ਯਾਨੀ ਮੋਸਟ ਵੈਲਿਊਏਬਲ ਪਲੇਅਰ ਐਲਾਨਿਆ ਗਿਆ। ਉਹਦੀ ਹਾਜ਼ਰੀ ਖੇਡ ਮੈਦਾਨ 'ਚ ਹੀ ਨਹੀਂ, ਜੀਵਨ ਦੇ ਹਰ ਖੇਤਰ ਵਿਚ ਦਿਸਦੀ ਹੈ। ਉਹ ਵਿਸ਼ਵ ਦਾ ਵੀ.ਆਈ.ਪੀ. ਹੈ ਜਿਸ ਦੀ ਅਮਰੀਕਾ ਦੇ ਪ੍ਰਧਾਨ ਤੇ ਹੋਰਨਾਂ ਦੇਸ਼ਾਂ ਦੇ ਹਾਕਮ ਵੀ ਕਦਰ ਕਰਦੇ ਹਨ। ਏਡਜ਼ ਦੇ ਮਰੀਜ਼ਾਂ ਲਈ ਉਹ ਹੌਂਸਲੇ ਤੇ ਪ੍ਰੇਰਨਾ ਦਾ ਸੋਮਾ ਹੈ। ਉਹਦਾ ਨਾਂ ਅਨੇਕਾਂ ਸ਼ਹਿਰਾਂ ਦੇ 'ਹਾਲ ਆਫ਼ ਆਨਰ' ਵਿਚ ਉਕਰਿਆ ਗਿਆ। ਉਹ ਅਜੇ ਵੀ ਪੂਰਾ ਸਰਗਰਮ ਹੈ ਅਤੇ ਵੱਡੀ ਪੱਧਰ 'ਤੇ ਕਈ ਤਰ੍ਹਾਂ ਦੇ ਬਿਜ਼ਨਸ ਚਲਾ ਰਿਹੈ। ਉਹਦਾ ਜਨਮ 14 ਅਗਸਤ 1959 ਨੂੰ ਲੈਂਸਿੰਗ ਵਿਖੇ ਮਿਸ਼ੀਗਨ ਸਟੇਟ 'ਚ ਹੋਇਆ। ਉਸ ਦੇ ਬਾਪ ਈਅਰਵਿਨ ਸੀਨੀਅਰ ਤੇ ਮਾਂ ਕ੍ਰਿਸਟਾਈਨ ਜੌਹਨਸਨ ਦੇ 6 ਬੱਚੇ ਸਨ। ਬਾਪ ਦੇ ਤਿੰਨ ਬੱਚੇ ਪਹਿਲੀ ਪਤਨੀ ਦੇ ਵੀ ਸਨ। ਉਨ੍ਹਾਂ ਦਾ ਵੱਡਾ ਪਰਿਵਾਰ ਮੱਧ ਵਰਗੀ ਸੀ। ਬਾਪ ਮੋਟਰਜ਼ ਅਸੈਂਬਲੀ ਦੇ ਕਾਰੋਬਾਰ ਦਾ ਆਟੋ ਕਰਮਚਾਰੀ ਸੀ ਤੇ ਮਾਂ ਸਕੂਲ ਦੀ ਸੇਵਾਦਾਰ। ਵੱਡੇ ਪਰਿਵਾਰ ਨੂੰ ਪਾਲਣ ਲਈ ਮਾਂ ਬਾਪ ਨੂੰ ਸਖ਼ਤ ਮਿਹਨਤ ਕਰਨੀ ਪੈਂਦੀ ਸੀ। ਮਾਂ ਸਕੂਲੋਂ ਪਰਤ ਕੇ ਘਰ ਦੀ ਸਾਫ ਸਫਾਈ, ਬੱਚਿਆਂ ਦੀ ਦੇਖ ਭਾਲ ਤੇ ਟੱਬਰ ਦੇ ਜੀਆਂ ਦਾ ਖਾਣਾ ਤਿਆਰ ਕਰਦੀ। ਬਾਪ ਕਾਰਾਂ ਦੀ ਮੁਰੰਮਤ ਤੇ ਕਾਰਖਾਨੇ ਦੀ ਪਹਿਰੇਦਾਰੀ ਕਰ ਕੇ ਘਰ ਮੁੜਦਾ ਤੇ ਤੜਕੇ ਫਿਰ ਕੰਮ 'ਤੇ ਨਿਕਲ ਜਾਂਦਾ। ਮਾਪਿਆਂ ਦੀ ਸਖ਼ਤ ਮਿਹਨਤ ਦਾ ਪ੍ਰਭਾਵ ਬਾਲਕ ਜੌਹਨਸਨ 'ਤੇ ਵੀ ਪਿਆ ਤੇ ਉਹ ਬਚਪਨ ਤੋਂ ਹੀ ਮਿਹਨਤੀ ਬਣ ਗਿਆ। ਉਹ ਵੀ ਕਦੇ ਕਦੇ ਮਾਂ ਬਾਪ ਨਾਲ ਕੰਮ 'ਚ ਹੱਥ ਵਟਾਉਂਦਾ। ਜਦ ਉਹ ਬਾਪ ਨਾਲ ਕੂੜੇ ਕਚਰੇ ਦੀ ਸਾਫ ਸਫਾਈ ਕਰਾਉਂਦਾ ਤਾਂ ਉਹਦੇ ਬਚਪਨ ਦੇ ਸਾਥੀ ਉਸ ਨੂੰ ਛੇੜਦੇ। ਮਾਂ ਐਤਵਾਰ ਨੂੰ ਬੱਚਿਆਂ ਨੂੰ ਚਰਚ ਲੈ ਜਾਂਦੀ।

ਉਦੋਂ ਕਿਸੇ ਦੇ ਖ਼ਾਬ ਖ਼ਿਆਲ ਵਿਚ ਵੀ ਨਹੀਂ ਹੋਣਾ ਕਿ ਇਹ ਸਾਧਾਰਨ ਬੱਚਾ ਵੱਡਾ ਹੋ ਕੇ ਬਾਸਕਟਬਾਲ ਦੀ ਖੇਡ ਦਾ ਐਸਾ ਸਟਾਰ ਬਣੇਗਾ ਜਿਸ ਦੀ ਕਮਾਈ ਬਿਲੀਅਨ ਡਾਲਰਾਂ ਤਕ ਪੁੱਜ ਜਾਵੇਗੀ। ਉਹਦਾ ਬਾਪ ਆਪ ਬਾਸਕਟਬਾਲ ਦਾ ਖਿਡਾਰੀ ਸੀ ਜੋ ਹਾਈ ਸਕੂਲ ਮਿੱਸੀਸਿੱਪੀ ਵਿਚ ਬਾਸਕਟਬਾਲ ਖੇਡਦਾ ਰਿਹਾ ਸੀ। ਉਸ ਦੀ ਮਾਂ ਨਾਰਥ ਕੈਰੋਲੀਨਾ ਤੋਂ ਸੀ। ਉਹ ਵੀ ਬਚਪਨ ਵਿਚ ਬਾਸਕਟਬਾਲ ਖੇਡਦੀ ਰਹੀ ਸੀ। ਉਸ ਦੇ ਮਾਮੇ ਵੀ ਬਾਸਕਟਬਾਲ ਦੇ ਖਿਡਾਰੀ ਸਨ। ਇੰਜ ਬਾਸਕਟਬਾਲ ਦੀ ਖੇਡ ਜੌਨ੍ਹਸਨ ਜੂਨੀਅਰ ਦੇ ਲਹੂ ਵਿਚ ਸਮਾਈ ਹੋਈ ਸੀ। ਟੀਵੀ ਤੋਂ ਮੈਚ ਵੇਖਦਿਆਂ ਉਹ ਬਿੱਲ ਰੱਸਲ, ਅਰਲ ਮੋਨਰੋ ਤੇ ਮਾਰਕੁਏਜ਼ ਹੇਨਜ਼ ਵਰਗੇ ਖਿਡਾਰੀਆਂ ਦੀ ਖੇਡ ਦਾ ਮੁਰੀਦ ਬਣ ਗਿਆ। ਉਨ੍ਹਾਂ ਵਰਗਾ ਬਣਨ ਲਈ ਉਹ ਸਕੂਲੇ ਪੜ੍ਹਦਿਆਂ ਵਧੇਰੇ ਸਮਾਂ ਬਾਸਕਟਬਾਲ ਹੀ ਖੇਡਦਾ ਰਹਿੰਦਾ।

ਜਦੋਂ ਉਹ ਅੱਠਵੇਂ ਗਰੇਡ 'ਚ ਹੋਇਆ ਤਾਂ ਉਸ ਨੂੰ ਆਪਣਾ ਭਵਿੱਖ ਬਾਸਕਟਬਾਲ ਦੀ ਖੇਡ ਵਿਚ ਵਿਖਾਈ ਦੇਣ ਲੱਗਾ। ਉਹ ਆਪਣੇ ਹਾਣੀਆਂ 'ਚ ਸਭ ਤੋਂ ਤਕੜਾ ਖਿਡਾਰੀ ਸੀ। ਇਕ ਸਕੂਲੀ ਮੈਚ ਵਿਚ ਉਸ ਨੇ 48 ਅੰਕ ਲੈ ਕੇ ਕਮਾਲ ਹੀ ਕਰ ਦਿੱਤੀ। ਉਦੋਂ ਸੈਕਸਟਨ ਹਾਈ ਸਕੂਲ ਦੀ ਬਾਸਕਟਬਾਲ ਟੀਮ ਬਹੁਤ ਤਕੜੀ ਹੁੰਦੀ ਸੀ। ਉਸ ਨੇ ਜੌਨ੍ਹਸਨ ਜੂਨੀਅਰ ਨੂੰ ਆਪਣੀ ਟੀਮ ਵਿਚ ਪਾ ਲਿਆ। ਉਹ ਸਕੂਲ ਸੀ ਵੀ ਉਹਦੇ ਘਰ ਦੇ ਨੇੜੇ। ਫਿਰ ਉਹ ਐਵਰਟ ਹਾਈ ਸਕੂਲ ਦੀ ਟੀਮ ਵਿਚ ਚਲਾ ਗਿਆ ਜਿਥੇ ਬਾਸਕਟਬਾਲ ਦਾ ਕੋਚ ਬੜੀ ਵਧੀਆ ਕੋਚਿੰਗ ਦਿੰਦਾ ਸੀ। ਉਥੇ ਉਸ ਦੀ ਖੇਡ ਹੋਰ ਵੀ ਨਿੱਖਰ ਗਈ। ਉਸ ਨੂੰ ਖੇਡ ਟੂਰ ਲਾਉਣ ਦੇ ਵੀ ਵਧੇਰੇ ਮੌਕੇ ਮਿਲਣ ਲੱਗੇ।

ਇੰਟਰ ਸਕੂਲਾਂ ਦੇ ਇਕ ਹੋਰ ਮੈਚ ਵਿਚ ਉਸ ਨੇ 36 ਅੰਕ ਹਾਸਲ ਕੀਤੇ ਤਾਂ ਖੇਡ ਲੇਖਕ ਫਰੈੱਡ ਸਟੈਬਲੇ ਨੇ ਉਸ ਦੀ ਖੇਡ ਨੂੰ ਬੜਾ ਵਡਿਆਇਆ। ਅਖ਼ਬਾਰਾਂ ਵਿਚ ਉਹਦੀ ਚੰਗੀ ਚਰਚਾ ਹੋਈ। 15 ਸਾਲ ਦੀ ਉਮਰ 'ਚ ਹੀ ਉਸ ਨੂੰ 'ਮੈਜਿਕ' ਜੌਨ੍ਹਸਨ ਕਿਹਾ ਜਾਣ ਲੱਗਾ। ਉਸ ਨੇ ਐਵਰਟ ਸਕੂਲ ਦੀ ਅਗਵਾਈ ਕੀਤੀ ਤੇ ਸਟੇਟ ਪੱਧਰ 'ਤੇ ਜਿੱਤ ਦਿਲਵਾਈ। ਉਥੇ ਉਹ ਸਟੇਟ ਦੇ ਸਕੂਲਾਂ ਦਾ ਸਰਬੋਤਮ ਖਿਡਾਰੀ ਸਿੱਧ ਹੋਇਆ। 1977 'ਚ ਕੈਪੀਟਲ ਕਲਾਸਿਕ ਟੂਰਨਾਮੈਂਟ ਖੇਡਣ ਲਈ ਉਸ ਨੂੰ ਮੈਕਡਾਨਲਡ ਆਲ ਅਮਰੀਕਨ ਟੀਮ ਦਾ ਮੈਂਬਰ ਬਣਾਇਆ ਗਿਆ। ਇੰਜ ਉਹ ਮਿਸ਼ੀਗਨ ਦੇ ਹਾਈ ਸਕੂਲਾਂ ਦਾ ਸਭ ਤੋਂ ਹੋਣਹਾਰ ਖਿਡਾਰੀ ਸਮਝਿਆ ਗਿਆ।

ਉਸ ਦੀ ਖੇਡ 'ਚ ਵੱਡਾ ਸੁਧਾਰ ਉਦੋਂ ਹੋਇਆ ਜਦੋਂ ਉਹ ਮਿਸ਼ੀਗਨ ਸਟੇਟ ਯੂਨੀਵਰਸਿਟੀ ਵਿਚ ਦਾਖ਼ਲ ਹੋਇਆ। ਉਸ ਨੇ ਯੂਨੀਵਰਸਿਟੀ ਦੀ ਟੀਮ ਵਿਚ ਸਰਬੋਤਮ ਸਥਾਨ ਹਾਸਲ ਕੀਤਾ। 1979 ਵਿਚ ਉਸ ਨੇ ਟੀਮ ਨੂੰ ਐਨਸੀਏਏ ਬਾਸਕਟਬਾਲ ਟੂਰਨਾਮੈਂਟ ਜਿਤਵਾਇਆ। ਫਾਈਨਲ ਵਿਚ ਮਿਸ਼ੀਗਨ ਸਟੇਟ ਦੀ ਟੀਮ ਇੰਡੀਆਨਾ ਦੇ ਲੈਰੀ ਬਾਰਡ ਦੀ ਅਗਵਾਈ ਵਾਲੀ ਇੰਡੀਆਨਾ ਸਟੇਟ ਦੀ ਟੀਮ ਨੂੰ ਹਰਾ ਕੇ ਮੈਚ ਜਿੱਤੀ। ਉਹ ਮੈਚ ਬਾਸਕਟਬਾਲ ਪ੍ਰੇਮੀਆਂ ਨੇ ਐੱਨਬੀਏ ਦੇ ਫਾਈਨਲ ਮੈਚ ਵਾਂਗ ਹੀ ਟੀਵੀ ਤੋਂ ਵੱਡੀ ਗਿਣਤੀ ਵਿਚ ਵੇਖਿਆ। ਇਹ ਮੈਚ ਮੈਜਿਕ ਜੌਨ੍ਹਸਨ ਤੇ ਲੈਰੀ ਬਾਰਡ ਦਰਮਿਆਨ ਸ਼ੁਰੂ ਹੋਈ ਗਹਿਗੱਚ ਮੁਕਾਬਲਿਆਂ ਦੀ ਸ਼ੁਰੂਆਤ ਸੀ ਜੋ ਅਗਲੇ ਕਈ ਸਾਲ ਐੱਨਬੀਏ ਦੀਆਂ ਚੈਂਪੀਅਨਸ਼ਿਪਾਂ ਵਿਚ ਵੀ ਜਾਰੀ ਰਹੀ। ਦੋਵੇਂ ਸਟਾਰ ਖਿਡਾਰੀ ਦੇਰ ਤਕ ਬਾਸਕਟਬਾਲ ਦੇ ਅੰਬਰ 'ਤੇ ਛਾਏ ਰਹੇ।

ਮਿਸ਼ੀਗਨ ਸਟੇਟ 'ਚ ਝੰਡੇ ਗੱਡਣ ਪਿੱਛੋਂ 1979 ਵਿਚ ਮੈਜਿਕ ਜੌਹਨਸਨ ਨੇ ਐੱਮਬੀਏ ਡਰਾਫਟ 'ਚ ਦਾਖਲਾ ਲਿਆ। ਉਥੇ ਉਸ ਨੂੰ ਲਾਸ ਏਂਜਲਸ ਲੇਕਰਜ਼ ਨੇ ਆਪਣੀ ਟੀਮ ਵਿਚ ਚੁਣ ਲਿਆ ਜੋ ਉਸ ਦੀ ਵੱਡੀ ਪ੍ਰਾਪਤੀ ਸੀ। ਅਜੇ ਉਹ ਵੀਹਵੇਂ ਸਾਲ 'ਚ ਸੀ ਕਿ ਨਾਮਵਰ ਕਲੱਬ ਲਾਸ ਏਂਜਲਸ ਲੇਕਰਜ਼ ਵੱਲੋਂ ਐੱਨਬੀਏ ਚੈਂਪੀਅਨਸ਼ਿਪ ਖੇਡਣ ਲੱਗਾ। ਉਸ ਦੀ ਸ਼ੁਰੂਆਤ ਏਨੀ ਕਮਾਲ ਦੀ ਹੋਈ ਕਿ ਉਸ ਨੇ ਆਪਣੇ ਪਹਿਲੇ ਸੀਜ਼ਨ ਵਿਚ ਹੀ ਲੇਕਰਜ਼ ਨੂੰ ਫਾਈਨਲ ਵਿਚ ਪੁਚਾ ਦਿੱਤਾ। 1980 'ਚ ਆਪਣੇ ਡੈਬਿਊ ਸੀਜ਼ਨ ਦੌਰਾਨ, ਸੈਂਟਰ ਫਾਰਵਰਡ ਖੇਡਦੇ ਹੋਏ 42 ਅੰਕ ਹਾਸਲ ਕੀਤੇ ਜਿਨ੍ਹਾਂ ਨਾਲ ਚੈਂਪੀਅਨਸ਼ਿਪ ਜਿੱਤੀ ਗਈ। ਇਸ



ਜਿੱਤ ਨੇ ਮੈਜਿਕ ਜੌਹਨਸਨ ਨੂੰ ਬਾਸਕਟਬਾਲ ਦੇ ਨਵੇਂ ਸਿਤਾਰੇ ਵਜੋਂ ਚਮਕਾਇਆ। ਨਾ ਸਿਰਫ਼ ਚਮਕਾਇਆ ਬਲਕਿ ਧਰੂ ਤਾਰੇ ਵਾਂਗ ਸਥਾਪਿਤ ਕਰ ਦਿੱਤਾ। ਬਾਸਕਟਬਾਲ ਦਾ ਅਗਲਾ ਸਮਾਂ ਹੁਣ ਉਹਦਾ ਸੀ ਜੋ ਸੱਚਮੁੱਚ ਉਹਦਾ ਹੀ ਸਾਬਤ ਹੋਇਆ।

1980 ਦੇ ਦਹਾਕੇ ਨੂੰ 'ਸ਼ੋਅਟਾਈਮ ਲੇਕਰਜ਼' ਦੇ ਯੁੱਗ ਵਜੋਂ ਜਾਣਿਆਂ ਜਾਂਦਾ ਹੈ ਜਿਸ ਦੀ ਅਗਵਾਈ ਮੈਜਿਕ ਜੌਹਨਸਨ ਕਰ ਰਿਹਾ ਸੀ। ਮੈਜਿਕ ਦੇ ਖੇਡਣ ਦਾ ਅੰਦਾਜ਼ ਬੜਾ ਦਿਲਕਸ਼ ਸੀ। ਉਹ ਆਪਣੀ ਖ਼ਾਸ ਅਦਾ ਨਾਲ ਦਰਸ਼ਕਾਂ ਦਾ ਮਨੋਰੰਜਨ ਕਰਦਾ। ਉਸ ਦੀ ਲੰਮੇ ਪਾਸਾਂ ਤੇ ਤੇਜ਼ ਦੌੜ ਵਾਲੀ ਖੇਡ ਸ਼ੈਲੀ ਨੇ ਲਾਸ ਏਂਜਲਸ ਲੇਕਰਜ਼ ਨੂੰ ਅਜੇਤੂ ਟੀਮ ਬਣਾ ਦਿੱਤਾ। ਉਸ ਤੋਂ ਪਹਿਲਾਂ ਵੀ ਟੀਮ ਦੇ ਕੋਚ ਪੈਟ ਰਾਇਲੀ ਦੀ ਕੋਚਿੰਗ ਨੇ ਲੇਕਰਜ਼ ਨੂੰ ਪੂਰੀ ਦਮਦਾਰ ਟੀਮ ਬਣਾਇਆ ਹੋਇਆ ਸੀ।

1980-88 ਦਰਮਿਆਨ ਮੈਜਿਕ ਜੌਹਨਸਨ ਦੀ ਅਗਵਾਈ ਵਿਚ ਲੇਕਰਜ਼ ਨੇ ਪੰਜ ਵਾਰ ਐੱਨਬੀਏ ਦੀਆਂ ਚੈਂਪੀਅਨਸ਼ਿਪਾਂ ਜਿੱਤੀਆਂ। ਮੈਜਿਕ ਦੀ ਸੰਤੁਲਤ ਖੇਡ ਤੇ ਲੀਡਰਸ਼ਿਪ ਦੇ ਗੁਣਾਂ ਨੇ ਉਸ ਨੂੰ ਹੋਰ ਵੀ ਹਰਮਨ ਪਿਆਰਾ ਖਿਡਾਰੀ ਬਣਾ ਦਿੱਤਾ ਸੀ। ਉਸ ਨੇ ਵਾਰ-ਵਾਰ ਸਾਬਤ ਕੀਤਾ ਕਿ ਉਹਦੀ ਖੇਡ ਕੇਵਲ ਸਕੋਰ ਹਾਸਲ ਕਰਨ ਤਕ ਹੀ ਸੀਮਤ ਨਹੀਂ ਬਲਕਿ ਪਾਸਿੰਗ, ਅਸਿਸਟਿੰਗ ਤੇ ਟੀਮ ਦੀ ਕਮਾਂਡ ਕਰਨ 'ਚ ਵੀ ਉਸ ਦਾ ਕੋਈ ਸਾਨੀ ਨਹੀਂ। ਉਹ ਅਜਿਹਾ ਖਿਡਾਰੀ ਸੀ ਜੋ ਪੁਆਇੰਟ ਗਾਰਡ ਤੋਂ ਲੈ ਕੇ ਕਿਸੇ ਵੀ ਸਥਾਨ 'ਤੇ ਖੇਡ ਸਕਦਾ ਸੀ।

ਜਿਵੇਂ ਹਰੇਕ ਖੇਡ ਹੀ ਕੁਝ ਖ਼ਾਸ ਖਿਡਾਰੀਆਂ ਦੇ ਨਾਵਾਂ ਕਰਕੇ ਵਧੇਰੇ ਦਰਸ਼ਕਾਂ ਵੱਲੋਂ ਵੇਖੀ ਜਾਂਦੀ ਹੈ ਉਵੇਂ ਸਾਂਵਲੇ ਰੰਗ ਦੇ ਮੈਜਿਕ ਜੌਨ੍ਹਸਨ ਤੇ ਗੋਰੇ ਰੰਗ ਦੇ ਲੈਰੀ ਬਾਰਡ ਦੇ ਮੁਕਾਬਲਿਆਂ ਸਮੇਂ ਵੇਖੀ ਜਾਂਦੀ ਸੀ। 1980ਵੇਂ ਦੇ ਦਹਾਕੇ 'ਚ ਲੇਕਰਜ਼ ਕਲੱਬ ਵੱਲੋਂ ਮੈਜਿਕ ਜੌਹਨਸਨ ਤੇ ਬੋਸਟਨ ਸੈਲਟਿਕਸ ਕਲੱਬ ਵੱਲੋਂ ਲੈਰੀ ਬਾਰਡ ਦੀ ਖੇਡ ਨੇ ਦਰਸ਼ਕਾਂ ਨੂੰ ਧੂਹ ਪਾਈ ਰੱਖੀ। 1984, 85 ਤੇ 87 'ਚ ਐੱਨਬੀਏ ਦੇ ਜੋ ਫਾਈਨਲ ਮੁਕਾਬਲੇ ਹੋਏ ਉਹ ਬਾਸਕਟਬਾਲ ਦੇ ਇਤਿਹਾਸ ਵਿਚ ਸਭ ਤੋਂ ਯਾਦਗਾਰੀ ਗਿਣੇ ਜਾਂਦੇ ਹਨ।

ਮੈਜਿਕ ਜੌਹਨਸਨ ਦਾ ਕੱਦ 6 ਫੁੱਟ 9 ਇੰਚ ਹੈ ਤੇ ਖਿਡਾਰੀ ਹੋਣ ਵੇਲੇ ਸਰੀਰਕ ਵਜ਼ਨ 100 ਕਿਲੋ ਸੀ। ਉਸ ਦੀ ਜਰਸੀ ਦਾ ਨੰਬਰ 32 ਸੀ ਤੇ ਪੁਜ਼ੀਸ਼ਨ ਪੁਆਇੰਟ ਗਾਰਡ। ਉਸ ਦੇ ਖੇਡ ਕੈਰੀਅਰ ਨੂੰ ਤਿੰਨ ਭਾਗਾਂ 'ਚ ਵੰਡਿਆ ਜਾ ਸਕਦਾ ਹੈ। 1979-91 ਤੇ 1996 ਲਾਸ ਏਂਜਲਸ ਲੇਕਰਜ਼ ਵੱਲੋਂ ਅਤੇ 1999-2000 ਮੈਜਿਕ ਗ੍ਰੇਟ ਡੇਨਸ ਵੱਲੋਂ। 1994 'ਚ ਉਹ ਲਾਸ ਏਂਜਲਸ ਲੇਕਰਜ਼ ਦਾ ਕੋਚ ਵੀ ਰਿਹਾ। 12 ਵਾਰ ਉਹ ਐੱਨਬੀਏ ਦੀ ਆਲ ਸਟਾਰ ਟੀਮ ਦਾ ਖਿਡਾਰੀ ਐਲਾਨਿਆ ਜਾਂਦਾ ਰਿਹਾ। 2 ਵਾਰ 1990 ਤੇ 1992 'ਚ ਆਲ ਸਟਾਰ ਗੇਮ ਦਾ ਐੱਮਵੀਪੀ ਖਿਡਾਰੀ ਬਣਿਆ। ਉਸ ਨੇ 17707 ਪੁਆਇੰਟ ਲਏ, 6559 ਰੀਬਾਊਂਡ ਤੇ 10141 ਅੰਕ ਅਸਿਸਟ ਕੀਤੇ। ਉਹ ਬਾਸਕਟਬਾਲ ਦਾ ਹਾਲ ਆਫ ਫੇਮ ਖਿਡਾਰੀ ਬਣਿਆ। ਉਸ ਨੇ ਅਮਰੀਕਾ ਦੀ ਨੁਮਾਇੰਦਗੀ ਕਰਦਿਆਂ ਅਨੇਕ ਮੈਡਲ ਜਿੱਤੇ ਜਿਨ੍ਹਾਂ 'ਚ ਬਾਰਸੀਲੋਨਾ-1992 ਦੀਆਂ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਵੀ ਸ਼ਾਮਲ ਹੈ। ਅਮਰੀਕਾ ਦੀ ਉਸ ਟੀਮ ਨੂੰ 'ਡਰੀਮ ਟੀਮ' ਦਾ ਨਾਮ ਦਿੱਤਾ ਗਿਆ ਸੀ।

ਜਦੋਂ ਜੌਹਨਸਨ ਦੀ ਗੁੱਡੀ ਅਸਮਾਨ 'ਤੇ ਪੂਰੀ ਚੜ੍ਹੀ ਹੋਈ ਸੀ ਤਾਂ ਅਚਾਨਕ ਬਿੱਜ ਪੈ ਗਈ। ਉਸ ਨੂੰ ਐਲਾਨ ਕਰਨਾ ਪਿਆ ਕਿ ਉਹ ਐੱਚਆਈਵੀ ਦਾ ਮਰੀਜ਼ ਬਣ ਗਿਆ ਹੈ ਤੇ ਹੋਰ ਨਹੀਂ ਖੇਡ ਸਕੇਗਾ। ਉਸ ਦੇ ਪ੍ਰਸ਼ੰਸਕਾਂ ਨੂੰ ਬੜਾ ਸਦਮਾ ਲੱਗਾ। ਉਸ ਨੇ ਇਲਾਜ ਕਰਵਾਇਆ ਜਿਸ ਕਰਕੇ 1991 ਦਾ ਸੀਜ਼ਨ ਨਾ ਖੇਡਿਆ। 1992 ਵਿਚ ਉਹ ਫਿਰ ਮੈਦਾਨ 'ਚ ਨਿਤਰਿਆ ਤਾਂ ਦਰਸ਼ਕਾਂ ਨੂੰ ਦੂਣ ਸਵਾਈ ਖੁਸ਼ੀ ਹੋਈ। ਇਹ ਉਹ ਸਮਾਂ ਸੀ ਜਦੋਂ ਓਲੰਪਿਕ ਖੇਡਾਂ ਹੋਣ ਵਾਲੀਆਂ ਸਨ। ਮੈਜਿਕ ਜੌਹਨਸਨ ਨੂੰ ਅਮਰੀਕਾ ਦੀ 'ਡਰੀਮ ਟੀਮ' ਦਾ ਕੋ-ਕਪਤਾਨ ਬਣਾਇਆ ਗਿਆ ਜਿਸ ਨੇ ਗੋਲਡ ਮੈਡਲ ਜਿੱਤ ਲਿਆ। ਉਸ ਪਿੱਛੋਂ ਉਹ ਸਰਗਰਮ ਖੇਡ ਤੋਂ ਫਿਰ ਰਿਟਾਇਰ ਹੋ ਗਿਆ ਤੇ 1996 ਤਕ ਟੂਰਨਾਮੈਂਟਾਂ ਤੋਂ ਪਾਸੇ ਰਿਹਾ।

1996 'ਚ 36 ਸਾਲ ਦੀ ਉਮਰੇ ਉਹ ਫਿਰ ਲੇਕਰਜ਼ ਵੱਲੋਂ ਐੱਨਬੀਏ ਦੀ ਚੈਂਪੀਅਨਸ਼ਿਪ ਦੀਆਂ 32 ਗੇਮਾਂ ਖੇਡਿਆ। ਫੇਰ ਉਸ ਨੇ ਮੈਜਿਕ ਜੌਨ੍ਹਸਨ ਆਲ ਸਟਾਰਜ਼ ਨਾਂ ਦੀ ਟੀਮ ਬਣਾ ਕੇ ਨੁਮਾਇਸ਼ੀ ਮੈਚ ਖੇਡਣੇ ਸ਼ੁਰੂ ਕਰ ਲਏ। ਨਾਲ ਦੀ ਨਾਲ ਐੱਚਵੀਆਈ ਤੋਂ ਬਚਣ ਦਾ ਪ੍ਰਚਾਰ ਵੀ ਕਰਦਾ ਰਿਹਾ। ਆਖ਼ਰ 39 ਸਾਲ ਦੀ ਉਮਰੇ 2000 ਵਿਚ ਉਸ ਨੇ ਬਾਸਕਟਬਾਲ ਖੇਡਣ ਤੋਂ ਰਿਟਾਇਰਮੈਂਟ ਲੈ ਲਈ ਤੇ ਆਪਣਾ ਬਿਜ਼ਨਸ ਚਲਾ ਲਿਆ।

ਉਹ ਕਾਰੋਬਾਰੀ ਹੋਣ ਨਾਲ ਬ੍ਰਾਡਕਾਸਟਰ ਵੀ ਹੈ ਤੇ ਮੋਟੀਵੇਸ਼ਨਲ ਬੁਲਾਰਾ ਵੀ। ਲੋੜਵੰਦਾਂ ਨੂੰ ਕੰਮ ਦੇਣ ਤੇ ਦਾਨ ਕਰਨ 'ਚ ਵੀ ਕਿਸੇ ਤੋਂ ਪਿੱਛੇ ਨਹੀਂ। ਉਹ ਕੁਝ ਸਾਲਾਂ ਤੋਂ ਲਾਸ ਏਂਜਲਸ ਲੇਕਰਜ਼ ਦਾ ਹਿੱਸੇਦਾਰ ਮਾਲਕ ਤੇ ਉਸ ਦੀਆਂ ਸਰਗਰਮੀਆਂ ਦਾ ਪ੍ਰਧਾਨ ਵੀ ਰਿਹਾ ਹੈ। ਉਹ ਗੁੱਗਨਹੀਮ ਬੇਸਬਾਲ ਮੈਨੇਜਮੈਂਟ ਦਾ ਮੁੱਢਲਾ ਮੈਂਬਰ ਹੈ ਅਤੇ ਹੋਰ ਵੀ ਕਈ ਕਲੱਬਾਂ ਤੇ ਸੰਸਥਾਵਾਂ ਨਾਲ ਜੁੜਿਆ ਹੋਇਆ ਹੈ।

ਜੌਹਨਸਨ ਦਾ ਵਿਆਹ ਈਅਰਲਿਥਾ ਕੁੱਕੀ ਨਾਲ ਲਾਂਸਿਗ ਵਿਖੇ 1991 ਵਿਚ ਹੋਇਆ। ਬਰਾਤ ਵਿਚ ਗਿਣਵੇਂ ਚੁਣਵੇਂ ਖਿਡਾਰੀ ਹੀ ਸਨ। ਉਹਦਾ ਪਹਿਲਾ ਬੱਚਾ ਆਂਦਰੇ ਜੌਹਨਸਨ, ਇਕ ਹੋਰ ਔਰਤ ਮੇਲੀਸਾ ਮਿੱਛਲ ਦੀ ਕੁੱਖੋਂ 1981 'ਚ ਪੈਦਾ ਹੋਇਆ ਸੀ। ਉਸ ਨੂੰ ਉਹਦੀ ਮਾਂ ਨੇ ਹੀ ਪਾਲਿਆ। ਉਹ ਹਰ ਸਾਲ ਗਰਮੀਆਂ ਵਿਚ ਬਾਪ ਕੋਲ ਆਉਂਦਾ ਰਿਹਾ। ਹੁਣ ਉਹ ਮੈਜਿਕ ਜੌਹਨਸਨ ਐਂਟਰਪ੍ਰਾਈਜ਼ਸ ਦਾ ਮਾਰਕੀਟਿੰਗ ਡਾਇਰੈਕਟਰ ਹੈ।

ਜੌਹਨਸਨ ਦਾ ਦੂਜਾ ਪੁੱਤਰ ਈਅਰਵਿਨ ।।। (ਈਜੇ) ਰੀਆਲਟੀ ਸ਼ੋਅ 'ਰਿਚ ਕਿਡਜ਼ ਆਫ਼ ਬੇਵੇਰਲੀ ਹਿੱਲਜ਼' ਦਾ ਸਟਾਰ ਹੈ। ਜੌਨ੍ਹਸਨ ਜੋੜੇ ਨੇ 1995 'ਚ ਈਲੀਸਾ ਨਾਂ ਦੀ ਲੜਕੀ ਵੀ ਗੋਦ ਲਈ ਹੈ। ਹੁਣ ਮੈਜਿਕ ਜੌਹਨਸਨ, ਦਾਨਾ ਪੁਆਇੰਟ, ਕੈਲੀਫੋਰਨੀਆ ਵਿਖੇ ਛੁਟੀਆਂ ਮਨਾਉਣ ਵਾਲੇ ਘਰ ਬੀਵੇਰਲੀ ਹਿੱਲਜ਼ ਵਿਚ ਰਹਿੰਦਾ ਹੈ। ਲੇਕਰਜ਼ ਦੇ ਮਾਲਕ ਜੈਰੀ ਬੁੱਸ ਨੂੰ ਉਹ ਆਪਣਾ ਦੂਜਾ ਬਾਪ ਸਮਝਦਾ ਸੀ ਤੇ ਉਸ ਦਾ ਆਪਣੇ ਬਾਪ ਵਾਂਗ ਹੀ ਆਦਰ ਮਾਣ ਕਰਦਾ ਸੀ। ਜੈਰੀ ਬੁੱਸ ਦੀ 2013 ਵਿਚ ਕੈਂਸਰ ਨਾਲ ਮ੍ਰਿਤੂ ਹੋਈ ਤਾਂ ਉਸ ਨੇ ਸਭ ਤੋਂ ਵੱਧ ਸੋਗ ਮਨਾਇਆ। ਉਦੋਂ ਮੀਡੀਏ 'ਚ ਉਸ ਨੇ ਬਿਆਨ ਦਿੱਤਾ, "ਡਾ. ਜੈਰੀ ਬੁੱਸ ਬਿਨਾਂ ਉਹ 'ਮੈਜਿਕ' ਨਹੀਂ, ਕੇਵਲ ਜੌਹਨਸਨ ਹੀ ਸੀ।"

ਮੈਜਿਕ ਜੌਹਨਸਨ ਨੂੰ ਮਿਲੇ ਮਾਣ ਸਨਮਾਨਾਂ ਦਾ ਕੋਈ ਅੰਤ ਨਹੀਂ। 1992 'ਚ ਉਸ ਨੂੰ 'ਜੇ. ਵਾਲਟਰ ਕਨੇਡੀ ਸਿਟੀਜ਼ਨਸ਼ਿਪ ਅਵਾਰਡ' ਮਿਲਿਆ। 1996 ਵਿਚ ਉਹ ਐੱਨਬੀਏ ਇਤਿਹਾਸ ਦੇ 50 ਸਰਬੋਤਮ ਖਿਡਾਰੀਆਂ 'ਚ ਗਿਣਿਆ ਗਿਆ। 2021 ਵਿਚ ਐੱਨਬੀਏ ਦੀ 75ਵੀਂ ਵਰ੍ਹੇਗੰਢ ਟੀਮ ਵਿਚ ਚੁਣਿਆ ਗਿਆ ਤੇ ਉਸ ਦਾ ਬੁੱਤ ਕ੍ਰਿਪਟੋ. ਕਾਮ ਅਰੀਨਾ ਸਾਹਮਣੇ ਸਥਾਪਿਤ ਕੀਤਾ ਗਿਆ। ਉਹਦਾ ਇਕ ਹੋਰ ਸਟੈਚੂ ਮਿਸ਼ੀਗਨ ਸਟੇਟ 'ਚ ਲਾਇਆ ਗਿਆ। ਨਾਈਸਮਿੱਥ ਮੈਮੋਰੀਅਲ ਹਾਲ ਆਫ਼ ਵਿਚ ਉਹਦਾ ਨਾਂ ਉੱਕਰਿਆ ਗਿਆ। ਫੀਬਾ ਹਾਲ ਆਫ਼ ਫੇਮ ਵਿਚ ਉਹਦਾ ਨਾਂ ਚੜ੍ਹਿਆ। ਨੈਸ਼ਨਲ ਕਾਲਜੀਏਟ ਬਾਸਕਟਬਾਲ ਆਫ਼ ਫੇਮ ਅਤੇ ਯੂ.ਐੱਸ. ਓਲੰਪਿਕ ਹਾਲ ਆਫ਼ ਫੇਮ ਵਿਚ ਉਹਦੇ ਨਾਂ ਦੀ ਸ਼ੋਭਾ ਹੋਈ। ਐੱਨਏਏਸੀਪੀ ਇਮੇਜ ਅਵਾਰਡ ਉਸ ਨੂੰ ਮਿਲੇ। 1992 ਦੇ ਜੈਕੀ ਰੋਬਿਨਸਨ ਸਪੋਰਟਸ ਅਵਾਰਡ ਤੋਂ ਲੈ ਕੇ ਗਰਾਮੀ ਅਵਾਰਡ ਤੇ ਸਟਾਰ ਆਨ ਦਾ ਹਾਲੀਵੁੱਡ ਵਾਕ ਆਫ਼ ਫੇਮ ਤਕ ਦੇ ਅਵਾਰਡ ਵੀ ਉਸ ਨੂੰ ਮਿਲੇ।

**2023 ਵਿਚ ਉਸ ਨੇ ਨੈਸ਼ਨਲ ਫੁੱਟਬਾਲ ਲੀਗ ਲਈ 'ਵਾਸ਼ਿੰਗਟਨ ਕਮਾਂਡਰਜ਼' ਨੂੰ 6.05 ਬਿਲੀਅਨ ਡਾਲਰਾਂ ਨਾਲ ਖਰੀਦਿਆ ਜੋ ਸਭ ਤੋਂ ਮਹਿੰਗੀ ਕੀਮਤ ਸੀ। 1991 ਤੋਂ ਉਸ ਨੇ ਮੈਜਿਕ ਜੌਹਨਸਨ ਫਾਊਂਡੇਸ਼ਨ ਬਣਾਈ ਹੋਈ ਹੈ ਜੀਹਦੇ ਸਮਾਜ ਸੇਵਾਵਾਂ ਲਈ ਦਾਨ ਦੇ ਲੇਖੇ ਲੱਖਾਂ ਕਰੋੜਾਂ 'ਚ ਹਨ। ਅਜੇ ਪਤਾ ਨਹੀਂ ਉਸ ਨੇ ਹੋਰ ਕੀ ਕੁਝ ਕਰਨਾ ਹੈ? ਈਅਰਵਿਨ ਜੌਹਨਸਨ ਨੂੰ ਐਵੇਂ ਨਹੀਂ ਲੋਕ 'ਮੈਜਿਕ' ਜੌਹਨਸਨ ਕਹਿੰਦੇ!**

---

# 'ਵਖਤਾਂ 'ਚੋਂ ਜਿੱਤ ਕੇ ਨਿਕਲੇ ਜੰਗਾਂ ਦੀ ਤਿਆਰੀ ਹੈ।'

## ਕੈਦੀ ਦੀ ਕਲਮ ਤੇ ਸੋਚ

ਮੈਂ 2050 ਤੱਕ ਜੇਲ੍ਹ ਵਿਚ ਰਹਿਣਾ ਹੈ ਫੇਰ ਵੀ ਮੈਂ ਇੱਥੇ ਰਹਿ ਕੇ ਪੜ੍ਹਾਈ ਕਰ ਰਿਹਾ ਹਾਂ, ਕਈ ਕੋਰਸ ਕਰ ਲਏ ਹਨ ਕੁਝ ਕਰ ਰਿਹਾ ਹਾਂ। ਮੈਂ 'ਪੰਜਾਬ ਟਾਈਮਜ਼' ਅਖਬਾਰ ਹਰ ਹਫਤੇ ਪੜ੍ਹਦਾ ਹਾਂ ਤੇ ਕਈ ਵਾਰ ਖਬਰਾਂ ਪੜ੍ਹਨ ਨੂੰ ਮਿਲਦੀਆਂ ਹਨ ਕਿ ਜੇਲ੍ਹਾਂ ਵਿਚ ਨੌਜਵਾਨ ਸੁਧਰਨ ਦੀ ਥਾਂ ਵੱਡੇ ਗੈਂਗਸਟਰ ਬਣ ਰਹੇ ਹਨ, ਜੋ ਕਿ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਇਸ ਤਰ੍ਹਾਂ ਅਸੀਂ ਆਪਣੀ ਹੀ ਨਸਲਕੁਸ਼ੀ ਕਰ ਰਹੇ ਹਾਂ।

ਅੱਜ ਦੇ ਸਮੇਂ ਦਾ ਪੰਜਾਬ ਕਈ ਕਿਸਮ ਦੀਆਂ ਜੰਗਾਂ ਲੜ ਰਿਹਾ ਹੈ। ਜੇ ਅੱਜ ਸਾਡੇ ਮਹਾਨ ਜਰਨੈਲ, ਸੂਰਵੀਰ ਯੋਧੇ ਹੁੰਦੇ ਤਾਂ ਉਨ੍ਹਾਂ ਨੂੰ ਮਨੁੱਖੀ ਹੱਕਾਂ ਦੀਆਂ ਲੜਾਈਆਂ ਦੇ ਨਾਲ-ਨਾਲ ਮਨੋਵਿਗਿਆਨਕ ਅਤੇ ਆਰਥਿਕ ਯੁੱਧ ਵੀ ਲੜਨੇ ਪੈਣੇ ਸਨ।

ਅਫਸੋਸ ਵਾਲੀ ਗੱਲ ਹੈ ਕਿ 2024 ਦੇ ਪੰਜਾਬ ਦੇ ਗੱਭੂਆਂ ਦੇ ਭਵਿੱਖ ਨੂੰ ਨਸ਼ੇ ਦੇ ਧੂੰਏਂ ਨੇ ਧੁੰਦਲਾ ਕੀਤਾ ਹੋਇਆ ਹੈ। ਗੈਂਗਸਟਰਵਾਦ ਨੇ ਸਾਡੀ ਸੋਚ 'ਤੇ ਮਾੜਾ ਪ੍ਰਭਾਵ ਪਾਇਆ ਹੋਇਆ ਹੈ। ਸੈਂਟਰ ਸਰਕਾਰ ਸਾਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਲਈ ਜ਼ੋਰ ਲਾ ਰਹੀ ਹੈ ਤੇ ਜੇ ਸਰਕਾਰ ਅਤੇ ਵੱਡੇ ਧਨਾਡ ਇਸ ਵਿਚ ਕਾਮਯਾਬ ਹੋ ਗਏ, ਜੇ ਉਨ੍ਹਾਂ ਖੇਤੀ ਸੈਕਟਰ 'ਤੇ ਕਬਜ਼ਾ ਕਰ ਲਿਆ ਤਾਂ ਸਾਡੇ ਕੋਲ ਨਸ਼ੇ ਵੇਚਣ ਤੋਂ ਬਿਨਾਂ ਰਹਿ ਵੀ ਕੀ ਜਾਵੇਗਾ। ਪਰ ਇਹ ਸਿਰਫ ਆਲਸੀਆਂ ਦਾ ਕੰਮ ਹੈ, ਜੋ ਮਿਹਨਤ ਨਹੀਂ ਕਰਨਾ ਚਾਹੁੰਦੇ।

ਸਨ ਸੂ ਨੂੰ ਕੌਣ ਨਹੀਂ ਜਾਣਦਾ। ਉਹ ਚੀਨ ਦਾ ਵਸਨੀਕ ਸੀ, ਜਿਸ ਨੇ 2500 ਸਾਲ ਪਹਿਲਾਂ 'ART OF WAR' ਲਿਖੀ ਸੀ। ਜਿਸ ਦੇ ਪੰਜ ਮਹਾਨ ਤੱਥ ਹਨ 1. ਸਿੱਟਾ ਕਾਨੂੰਨ 2. ਸਵਰਗ 3. ਧਰਤੀ 4. ਜਰਨੈਲ 5. ਤਰੀਕਾ ਤੇ ਅਨੁਸ਼ਾਸਨ

ਸਨ ਸੂ ਨੇ ਇਹ ਵੀ ਤੱਥ ਕੱਢਿਆ ਕਿ ਕਿਸੇ ਵੀ ਕਸਬੇ ਦੇਸ਼ ਤੇ ਪਿੰਡ ਨੂੰ ਜਿੱਤਣ ਲਈ ਉਸ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਲਈ ਉਸ ਦੀ ਆਵਾਜਾਈ ਦੇ ਮੁੱਖ ਰਾਹ ਨੂੰ ਬੰਦ ਕਰ ਦਿੱਤਾ ਜਾਵੇ ਤਾਂ ਜਿੱਤ ਹੋਣੀ ਲਾਜ਼ਮੀ ਹੈ।

ਸਰਕਾਰਾਂ ਨੂੰ ਹਿਲਾਣ ਲਈ, ਸਰਕਾਰਾਂ ਨੂੰ ਚਲਾਉਣ ਲਈ ਅਤੇ ਸਰਕਾਰਾਂ ਤੋਂ ਕੰਮ ਕਢਾਉਣ ਲਈ ਪੈਸਾ ਚਾਹੀਦਾ ਹੈ। ਕੇਂਦਰ ਸਰਕਾਰ ਸਾਡੀਆਂ ਜ਼ਮੀਨਾਂ ਹਥਿਆਉਣ ਲਈ, ਖੇਤੀ 'ਤੇ ਕੰਟਰੋਲ ਕਰਨ ਲਈ, ਸਿੱਖਿਆ ਨੂੰ ਕਮਜ਼ੋਰ ਕਰਨ ਲਈ ਤੇ ਬੋਲਣ ਦੀ ਆਜ਼ਾਦੀ 'ਤੇ ਰੋਕ ਲਾਉਣ ਲਈ ਨਸ਼ਿਆਂ ਦੇ ਹਥਿਆਰ ਦੇ ਨਦਲ ਨਦਲ ਹੋਰ ਕਈ ਤਕਨੀਕਾਂ ਵਰਤ ਰਹੀ ਹੈ ਅਤੇ ਸਾਡੇ ਅੰਮ੍ਰਿਤਪਾਲ ਸਿੰਘ ਵਰਗੇ ਯੋਧਿਆਂ ਨੂੰ ਜੇਲ੍ਹਾਂ ਵਿਚ ਡੱਕ ਰਹੀ ਹੈ।

ਮੇਰੀ ਪੰਜਾਬੀ ਭਾਈਚਾਰੇ ਨੂੰ ਅਰਦਾਸ ਹੈ ਕਿ ਅਸੀਂ ਬਾਹਰਲੇ ਮੁਲਕਾਂ ਵਿਚ ਆ ਕੇ ਤਰੱਕੀਆਂ ਹਾਸਲ ਕਰ ਲਈਆਂ ਹਨ। ਅਸੀਂ ਆਪਣੇ ਆਪ ਨੂੰ ਹਰ ਪੱਖੋਂ ਮਜ਼ਬੂਤ ਕਰ ਲਿਆ ਹੈ, ਹੁਣ ਸਾਨੂੰ ਪੰਜਾਬ ਵੱਲ ਧਿਆਨ ਦੇਣਾ ਚਾਹੀਦਾ ਹੈ ਤੇ ਲੇਬਰ ਤੇ ਕਿਸਾਨ ਯੂਨੀਅਨਾਂ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਚੰਗੇ ਨਸ਼ਾ ਛੁਡਾਊ ਕੇਂਦਰਾਂ ਦਾ ਨਿਰਮਾਣ ਕੀਤਾ ਜਾਣਾ ਚਾਹੀਦਾ ਹੈ। ਯੂਨੀਅਨਾਂ ਦੇ ਪੜ੍ਹੇ-ਲਿਖੇ ਤੇ ਨਿਰਪੱਖ ਲੀਡਰ ਚੁਣੇ ਜਾਣੇ ਚਾਹੀਦੇ ਹਨ। ਸਾਨੂੰ ਆਪਣੇ ਨੌਜਵਾਨਾਂ ਨੂੰ ਨਸ਼ਿਆਂ ਤੇ ਗੈਂਗਵਾਦ 'ਚੋਂ ਕੱਢਣ ਲਈ ਖੇਡਾਂ ਦਾ ਸਹਾਰਾ ਲੈਣਾ ਚਾਹੀਦਾ ਹੈ। ਮੇਰੀ ਗੁਜ਼ਾਰਿਸ਼ ਹੈ ਕਿ ਅੱਗ ਦੇ ਭਾਂਬੜ ਬਣੋ ਤੇ ਪੰਜਾਬ ਦਾ ਭਲਾ ਕਰੋ।

*-ਗੁਰਕੀਰਤ ਸਿੰਘ ਕੈਂਥ*

# ਪੰਜਾਬੀ ਦੇ ਸਫਰ ਦੀ ਦਾਸਤਾਨ



## ਕਲਾ ਪਰਿਕਰਮਾ

ਡਾ. ਅੰਤਰਪ੍ਰੀਤ ਸਿੰਘ ਬੈਨੀਪਾਲ
ਫੋਨ: +91-98889-21290

'ਪੰਜਾਬੀ' ਸਿਰਫ ਭਾਸ਼ਾ ਨਹੀਂ ਸਗੋਂ ਸੱਭਿਆਚਾਰ ਹੈ, ਵਿਰਾਸਤ ਹੈ। ਇਸ ਸੱਭਿਆਚਾਰ ਵਿਚ ਆਮ ਤੌਰ 'ਤੇ ਬੋਲੀ ਅਤੇ ਲਿਖੀ ਜਾਣ ਵਾਲੀ ਭਾਸ਼ਾ ਨੂੰ ਪੰਜਾਬੀ ਭਾਸ਼ਾ ਦਾ ਨਾਂ ਮਿਲਿਆ ਅਤੇ ਇਸ ਵਿਰਾਸਤੀ ਸੱਭਿਆਚਾਰ ਨਾਲ ਸਬੰਧਿਤ ਹਰ ਵਿਅਕਤੀ, ਵਸਤੂ, ਭੋਜਨ, ਕਿੱਤਾ ਅਤੇ ਵਿਰਸੇ ਨੂੰ 'ਪੰਜਾਬੀ' ਅਖਵਾਉਣ ਦਾ ਮਾਣ ਮਿਲਦਾ ਹੈ। ਬੇਸ਼ੱਕ ਹਿੰਦੋਸਤਾਨ ਦੇ ਪੁਰਾਤਨ ਇਤਿਹਾਸ ਤੋਂ ਲੈ ਕੇ ਅੱਜ ਤੱਕ ਵਿਅਕਤੀਆਂ ਦੀ ਪਛਾਣ ਧਰਮ, ਜਾਤ, ਕਿੱਤੇ ਜਾਂ ਕਬੀਲੇ ਨੂੰ ਮੁੱਖ ਰੱਖ ਕੇ ਕੀਤੀ ਜਾਂਦੀ ਹੈ ਪਰ ਪੰਜਾਬੀ ਵਿਰਾਸਤ ਜਾਂ ਸੱਭਿਆਚਾਰ ਨਾਲ ਕਿਸੇ ਤਰ੍ਹਾਂ ਦਾ ਵੀ ਸਬੰਧ ਰੱਖਣ ਵਾਲਾ ਵਿਅਕਤੀ ਭਾਵੇਂ ਕਿਸੇ ਵੀ ਧਰਮ, ਜਾਤ, ਕਿੱਤੇ, ਕਬੀਲੇ ਦਾ ਹੋਵੇ ਤੇ ਪੂਰੀ ਦੁਨੀਆ ਦੇ ਕਿਸੇ ਵੀ ਕੋਨੇ ਵਿਚ ਬੈਠਾ ਹੋਵੇ- ਉਹ 'ਪੰਜਾਬੀ' ਹੀ ਅਖਵਾਉਂਦਾ ਹੈ। ਇਹ ਅਹਿਮ ਵਿਸ਼ੇਸ਼ਤਾ ਹੈ ਕਿ ਪੰਜਾਬੀ ਦੀ ਹੋਂਦ ਸਰਵੋਤਮ ਹੈ; ਧਰਮ, ਜਾਤ, ਕਿੱਤੇ, ਕਬੀਲੇ ਇਸ ਦੇ ਅੱਗੇ ਅਣਗੌਲੇ ਹੋ ਜਾਂਦੇ ਹਨ।

ਇਸ ਦੇ ਪਿੱਛੇ ਮੁੱਖ ਕਾਰਨ ਇੱਥੋਂ ਦਾ ਇਤਿਹਾਸ ਹੈ। ਬਹੁਤ ਸਾਰੇ ਪੰਜਾਬੀ ਅਤੇ ਗ਼ੈਰ-ਪੰਜਾਬੀ ਵਿਦਵਾਨਾਂ ਨੇ ਇਸ ਇਤਿਹਾਸ ਨੂੰ ਬਹੁਤ ਹੀ ਸੁਚੱਜੇ ਤਰੀਕੇ ਨਾਲ ਵੱਖ-ਵੱਖ ਰਚਨਾਵਾਂ ਰਾਹੀਂ ਪੇਸ਼ ਕੀਤਾ ਹੈ ਜਿਨ੍ਹਾਂ ਤੋਂ ਸਪਸ਼ਟ ਹੁੰਦਾ ਹੈ ਕਿ ਪੁਰਾਤਨ ਸਮੇਂ ਤੋਂ ਹੀ ਵੱਖ-ਵੱਖ ਹਮਲਾਵਰਾਂ ਜਾਂ ਸ਼ਾਸਕਾਂ ਨੇ ਹਮਲੇ ਕੀਤੇ ਅਤੇ ਰਾਜ ਕੀਤਾ। ਇਸ ਦੌਰਾਨ ਕੁਝ ਨੀਤੀਆਂ ਪੰਜਾਬੀ ਵਿਰੋਧੀ ਵੀ ਸਨ ਜਿਨ੍ਹਾਂ ਤਹਿਤ ਭੂਗੋਲਿਕ ਖਿੱਤੇ 'ਪੰਜਾਬ' ਨੂੰ ਵੱਖ-ਵੱਖ ਭਾਗਾਂ ਵਿਚ ਵੰਡਿਆ ਵੀ ਗਿਆ। ਇਨ੍ਹਾਂ ਸਾਜ਼ਿਸ਼ਾਂ ਕਾਰਨ ਇਸ ਖੇਤਰ ਦੇ ਵਸਨੀਕਾਂ ਅਤੇ ਅਰਥਚਾਰੇ ਆਦਿ ਦਾ ਨੁਕਸਾਨ ਹੋਇਆ ਪਰ ਪੰਜਾਬੀ ਦੀ ਖ਼ੂਬਸੂਰਤੀ ਵਿਚ ਕੋਈ ਕਮੀ ਨਹੀਂ ਆਈ ਸਗੋਂ ਸਮਾਂ ਬੀਤਣ ਨਾਲ ਇਸ ਦਾ ਫੈਲਾਅ ਇੱਕ ਮੁਲਕ ਤੱਕ ਹੀ ਸੀਮਤ ਨਾ ਰਿਹਾ। ਅੱਜ ਪੰਜਾਬੀ ਨੂੰ ਕੌਮਾਂਤਰੀ ਪੱਧਰ 'ਤੇ ਦੇਖਿਆ ਅਤੇ ਜਾਣਿਆ ਜਾਂਦਾ ਹੈ।

ਇਸ ਦਾ ਮੁੱਖ ਪਛਾਣ ਸਰੋਤ ਪੰਜਾਬੀ ਭਾਸ਼ਾ ਹੈ। ਜਿਉਂ-ਜਿਉਂ ਪੰਜਾਬੀ ਭਾਸ਼ਾ ਦੇ ਸ਼ਬਦਾਂ ਦੀ ਗਹਿਰਾਈ ਵੱਲ ਜਾਵਾਂਗੇ, ਤਿਉਂ-ਤਿਉਂ ਪੰਜਾਬੀ ਸੱਭਿਆਚਾਰ ਦੀ ਨੁਮਾਇੰਦਗੀ ਵੱਲ ਵਧਦੇ ਜਾਵਾਂਗੇ ਅਤੇ ਪੰਜਾਬੀ ਦੀ ਹੋਂਦ ਨੂੰ ਕਾਇਮ ਰੱਖ ਸਕਾਂਗੇ। ਆਧੁਨਿਕ ਯੁੱਗ ਵਿਚ ਜਿੱਥੇ ਮਸਨੂਈ ਬੁੱਧੀ ਨੇ ਸਾਇੰਸ ਤੇ ਤਕਨਾਲੋਜੀ ਦੇ ਯੁੱਗ ਨੂੰ ਵੀ ਪਿੱਛੇ ਛੱਡਣਾ ਸ਼ੁਰੂ ਕਰ ਦਿੱਤਾ ਹੈ, ਉੱਥੇ ਕੇਵਲ ਭਾਸ਼ਾ ਹੀ ਅਜਿਹਾ ਮਾਧਿਅਮ ਰਹਿ ਗਿਆ ਜਿਸ ਨਾਲ ਪੰਜਾਬੀ ਦੀ ਹੋਂਦ ਨੂੰ ਬਰਕਰਾਰ ਰੱਖਿਆ ਜਾ ਸਕਦਾ ਹੈ। ਕੌਮਾਂਤਰੀ ਪੱਧਰ 'ਤੇ ਵਿਦੇਸ਼ੀ ਭਾਸ਼ਾਵਾਂ ਖ਼ਾਸਕਰ ਅੰਗਰੇਜ਼ੀ ਭਾਸ਼ਾ ਜੋ ਹਰ ਖੇਤਰੀ ਭਾਸ਼ਾ ਦੇ ਸ਼ਬਦ ਸ਼ਾਮਲ ਕਰ ਕੇ ਆਪਣਾ ਵਿਕਾਸ ਕਰਦੇ ਹੋਏ ਖੇਤਰੀ ਲੋਕਾਂ, ਖ਼ਾਸਕਰ ਨੌਜਵਾਨਾਂ ਅਤੇ ਬੱਚਿਆਂ, ਨੂੰ ਆਪਣੇ ਦਾਇਰੇ ਵਿਚ ਲੈ ਰਹੀ ਹੈ ਉੱਥੇ ਉਨ੍ਹਾਂ ਨੂੰ ਖੇਤਰੀ ਭਾਸ਼ਾਵਾਂ ਤੋਂ ਦੂਰ ਵੀ ਕਰ ਰਹੀ ਹੈ। ਇਸ ਵਿਚ ਅੰਗਰੇਜ਼ੀ ਭਾਸ਼ਾ ਨੂੰ ਕੋਈ ਦੋਸ਼ ਨਹੀਂ ਦਿੱਤਾ ਜਾ ਸਕਦਾ। ਭਾਸ਼ਾ ਦੇ ਮਾਧਿਅਮ ਰਾਹੀਂ ਹੋਂਦ ਹਰੇਕ ਵਿਅਕਤੀ ਦੀ ਹੈ ਤੇ ਇਸ ਹੋਂਦ ਨੂੰ ਬਰਕਰਾਰ ਰੱਖਣਾ ਜਾਂ ਨਾ ਰੱਖਣਾ ਹਰੇਕ ਦਾ ਆਪਣਾ ਵਿਅਕਤੀਗਤ ਫ਼ੈਸਲਾ ਹੈ।

ਅਜਿਹਾ ਹੀ ਕੁਝ ਪੰਜਾਬੀ ਬੋਲੀ ਬੋਲਣ ਵਾਲਿਆਂ ਨਾਲ ਵੀ ਹੋ ਰਿਹਾ ਹੈ। ਇਸ ਦੀ ਸ਼ੁਰੂਆਤ ਹੋ ਚੁੱਕੀ ਹੈ। ਵਿਕਾਸ ਦੇ ਨਾਂ 'ਤੇ ਖੇਤਰੀ ਭਾਸ਼ਾਵਾਂ ਨੂੰ ਅੱਖੋਂ ਪਰੋਖੇ ਕਰਨ ਦਾ ਦੌਰ ਚੱਲ ਪਿਆ ਹੈ। ਇਸ ਦੀ ਸਭ ਤੋਂ ਵੱਡੀ ਮਿਸਾਲ ਮਸ਼ਹੂਰ ਅੰਗਰੇਜ਼ੀ ਮਾਧਿਅਮ ਸਕੂਲ ਹਨ ਜੋ ਕਿਸੇ ਸਮੇਂ ਆਪਣੀ ਪ੍ਰਸਿੱਧੀ ਕਰ ਕੇ ਹੋਣਹਾਰ ਵਿਦਿਆਰਥੀਆਂ ਨੂੰ ਦਾਖਲ ਕਰ ਗਏ ਅਤੇ ਹੌਲੀ-ਹੌਲੀ ਤਰਾਸ਼ੇ ਹੋਏ ਵਿਦਿਆਰਥੀਆਂ ਦੇ ਨਾਂ ਵਰਤ ਕੇ ਹੋਰ ਮਸ਼ਹੂਰ ਹੋ ਗਏ। ਅੱਜ ਇਨ੍ਹਾਂ ਸਕੂਲਾਂ ਨੂੰ ਕਿਸੇ ਮਸ਼ਹੂਰੀ ਦੀ ਲੋੜ ਨਹੀਂ। ਅਜਿਹਾ ਨਹੀਂ ਹੈ ਕਿ ਸਕੂਲ ਕੁਝ ਗ਼ਲਤ ਸਿਖਾ ਰਹੇ ਹਨ ਪਰ ਅਜਿਹੇ ਸਕੂਲਾਂ ਵਿਚ ਪੰਜਾਬੀ ਭਾਸ਼ਾ ਦੀ ਹੋਂਦ ਦੇ ਮੁਤਾਬਿਕ ਉਸ ਪੱਧਰ ਤੱਕ ਪਹੁੰਚ ਨਹੀਂ ਕੀਤੀ ਜਾ ਰਹੀ ਕਿਉਂਕਿ ਅੱਜ ਦੇ ਯੁੱਗ ਵਿਚ ਖੇਤਰੀ ਭਾਸ਼ਾ ਨੂੰ ਸਿਰਫ਼ ਸੰਚਾਰ ਦਾ ਮਾਧਿਅਮ ਮੰਨਿਆ ਜਾ ਰਿਹਾ ਹੈ; ਸਕੂਲ ਦਾਖਲ ਹੁੰਦੇ ਸਾਰ ਪੜ੍ਹਾਉਣੀ ਸ਼ੁਰੂ ਕਰ ਦਿੱਤੀ ਜਾਂਦੀ ਅੰਗਰੇਜ਼ੀ ਨੂੰ ਵਿਸ਼ੇਸ਼ ਦਰਜਾ ਦਿੱਤਾ ਜਾ ਰਿਹਾ ਹੈ। ਇਸ ਵਿਚ ਨਵੀਂ ਆ ਰਹੀ ਪੀੜ੍ਹੀ ਦਾ ਕੋਈ ਦੋਸ਼ ਨਹੀਂ ਕਿਉਂਕਿ ਉਹ ਸਭ ਇਸ ਤੋਂ ਅਣਜਾਣ ਅਤੇ ਕੋਰੇ ਕਾਗਜ਼ ਵਾਂਗ ਹਨ ਜਿਸ 'ਤੇ ਜੋ ਲਿਖ ਦਿੱਤਾ ਜਾਵੇਗਾ ਉਹੀ ਮੰਨ ਲਿਆ ਜਾਵੇਗਾ। ਇਸ ਵਿਚ ਕਸੂਰ ਹੁਣ ਵਾਲੀ ਪੀੜ੍ਹੀ ਦਾ ਕੁਝ ਹੱਦ ਤੱਕ ਹੀ ਸਾਹਮਣੇ ਆਉਂਦਾ ਹੈ ਕਿਉਂਕਿ ਇਸ ਪੀੜ੍ਹੀ ਨੇ ਆਰਥਿਕ ਤੌਰ 'ਤੇ ਸਾਇੰਸ ਅਤੇ ਤਕਨਾਲੋਜੀ ਦੇ ਮਾਧਿਅਮ ਰਾਹੀਂ ਤਰੱਕੀ ਹੁੰਦੀ ਦੇਖੀ ਹੈ ਜਿਸ ਕਰ ਕੇ ਇਸ ਦਾ ਸਾਇੰਸ ਅਤੇ ਤਕਨਾਲੋਜੀ 'ਤੇ ਭਰਪੂਰ ਵਿਸ਼ਵਾਸ ਹੈ।

ਸਾਇੰਸ ਅਤੇ ਤਕਨਾਲੋਜੀ ਦੀ ਗੱਲ ਕਰਦਿਆਂ ਹੀ ਖੇਤਰੀ ਭਾਸ਼ਾਵਾਂ ਨੂੰ ਇੱਕ ਪਾਸੇ ਕਰ ਦਿੱਤਾ ਜਾਂਦਾ ਹੈ ਕਿਉਂਕਿ ਅਜਿਹੀ ਮਾਨਸਿਕਤਾ ਪੈਦਾ ਹੋ ਚੁੱਕੀ ਹੈ ਕਿ ਇਸ ਦੇ ਗਿਆਨ ਦਾ ਮਾਧਿਅਮ ਸਿਰਫ਼ ਅੰਗਰੇਜ਼ੀ ਭਾਸ਼ਾ ਹੈ। ਇਸ ਕਰ ਕੇ ਉਨ੍ਹਾਂ ਨੇ ਆਪਣੇ ਜਾਇਆਂ ਨੂੰ ਅੰਗਰੇਜ਼ੀ ਨੂੰ ਤਰਜੀਹ ਦੇਣ ਵਾਲੇ ਸਕੂਲਾਂ ਵਿਚ ਦਾਖਲ ਹੀ ਨਹੀਂ ਕਰਵਾਇਆ ਸਗੋਂ ਘਰ ਵਿਚ ਵੀ ਪੰਜਾਬੀ ਤੋਂ ਇਲਾਵਾ ਹੋਰ ਭਾਸ਼ਾਵਾਂ ਬੋਲਣਾ ਤੇ ਉਨ੍ਹਾਂ ਨੂੰ ਆਮ ਨਾਲੋਂ ਵੱਧ ਗੁਣਕਾਰੀ ਮੰਨਣਾ ਸ਼ੁਰੂ ਕਰ ਦਿੱਤਾ। ਅਜਿਹੀ ਮਾਨਸਿਕਤਾ ਪੈਦਾ ਹੋਣ ਦਾ ਕਾਰਨ ਮੁੱਖ ਤੌਰ 'ਤੇ ਇਹ ਰਿਹਾ ਕਿ ਸਾਇੰਸ ਅਤੇ ਤਕਨਾਲੋਜੀ ਦੇ ਵਿਕਾਸ ਸਮੇਂ ਪੰਜਾਬੀ ਅਤੇ ਹੋਰ ਖੇਤਰੀ ਭਾਸ਼ਾਵਾਂ ਵਿਚ ਅੰਗਰੇਜ਼ੀ ਭਾਸ਼ਾ ਵਾਂਗ ਸ਼ਬਦਾਂ ਦਾ ਸੰਗ੍ਰਹਿ ਹੋਂਦ ਵਿਚ ਨਹੀਂ ਆਇਆ। ਪੰਜਾਬੀ ਭਾਸ਼ਾ ਦੇ ਵਿਦਵਾਨਾਂ ਅਤੇ ਮਾਹਿਰਾਂ ਨੇ ਵੀ ਅਜਿਹੇ ਉਪਰਾਲੇ ਨਹੀਂ ਕੀਤੇ ਕਿ ਲੋੜੀਂਦੇ ਸ਼ਬਦ ਪੰਜਾਬੀ ਭਾਸ਼ਾ ਵਿਚ ਸ਼ਾਮਲ ਕੀਤੇ ਜਾਣ। ਸਿਰਫ਼ ਮੌਜੂਦਾ ਸ਼ਬਦਾਂ ਦੀ ਵਰਤੋਂ ਕਰਨ ਨੂੰ ਹੀ ਤਵੱਜੋਂ ਦਿੱਤੀ ਗਈ ਜੋ ਕਿ ਪੰਜਾਬੀ ਭਾਸ਼ਾ ਦੇ ਵਿਕਾਸ ਵਿਚ ਖੜੋਤ ਦਾ ਪ੍ਰਤੀਕ ਸੀ।

ਇਸ ਦਾ ਨਤੀਜਾ ਅੱਜ ਇਹ ਵੇਖਣ ਨੂੰ ਮਿਲ ਰਿਹਾ ਹੈ ਕਿ ਇੱਕ ਪੰਜਾਬੀ ਘਰ ਵਿਚ ਮਾਪੇ ਅਤੇ ਦਾਦੇ ਵੀ ਬੱਚਿਆਂ ਨਾਲ ਪੰਜਾਬੀ ਤਾਂ ਦੂਰ ਦੀ ਗੱਲ ਸਗੋਂ ਆਪਣੀ ਬੋਲੀ ਛੱਡ ਕੇ ਘਿਸੇ ਪਿਟੇ ਰੂਪ ਵਿਚ ਉਨ੍ਹਾਂ ਦੀ ਬੋਲੀ ਬੋਲਣ ਦੀ ਕੋਸ਼ਿਸ਼ ਕਰ ਰਹੇ ਹਨ। ਅਜਿਹਾ ਹੀ ਵਰਤਾਰਾ ਸਰਕਾਰੀ ਦਫ਼ਤਰਾਂ ਵਿਚ ਵੀ ਅੱਜ ਕੱਲ੍ਹ ਆਮ ਦੇਖਣ ਵਿਚ ਆ ਰਿਹਾ ਹੈ। ਜ਼ਿਆਦਾਤਰ ਉੱਚ ਅਧਿਕਾਰੀ ਖ਼ਾਸਕਰ ਆਈ.ਏ.ਐੱਸ., ਆਈ.ਐਫ.ਐੱਸ. ਅਤੇ ਆਈ.ਪੀ.ਐੱਸ. ਦੂਜੇ ਰਾਜਾਂ ਤੋਂ ਹੋਣ ਕਾਰਨ ਪੰਜਾਬੀ ਤੋਂ ਚੰਗੀ ਤਰ੍ਹਾਂ ਜਾਣੂ ਨਹੀਂ ਹੁੰਦੇ। ਉਨ੍ਹਾਂ ਨੂੰ ਪੰਜਾਬ ਵਿਚ ਤਾਇਨਾਤ ਹੋਣ ਲਈ ਭਾਵੇਂ ਪੰਜਾਬੀ ਦਾ ਪਰਚਾ ਪਾਸ ਕਰਨਾ ਪੈਂਦਾ ਹੈ ਪਰ ਉਨ੍ਹਾਂ ਦੀ ਪੰਜਾਬੀ 'ਚ ਮੁਹਾਰਤ ਮੁੱਢਲੇ ਪੱਧਰ ਤੱਕ ਹੀ ਹੁੰਦੀ ਹੈ।

ਇਸੇ ਤਰ੍ਹਾਂ ਪੰਜਾਬੀ ਦੀ ਲਿੱਪੀ ਗੁਰਮੁਖੀ ਨਾ ਪੜ੍ਹਨੀ ਆਉਣ ਦਾ ਨਮੂਨਾ ਪੰਜਾਬੀ ਪਰਿਵਾਰਾਂ ਤੋਂ ਉਦੋਂ ਸਾਹਮਣੇ ਆਉਂਦਾ ਹੈ ਜਦੋਂ ਇਨ੍ਹਾਂ ਪਰਿਵਾਰਾਂ ਦੇ ਜਾਏ ਧਾਰਮਿਕ ਗ੍ਰੰਥ ਪੜ੍ਹਨ ਤੋਂ ਵੀ ਅਸਮਰੱਥ ਹੁੰਦੇ ਹਨ। ਅੱਜ ਪੂਰੇ ਵਿਸ਼ਵ ਵਿਚ ਸਵਾ ਗਿਆਰਾਂ ਕਰੋੜ ਤੋਂ ਵੀ ਵੱਧ ਲੋਕਾਂ ਦੀ ਬੋਲੀ ਪੰਜਾਬੀ ਹੈ ਅਤੇ ਇਹ ਵਿਸ਼ਵ ਵਿਚ ਦਸਵੀਂ ਸਭ ਤੋਂ ਜ਼ਿਆਦਾ ਬੋਲੀ ਜਾਣ ਵਾਲੀ ਬੋਲੀ ਹੈ ਜੋ ਹਰ ਪੰਜਾਬੀ ਲਈ ਮਾਣ ਵਾਲੀ ਗੱਲ ਹੈ। ਫਿਰ ਵੀ ਜੇ ਮੌਜੂਦਾ ਤਿੰਨ ਪੀੜ੍ਹੀਆਂ ਪੰਜਾਬੀ ਭਾਸ਼ਾ ਨੂੰ ਅੱਖੋਂ ਪਰੋਖੇ ਕਰਦੀਆਂ ਰਹੀਆਂ ਤਾਂ ਪੰਜਾਬੀ ਦੀ ਹੋਂਦ ਸੱਚਮੁੱਚ ਲੋਕ ਭੁੱਲ ਜਾਣਗੇ। ਘਰਾਂ ਵਿਚ ਪੰਜਾਬੀ ਬੋਲਣ ਨਾਲ ਕੋਈ ਵਿਕਾਸ ਨੂੰ ਘਾਟਾ ਨਹੀਂ ਪੈਣ ਵਾਲਾ ਸਗੋਂ ਮਗਰਲੀਆਂ ਦੋ ਪੀੜ੍ਹੀਆਂ ਦਾ ਫਰਜ਼ ਬਣਦਾ ਹੈ ਕਿ ਉਹ ਆਪਣੇ ਜਾਇਆਂ ਨੂੰ ਉਨ੍ਹਾਂ ਦੀ ਹੋਂਦ ਬਾਰੇ ਜਾਣੂ ਕਰਵਾਉਣ ਕਿਉਂਕਿ ਮਸਨੂਈ ਬੁੱਧੀ ਦੇ ਦੌਰ ਵਿਚ ਅਜਿਹਾ ਹੋਰ ਕਿਸੇ ਨੇ ਨਹੀਂ ਦੱਸਣਾ ਅਤੇ ਆਉਂਦੇ ਯੁੱਗ ਵਿਚ ਇਹ ਬੱਚੇ ਮਸ਼ੀਨਾਂ ਬਣ ਕੇ ਰਹਿ ਜਾਣਗੇ ਅਤੇ ਪੰਜਾਬੀ ਕੇਵਲ ਇੱਕ ਭਾਸ਼ਾ। ਇਸੇ ਤਰ੍ਹਾਂ ਸਰਕਾਰੀ ਜਾਂ ਹੋਰ ਦਫ਼ਤਰਾਂ ਵਿਚ ਕੰਮ ਕਰਦੇ ਅਮਲੇ ਨੂੰ ਆਪਣੀ ਹੋਂਦ ਕਾਇਮ ਰੱਖ ਕੇ ਅਦਬ ਸਲੀਕੇ ਨਾਲ ਪੇਸ਼ ਆਉਣ ਦਾ ਫ਼ਰਜ਼ ਨਿਭਾਉਣਾ ਲਾਜ਼ਮੀ ਹੈ ਤਾਂ ਜੋ ਗ਼ੈਰ-ਪੰਜਾਬੀਆਂ ਦੇ ਗਿਆਨ ਵਿਚ ਇਜ਼ਾਫਾ ਹੋਵੇ ਤੇ ਪੰਜਾਬੀ ਦੇ ਵਿਕਾਸ ਲਈ ਹੋਰ ਰਸਤੇ ਖੁੱਲ੍ਹਣ ਦੀਆਂ ਸੰਭਾਵਨਾਵਾਂ ਪੈਦਾ ਹੋਣ।

***ਮੁੱਖ ਪਛਾਣ ਸਰੋਤ ਪੰਜਾਬੀ ਭਾਸ਼ਾ ਹੈ। ਜਿਉਂ-ਜਿਉਂ ਪੰਜਾਬੀ ਸ਼ਬਦਾਂ ਦੀ ਗਹਿਰਾਈ ਵੱਲ ਜਾਵਾਂਗੇ, ਤਿਉਂ-ਤਿਉਂ ਪੰਜਾਬੀ ਸੱਭਿਆਚਾਰ ਦੀ ਨੁਮਾਇੰਦਗੀ ਵੱਲ ਵਧਦੇ ਜਾਵਾਂਗੇ ਅਤੇ ਪੰਜਾਬੀ ਦੀ ਹੋਂਦ ਨੂੰ ਕਾਇਮ ਰੱਖ ਸਕਾਂਗੇ।***

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 16 ਨਵੰਬਰ 2024 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-664



*ਇੱਕ ਪਾਸੇ ਨਿਊ ਜਰਸੀ ਹੈ ਦੂਜੇ ਪਾਸੇ ਨਿਊ ਯਾਰਕ ਹੈ,*
*ਹਡਸਨ ਦਰਿਆ ਦੇ ਵਿਚਾਲ਼ੇ ਖੜ੍ਹਾ ਲਿਬਰਟੀ ਪਾਰਕ ਹੈ।*
*ਫਰੀਡਮ ਟਾਵਰ ਦੇ ਸਾਹਵੇਂ ਅਕਾਸ਼ ਛੋਂਹਦੇ ਮੁਨਾਰੇ ਦਿਸੇ,*
*'ਕੱਠੇ ਖੜ੍ਹ ਕੇ ਫ਼ੋਟੋ ਖਿਚਵਾਈ ਅਮਰੀਕਾ ਦੇ ਨਜ਼ਾਰੇ ਦਿਸੇ।*

### ਕੈਪਸ਼ਨ ਮੁਕਾਬਲਾ-662



ਧੀ ਹੁੰਦੀ ਹੈ ਬੜੀ ਪਿਆਰੀ,
ਮਾਂ ਬਾਪ ਦੀ ਰਾਜ ਦੁਲਾਰੀ।
ਤਾਂਹੀਉਂ ਮੋਢੇ 'ਤੇ ਚੜ੍ਹ ਬੈਠੀ,
ਕਿੰਨੀ ਮਸੂਮ ਜੱਗੋਂ ਨਿਆਰੀ।
***-ਸੇਵਾ ਸਿੰਘ ਨੂਰਪੁਰੀ***

---

ਧੀਆਂ ਹੁੰਦੀਆਂ ਦਿਲ ਦਾ ਟੋਟਾ
ਵਿੱਚ ਵਿਹੜਿਆਂ ਰੌਣਕ ਲਾਵਣ।
ਹੁੰਦੀਆਂ ਇਹ ਤਾਂ ਖੰਭੋਂ ਹੌਲੀਆਂ
ਭਾਵੇਂ ਮੋਢਿਆਂ ਉੱਪਰ ਟੱਪੀ ਜਾਵਣ।
ਥਕੇਵਾਂ ਦਿਨ ਦਾ ਲਹਿ ਜਾਂਦਾ ਹੈ
ਜਦ ਉੱਪਰ ਥੱਲੇ ਲਾਡ ਲਡਾਵਣ।
***-ਜਗਮੀਤ ਸਿੰਘ ਪੰਧੇਰ***

---

ਧੀਆਂ ਹੁੰਦੀਆਂ ਰਾਣੀਆਂ ਘਰ ਮਾਪਿਆਂ ਦੇ,
ਸਿਰ ਚੜ੍ਹਨ ਤਾਂ ਲਗਦੀਆਂ ਪਿਆਰੀਆਂ ਨੇ।
ਮੁਟਿਆਰਾਂ ਹੋਣ, ਫ਼ਿਕਰ ਆ ਘੇਰ ਲੈਂਦੇ;
ਉਚੀਆਂ ਹੁੰਦੀਆਂ ਜਾਣ ਚਾਰਦੀਵਾਰੀਆਂ ਨੇ।
ਅੱਖੀਂ ਸ਼ਰਮ ਰੱਖਣ, ਲਾਜ ਸਾਂਭ ਰੱਖਣ;
ਭਾਰੀ ਜੱਗ ਨੇ ਵੀ ਪਾਈਆਂ ਜ਼ਿੰਮੇਵਾਰੀਆਂ ਨੇ।
ਦਾਜ ਲਾਜ ਕਾਰਨ ਕਾਇਰ ਮਾਪਿਆਂ ਨੇ,
ਜੰਮਣ ਤੋਂ ਪਹਿਲਾਂ ਕਈਆਂ ਨੇ ਮਾਰੀਆਂ ਨੇ।
ਇਹ ਜੰਮਦੀਆਂ ਰਾਜੇ ਮਹਾਰਾਜਿਆਂ ਨੂੰ,
ਤਾਹੀਓਂ ਭੋਗਣ ਨੂੰ ਮਿਲਦੀਆਂ ਸਰਦਾਰੀਆਂ ਨੇ।
'ਨਾਕਾਮ' ਰੱਬ ਸੱਚਾ ਵੀ ਇਹੋ ਚਾਹੁੰਦਾ ਸੀ,
ਸੰਸਾਰ ਚੱਲਣ ਨੂੰ ਚਾਹੀਦੀਆਂ ਨਾਰੀਆਂ ਨੇ।
***-ਗੁਰਬਖਸ਼ ਸਿੰਘ 'ਨਾਕਾਮ'***

---

ਬਚਪਨ ਹੁੰਦਾ ਬੇਫਿਕਰਾ
ਮਾਪਿਆਂ ਦੇ ਸਿਰ 'ਤੇ
ਮੌਜਾਂ ਦੀਆਂ ਹੁੰਦੀਆਂ ਸਿਖਰਾਂ।
ਮੋਢਿਆਂ 'ਤੇ ਚੜ੍ਹ ਬੈਠਣਾ ਬਾਪੂ ਦੇ
ਸ਼ਰਾਰਤਾਂ ਕਰਦੇ ਸੀ ਰੱਜ ਕੇ।
ਭੁੱਲਦੇ ਨਹੀਂ ਉਹ ਦਿਨ ਜ਼ਿੰਦਗੀ ਦੇ
ਔਖੇ ਵੇਲੇ ਲੰਘਣ ਹੱਸ ਕੇ।
ਬਾਦਸ਼ਾਹਾਂ ਵਰਗੀ ਸੇਵਾ ਹੁੰਦੀ
ਆਪਣਾ ਵਕਤ ਭਾਵੇਂ ਲੰਘਾਉਣ
ਫਾਕੇ ਕੱਟ ਕੇ।
***-ਅਮਰਜੀਤ ਸਿੰਘ ਤੂਰ***

---

ਬਾਪੂ ਚੁੱਕ ਪੋਤੇ ਨੂੰ ਘਨੇੜੀ
ਮੇਲੇ ਲੈ ਕੇ ਫਿਰਦਾ ਸੀ
ਬੱਚਾ ਹੋ ਉਚਾ ਉਚਾ
ਜੋ ਅਨੰਦ ਸੀ ਮਾਣਦਾ
ਸਾਰੀ ਉਮਰ ਉਸੇ ਦੇ ਗੁਣ ਗਾਉਂਦਾ।
ਬੱਚਾ ਮਾਂ ਬਾਪ ਦਾ ਸਿਰ ਫੜ
ਚੜ੍ਹ ਮੋਢਿਆਂ 'ਤੇ ਹਲਕੀ ਹਲਕੀ ਮਾਲਿਸ਼ ਕਰਦਾ
ਕਰ ਤੋਤਲੀਆਂ, ਕੱਢ ਕੁਤਕਤਾਰੀਆਂ
ਹਸਾ ਹਸਾ ਬਾਪੂ ਨੂੰ
ਮੁਗਦ ਕਰ ਦਿੰਦਾ
ਬੱਚਾ ਭਾਵੇਂ ਅਣਭੋਲ
ਕੋਸ਼ਿਸ਼ ਕਰਦਾ ਦਿਲ ਜਿੱਤਣ ਦੀ
ਬਾਪੂ ਦਾ ਵੀ ਸਾਰਾ ਥਕੇਵਾਂ ਲਹਿ ਜਾਂਦਾ।
***-ਦਰਸ਼ਨ ਪਾਲ ਦੋਸਾਂਝ***

# ਇਕ ਪ੍ਰਵਾਸੀ ਬਣੇ ਸਰਪੰਚ ਨੂੰ ਮੁਬਾਰਕ ਤੇ ਸਵਾਗਤ !

> ਪੰਜਾਬ ਵਿਚ ਹੁਣੇ ਹੁਣੇ ਹੋਈਆਂ ਪੰਚਾਇਤ ਚੋਣਾ ਦੇ ਨਤੀਜੇ ਆਉਣ 'ਤੇ ਮੀਡੀਏ ਵਿਚ ਕਈ ਅਜਿਹੇ ਪਿੰਡਾਂ ਦੀਆਂ ਖਬਰਾਂ ਬੜੇ ਉਚੇਚੇ ਰੂਪ ਵਿਚ ਛਪੀਆਂ ਜਿੱਥੇ ਯੂ.ਪੀ ਬਿਹਾਰ ਤੋਂ ਆਏ ਪ੍ਰਵਾਸੀ ਵਿਅਕਤੀ, ਮੈਂਬਰ ਪੰਚਾਇਤ ਜਾਂ ਸਰਪੰਚ ਚੁਣੇ ਗਏ। ਅਜਿਹੀਆਂ ਖਬਰਾਂ ਨੂੰ ਉਚੇਚਾ 'ਲੂਣ ਮਸਾਲਾ' ਲਾ ਲਾ ਕੇ ਪ੍ਰੋਸਣ ਵਾਲ਼ਿਆਂ ਵਿਚ ਉਨ੍ਹਾਂ ਪ੍ਰਵਾਸੀ ਪੰਚਾਂ-ਸਰਪੰਚਾਂ ਨਾ਼ਲ ਨਫਰਤ ਕਰਨ ਵਾ਼ਲੇ ਵੀ ਹੋ ਸਕਦੇ ਹਨ ਪਰ ਅਜਿਹੀਆਂ ਖਬਰਾਂ ਦੇਣ ਵਾ਼ਲੇ ਇਕ-ਦੋ ਪੱਤਰਕਾਰਾਂ ਨੇ ਪੁੱਛਣ 'ਤੇ ਦੱਸਿਆ ਕਿ ਉਨ੍ਹਾਂ ਦੀ ਮਨਸ਼ਾ ਇਹ ਸੀ ਕਿ ਪੰਜਾਬ ਤੋਂ ਅੰਨ੍ਹੇਂ ਵਾਹ ਪ੍ਰਵਾਸ ਕਰ ਰਹੇ ਪੰਜਾਬੀਆਂ ਨੂੰ 'ਅੱਗਾ ਦੌੜ ਪਿੱਛਾ ਚੌੜ' ਵਾ਼ਲੇ ਅਖਾਣ ਦਾ ਅਹਿਸਾਸ ਕਰਾਇਆ ਜਾਵੇ! ਇਸ ਵਿਸ਼ੇ 'ਤੇ ਹੋਰ ਕੁੱਝ ਨਾ ਲਿਖਦਿਆਂ ਮੈਂ ਪੰਜਾਬ 'ਚ ਇਕ ਪਿੰਡ ਦੇ ਸਰਪੰਚ ਬਣੇ ਉਸ ਪ੍ਰਵਾਸੀ (ਐਨ.ਆਰ.ਆਈ) ਬਾਰੇ ਜਾਣਕਾਰੀ ਦੇ

**ਤਰਲੋਚਨ ਸਿੰਘ 'ਦੁਪਾਲ ਪੁਰ'**
**ਫੋਨ: +91-78146-92724**

ਰਿਹਾ ਹਾਂ ਜਿਸ ਦੀ ਕਹਾਣੀ ਪੰਜਾਬ ਤੋਂ ਵਿਦੇਸ਼ਾਂ ਵੱਲ੍ਹ ਹੋ ਰਹੇ ਪ੍ਰਵਾਸ ਨੂੰ ਠੱਲ੍ਹ ਪਾਉਣ ਵਿਚ ਸਹਾਈ ਹੋ ਸਕਦੀ ਹੈ!

> ਆਪਣੇ ਪਿੰਡ ਬੀਰੋ ਵਾ਼ਲ (ਜ਼ਿਲ੍ਹਾ ਨਵਾਂ ਸ਼ਹਿਰ) ਦਾ ਨਵਾਂ ਚੁਣਿਆਂ ਗਿਆ ਸਰਪੰਚ ਜਸਪਾਲ ਸਿੰਘ ਵਿਰਕ ਪਿੱਛੋਂ ਪੰਜਾਬ ਤੋਂ ਵੀ ਅਤੇ ਅਮਰੀਕਾ ਤੋਂ ਵੀ ਮੇਰਾ ਗੁਆਂਢੀ ਹੈ। ਇੱਥੇ ਇਹ ਵੀ ਸਪਸ਼ਟ ਕਰਦਾ ਜਾਵਾਂ ਕਿ ਸਿਰਫ ਆਪਣਾ ਗੁਆਂਢੀ ਸੱਜਣ ਹੋਣ ਦੀ ਵਜਾਹ ਕਰਕੇ ਹੀ ਮੈਂ ਇਹ ਲਿਖਤ ਨਹੀਂ ਲਿਖਣ ਜਾ ਰਿਹਾ। ਸਗੋਂ ਇਸਦਾ ਮਕਸਦ ਪੰਜਾਬ ਤੋਂ ਪ੍ਰਵਾਸ ਕਰ ਗਿਆਂ ਨੂੰ ਪਿਛੋਕੜ ਨਾ਼ਲ ਪਿਆਰ ਪਾਉਣ ਤੇ ਵਧਾਉਣ ਦੀ ਪ੍ਰੇਰਨਾ ਕਰਨਾ ਹੈ।

> ਲਗ ਭਗ ਤੀਹ ਕੁ ਸਾਲ ਪਹਿਲਾਂ ਪੰਜਾਬ ਦੇ ਹੋਰ ਮੁੰਡਿਆਂ ਵਾਂਗ ਜਸਪਾਲ ਸਿੰਘ ਵੀ ਅਮਰੀਕਾ ਚਲਾ ਆਇਆ ਸੀ। ਕਈ ਸਾਲ ਸਖਤ ਸੰਘਰਸ਼ ਕਰਦਿਆਂ ਉਸਨੇ ਆਪਣੇ ਇਕ ਭਰਾ ਨੂੰ ਵੀ ਅਮਰੀਕਾ ਸੱਦਿਆ ਅਤੇ ਦੋਹਾਂ ਨੇ ਰ਼ਲ ਕੇ ਇੱਥੇ ਛੋਟਾ ਮੋਟਾ ਕਾਰੋਬਾਰ ਵੀ ਸਥਾਪਤ ਕਰ ਲਿਆ।

ਉਹ ਜਦ ਵੀ ਕਿਤੇ ਮੈਨੂੰ ਮਿ਼ਲਦਾ ਤਾਂ ਪੰਜਾਬ ਦੇ ਦਰਦ ਦੀਆਂ ਗੱਲਾਂ ਕਰਦਿਆਂ ਕਹਿੰਦਾ ਕਿ ਜਿਵੇਂ ਅਸੀਂ ਬਾਹਰ ਆ ਕੇ ਬਿਨਾਂ ਨੱਕ-ਬੁੱਲ੍ਹ ਵੱਟਿਆਂ ਹਰ ਤਰਾਂ ਦਾ ਕੰਮ ਕਰ ਲੈਂਦੇ ਹਾਂ ਇਵੇਂ ਅਸੀਂ ਪੰਜਾਬ ਵਿਚ ਕਿਉਂ ਨੀ ਕਰ ਸਕਦੇ? ਅਕਸਰ ਉਹ ਇਹ ਵੀ ਕਹਿੰਦਾ ਕਿ ਅਸੀਂ ਪ੍ਰਵਾਸੀ, ਪਿੰਡ ਜਾ ਕੇ ਵਿਦੇਸ਼ਾਂ ਦੇ ਕੰਮ-ਕਲਚਰ ਅਤੇ ਇਮਾਨਦਾਰੀ ਦੇ ਕਿੱਸੇ ਹੁੱਬ ਹੁੱਬ ਸੁਣਾਉਂਦੇ ਹਾਂ। ਕੀ ਇਹ ਕਲਚਰ ਅਤੇ ਇਮਾਨਦਾਰੀ ਪੰਜਾਬ 'ਚ ਨਹੀਂ ਲਿਜਾਏ ਜਾ ਸਕਦੇ?

> ਅਮਰੀਕਾ 'ਚ ਰਹਿੰਦਿਆਂ ਮਾਦਰੇ-ਵਤਨ ਦੀ ਅਜਿਹੀ ਚਿੰਤਾ ਕਰਦੇ ਰਹਿੰਦੇ ਜਸਪਾਲ ਸਿੰਘ ਨੂੰ ਉਦੋਂ ਹੋਰ ਤਕੜਾ ਹੁਲਾਰਾ ਮਿ਼ਲ ਗਿਆ ਜਦ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਆਪਣੀ ਸਰਕਾਰ ਦੀ ਮਨਸ਼ਾ ਬਾਰੇ



ਕਿਹਾ ਕਿ ਆਪਾਂ ਰ਼ਲ ਮਿ਼ਲ ਕੇ ਪੰਜਾਬ ਨੂੰ ਏਦਾਂ ਦਾ ਬਣਾਈਏ ਕਿ ਵਿਦੇਸ਼ ਗਏ ਸਾਡੇ ਨੌਜਵਾਨ ਮੁੜ ਪੰਜਾਬ ਪਰਤ ਆਉਣ ਦੀ ਤਿਆਰੀ ਕਰਨ।

> ਇਸੇ ਦੌਰਾਨ ਇਕ ਅਸਹਿ ਭਾਣਾ ਵਾਪਰ ਗਿਆ। ਜਸਪਾਲ ਦਾ ਵੱਡਾ ਭਰਾ ਇਕਬਾਲ ਸਿੰਘ ਵਿਰਕ ਜੋ ਬੀਰੋ ਵਾ਼ਲ ਦਾ ਸਰਪੰਚ ਰਿਹਾ, ਭਰ ਜਵਾਨੀ ਵਿਚ ਹੀ ਅਚਾਨਕ ਚੜ੍ਹਾਈ ਕਰ ਗਿਆ। 'ਭਾਈ ਮਰੇ ਬਾਂਹ ਭੱਜਦੀ ਅੱਖੀਓਂ ਨੀ ਸੁੱਕਦਾ ਨੀਰ'-ਜਸਪਾਲ ਸਿੰਘ ਦਾ ਸਮੁੱਚਾ ਪਰਿਵਾਰ ਡੂੰਘੇ ਸਦਮੇਂ ਵਿਚ ਚਲਾ ਗਿਆ। ਸਾਊ ਸੁਭਾਅ, ਨੇਕ ਦਿਲ ਅਤੇ ਮਿੱਠ-ਬੋਲੇ ਇਕਬਾਲ ਦੇ ਸਦੀਵੀ ਵਿਛੋੜੇ ਕਾਰਨ ਸਾਰਾ ਬੀਰੋਵਾ਼ਲ ਹੰਝੂ ਕੇਰਦਾ ਮੈਂ ਖੁਦ ਦੇਖਿਆ। ਵਿੱਛੜੇ ਵੀਰ ਦੀਆਂ ਅੰਤਮ ਰਸਮਾਂ ਨਿਭਾਉਣ ਉਪਰੰਤ ਉਹ ਕਈ ਮਹੀਨੇ ਪਿੰਡ ਰਿਹਾ।

> ਹੌ਼ਲੀ ਹੌਲੀ ਸਦਮੇਂ 'ਚੋਂ ਸੰਭ਼ਲ ਕੇ ਉਸਨੇ ਆਪਣੇ ਸਵਰਗੀ ਭਰਾ ਵਾਂਗ ਲੋਕ-ਸੇਵਾ ਦੇ ਕਾਰਜ ਕਰਨੇ ਸ਼ੁਰੂ ਕੀਤੇ। ਬਾਬਾ ਜਗਤਾਰ ਸਿੰਘ ਪਨਿਆ਼ਲੀ ਵਾ਼ਲਿਆਂ ਦੀ ਦੇਖ-ਰੇਖ ਹੇਠ 'ਇਕਬਾਲ ਸਿੰਘ ਯਾਦਗਾਰੀ ਕਬੱਡੀ ਟੂਰਨਾਮੈਂਟ' ਕਰਾਉਣ ਦੀ ਸ਼ੁਰੂਆਤ ਕੀਤੀ। ਆਪਣੇ ਪਿੰਡ ਲਾਗੇ ਨਵਾਂ ਸ਼ਹਿਰ ਵਿਖੇ ਪੈਟ੍ਰੋਲ ਪੰਪ ਦਾ ਕਾਰੋਬਾਰ ਸ਼ੁਰੂ ਕੀਤਾ। ਅਮਰੀਕਾ ਤੋਂ ਪੰਜਾਬ ਆ ਕੇ ਖੇਤੀ ਬਾੜੀ ਦੇ ਨਾ਼ਲ ਨਾ਼ਲ ਹੋਰ ਕਾਰੋਬਾਰ ਸ਼ੁਰੂ ਕਰਨ ਦੀ ਸੁਭਾਗੀ ਸੂਚਨਾ ਸਾਂਝੀ ਕਰਨ ਲਈ ਉਸਨੇ ਮੁੱਖ ਮੰਤਰੀ ਸ੍ਰੀ ਭਗਵੰਤ ਸਿੰਘ ਮਾਨ ਨੂੰ ਮਿਲਣ ਦਾ ਪ੍ਰੋਗਰਾਮ ਬਣਾਇਆ। ਮਾਨ ਸਾਹਬ ਨੇ ਵੀ 22 ਦਸੰਬਰ 2023 ਵਾ਼ਲੇ ਦਿਨ ਮੁੱਖ ਮੰਤਰੀ ਨਿਵਾਸ ਚੰਡੀਗੜ੍ਹ ਵਿਖੇ ਸੱਦ ਕੇ ਉਸਦਾ ਮਾਣ-ਸਤਿਕਾਰ ਕੀਤਾ।

> ਅਕਤੂਬਰ 2024 ਵਿਚ ਹੋਈਆਂ ਪੰਚਾਇਤੀ ਚੋਣਾ ਮੌਕੇ ਬੀਰੋ ਵਾ਼ਲ ਵਾਸੀਆਂ ਵਲੋਂ ਜੋਰ ਪਾਉਣ 'ਤੇ ਉਸਨੇ ਸਰਪੰਚੀ ਦੀ ਚੋਣ ਲੜੀ ਅਤੇ ਕਾਮਯਾਬ ਹੋਇਆ। ਇਹ ਵੀ ਸੰਯੋਗ ਜਾਂ ਇਤਫਾਕ ਹੀ ਸਮਝੋ ਕਿ ਹੁਣ ਵਿਰਕ ਪਰਿਵਾਰ ਵਿਚ ਜਸਪਾਲ ਸਿੰਘ ਸਰਪੰਚ, ਸਵਰਗੀ ਇਕਬਾਲ ਸਿੰਘ ਦੀ ਸੁਪਤਨੀ ਬੀਬੀ ਮਨਜੀਤ ਕੌਰ ਪੰਚ ਅਤੇ ਜਸਪਾਲ ਦਾ ਛੋਟਾ ਵੀਰ ਜਸਵਿੰਦਰ ਸਿੰਘ ਲੰਬੜਦਾਰ ਹੈ!

> ਬੀਤੇ ਅਕਤੂਬਰ ਵਿਚ ਪੰਚਾਇਤ ਚੋਣਾ ਦੇ ਨਤੀਜੇ ਆਉਣ 'ਤੇ ਜਦ ਮੈਂ ਉਸਨੂੰ ਫੋਨ 'ਤੇ ਸਰਪੰਚ ਬਣਨ ਦੀ ਵਧਾਈ ਦਿੱਤੀ ਤਾਂ ਉਸਨੇ ਭਰੇ ਗ਼ਲੇ ਨਾਲ ਵਿੱਛੜੇ ਵੀਰ ਇਕਬਾਲ ਸਿੰਘ ਨੂੰ ਯਾਦ ਕਰਦਿਆਂ ਕਿਹਾ ਕਿ ਪਿੰਡ ਵਿਚ ਉਹਦੇ ਸੋਚੇ ਹੋਏ ਕੁੱਝ ਕੰਮ ਕਰਨ ਵਾ਼ਲੇ ਰਹਿੰਦੇ ਹਨ, ਵਾਹਿਗੁਰੂ ਦੀ ਮਿਹਰ ਸਦਕਾ ਮੈਂ ਬਿਨਾਂ ਕੋਈ ਸਰਕਾਰੀ ਗ੍ਰਾਂਟਾਂ ਉਡੀਕਿਆਂ ਪਹਿਲਾਂ ਉਹ ਸਾਰੇ ਕਾਰਜ ਨੇਪਰੇ ਚਾੜ੍ਹਨੇ ਹਨ।

> ਆਓ ਵੀਰ ਜਸਪਾਲ ਸਿੰਘ ਨੂੰ ਆਪਣੇ ਪਿੰਡ ਬੀਰੋਵਾ਼ਲ ਦਾ ਸਰਪੰਚ ਬਣਨ ਦੀ ਵਧਾਈ ਦਿੰਦਿਆਂ ਪੰਜਾਬ ਵਲੋਂ ਉਸਦਾ ਸਵਾਗਤ ਵੀ ਕਰੀਏ! ਵਿਦੇਸ਼ਾਂ ਵਿਚ ਬੈਠਿਆਂ 'ਹਾਏ ਪੰਜਾਬ 'ਚ ਭਈਏ ਆ ਗਏ!' ਦੀ ਜਬਾਨੀ-ਕਲਾਮੀ ਚਿੰਤਾ ਕਰਨ ਨਾਲੋਂ ਜਸਪਾਲ ਸਿੰਘ ਵਾ਼ਲਾ ਰਾਹ ਅਪਣਾਈਏ। ਇਹ ਉਮੀਦ ਵੀ ਕਰੀਏ ਕਿ ਵਿਦੇਸ਼ਾਂ ਵਿਚ ਪ੍ਰਵਾਸੀ ਪੰਜਾਬੀਆਂ ਵਲੋਂ ਗਦਰੀ ਬਾਬਿਆਂ ਦੀ ਯਾਦ ਵਿਚ ਲਗਾਏ ਜਾਂਦੇ ਮੇਲਿਆਂ ਤੋਂ ਪ੍ਰੇਰਨਾ ਲੈ ਕੇ ਪੰਜਾਬ ਵਿਚ ਦਿਨ-ਬ-ਦਿਨ ਸੁੰਨੇ ਹੁੰਦੇ ਜਾ ਰਹੇ ਘਰਾਂ ਵਿਚ ਜੀਆਂ ਦੇ ਰੌਣਕ-ਮੇਲੇ ਦਾ ਵੀ ਕੋਈ ਬਾਨ੍ਹਣੂ ਬੰਨ੍ਹੀਏਂ! ਆਮੀਨ!!

## ਕੈਨੇਡਾ-ਅਮਰੀਕਾ ਦੇ ਗੋਦੀ ਮੀਡੀਆ

ਐਮਾਜੋਨ (Amazon) ਦੇ ਫਾਊਂਡਰ ਜੈਫ ਬੀਜੋਸ ਅਨੁਸਾਰ ਅਮਰੀਕਾ ਦਾ ਵੱਡਾ ਨਿਊਜ਼ ਪੇਪਰ 'Washington Post' ਝੂਠੇ ਪ੍ਰਾਪੋਗੰਡੇ ਫੈਲਾਉਣ ਵਾ਼ਲਾ ਗੋਦੀ ਮੀਡੀਆ ਬਣ ਚੁੱਕਾ ਹੈ। ਇਸੇ ਕਰਕੇ ਸਿਰਫ ਪਿਛਲੇ ਕੁਝ ਹਫ਼ਤਿਆਂ ਵਿੱਚ ਇਸ ਅਖਬਾਰ ਦੇ ਦੋ ਲੱਖ ਤੋਂ ਵੱਧ ਮੈਂਬਰ Subscription ਕੈਂਸਲ ਕਰ ਚੁੱਕੇ ਹਨ। ਪੰਨੂੰ-ਨਿੱਝਰ ਮਾਮਲੇ ਵਿੱਚ ਵੀ ਬਹੁਤੀਆਂ ਖ਼ਬਰਾਂ ਇਸੇ ਅਖਬਾਰ ਰਾਹੀਂ ਪਲਾਂਟ ਕੀਤੀਆਂ ਗਈਆਂ ਹਨ।

ਕੈਨੇਡੀਅਨ ਪੱਤਰਕਾਰ ਭਾਈਚਾਰੇ ਵਿੱਚ ਵੀ ਪਿਛਲੇ ਦਿਨਾਂ ਤੋਂ ਗੱਲਾਂ ਚੱਲ ਰਹੀਆਂ ਹਨ ਕਿ ਕਨੇਡੀਅਨ ਮੀਡੀਆ ਅਦਾਰੇ CBCTV, CTV, Global TV, Toronto Star ਆਦਿ ਵੀ ਗੋਦੀ ਮੀਡੀਆ ਬਣ ਚੁੱਕੇ ਹਨ। ਗੋਦੀ ਮੀਡੀਆ ਤੋਂ ਭਾਵ ਹੈ ਕਿ ਜਿਹੜੇ ਚੈਨਲ ਸਰਕਾਰੀ



**ਹਰਚਰਨ ਸਿੰਘ ਪਰਹਾਰ**

ਪੈਸਾ ਲੈ ਕੇ ਸਰਕਾਰਾਂ ਦੀ ਬੋਲੀ ਬੋਲਦੇ ਹਨ ਅਤੇ ਲੋਕਾਂ ਨੂੰ ਗੁੰਮਰਾਹ ਕਰਨ ਲਈ ਝੂਠੇ ਬਿਰਤਾਂਤ ਸਿਰਜਦੇ ਹਨ।

ਯਾਦ ਰਹੇ ਜੈਫ ਬੀਜੋਸ ਇਸੇ ਵਾਸ਼ਿੰਗਟਨ ਪੋਸਟ ਅਖਬਾਰ ਦੇ ਐਡੀਟਰ ਰਹਿ ਚੁੱਕੇ ਹਨ। ਉਨ੍ਹਾਂ ਅਜਿਹਾ ਬਿਆਨ ਇਸ ਕਰਕੇ ਦਿੱਤਾ ਹੈ ਕਿ ਵਾਸ਼ਿੰਗਟਨ ਪੋਸਟ ਵਰਗੇ ਅਮਰੀਕਨ ਤੇ ਪੱਛਮੀ ਗੋਦੀ ਮੀਡੀਆ ਡੀਪ ਸਟੇਟ ਦੀ ਪਾਲਿਸੀ ਅਧੀਨ ਕਿਸੇ ਵੀ ਹਾਲਤ ਵਿੱਚ ਟਰੰਪ ਨੂੰ ਰਾਸ਼ਟਰਪਤੀ ਨਹੀ ਬਣਨ ਦੇਣਾ ਚਾਹੁੰਦੇ। ਵਾਸ਼ਿੰਗਟਨ ਪੋਸਟ ਸਮੇਤ ਅਮਰੀਕਾ ਦੇ ਕਈ ਗੋਦੀ ਮੀਡੀਆ ਟਰੰਪ ਖਿਲਾਫ ਰੋਜ਼ਾਨਾ ਝੂਠੇ ਬ੍ਰਿਤਾਂਤ ਸਿਰਜਦੇ ਹਨ ਕਿਉਂਕਿ ਟਰੰਪ ਵੱਖ-ਵੱਖ ਦੇਸ਼ਾਂ ਵਿੱਚ ਅਮਰੀਕਾ ਵੱਲੋਂ ਲਗਾਈਆਂ ਜਾਂਦੀਆਂ ਜੰਗਾਂ ਅਤੇ ਖੜੇ ਕੀਤੇ ਜਾਂਦੇ ਅੱਤਵਾਦ ਦੇ ਖਿਲਾਫ ਹੈ।

ਅਮਰੀਕਨ ਤੇ ਕਨੇਡੀਅਨ ਗੋਦੀ ਮੀਡੀਆ ਵੀ ਕੁਝ ਸਿੱਖ ਗਰੁੱਪਾਂ ਨੂੰ ਵਰਤਣ ਲਈ ਅਜਿਹੇ ਝੂਠੇ ਬ੍ਰਿਤਾਂਤ ਸਿਰਜ ਰਹੇ ਹਨ, ਜਿਸਦੇ ਨਤੀਜੇ ਲੰਬੇ ਸਮੇਂ ਲਈ ਦੇਸ਼-ਵਿਦੇਸ਼ ਵਿੱਚ ਵੱਸਦੇ ਭਾਈਚਾਰੇ ਦੇ ਭਵਿੱਖ ਲਈ ਖਤਰਨਾਕ ਸਾਬਿਤ ਹੋਣਗੇ। ਬੇਸ਼ਕ ਬਹੁ-ਗਿਣਤੀ ਸਿੱਖ ਭਾਈਚਾਰਾ ਚੁੱਪੀ ਧਾਰੀ ਬੈਠਾ ਹੈ, ਪਰ ਭਵਿੱਖ ਦਾ ਸੰਤਾਪ 84 ਦੇ ਦੌਰ ਵਾਂਗ ਸਭ ਨੂੰ ਭੁਗਤਣਾ ਪੈਣਾ ਹੈ। ਪਰ ਬਦਕਿਸਮਤੀ ਨਾ਼ਲ ਜਦੋਂ ਸਿੱਖ ਭਾਈਚਾਰੇ ਦੀ ਲੀਡਰਸ਼ਿਪ ਤੇ ਵਿਦਵਾਨ ਸ਼੍ਰੇਣੀ ਕੋ਼ਲ ਕੋਈ ਵਿਜਨ ਨਹੀ ਹੈ ਤਾਂ ਆਮ ਜਨਤਾ ਨੂੰ ਕੀ ਦੋਸ਼ ਦਿੱਤਾ ਜਾ ਸਕਦਾ ਹੈ। ਸਾਡੇ ਲੀਡਰ ਤੇ ਵਿਦਵਾਨ ਪਿਛਲੇ 175 ਸਾਲਾਂ ਤੋਂ ਭਾਈਚਾਰੇ ਨੂੰ ਬਿਨਾਂ ਕਿਸੇ ਪਲੈਨਿੰਗ, ਦੂਰ-ਅੰਦੇਸ਼ੀ ਸੋਚ ਦੇ ਮੋਰਚਿਆਂ, ਸੰਘਰਸ਼ਾਂ, ਲੜਾਈਆਂ-ਝਗੜਿਆਂ ਵਿੱਚ ਉਲਝਾ ਕੇ ਬਿਨਾਂ ਕਿਸੇ ਪ੍ਰਾਪਤੀ ਦੇ ਨੁਕਸਾਨ ਤੇ ਨੁਕਸਾਨ ਕਰਵਾਈ ਜਾਂਦੇ ਹਨ।

## ਕਾਵਿ-ਕਿਆਰੀ

### ਕਹਿਰ ਦੇ ਤਿੰਨ ਦਿਨ

ਦਿਨ ਉਦਾਸ ਨੇ, ਰਾਤਾਂ ਗਮਗੀਨ ਨੇ।
ਦੋਸ਼ ਕਤਲੇਆਮ ਦੇ, ਕਿੰਨੇ ਸੰਗੀਨ ਨੇ।
ਦਨ ਦਨਾਂਦੇ ਕਾਤਲ, ਵਜ਼ੀਰ ਬਣ ਗਏ।
ਮਾਰੇ ਗਏ ਜਿਨ੍ਹਾਂ ਦੇ, ਫਕੀਰ ਬਣ ਗਏ।
ਅੱਲ੍ਹੇ ਨੇ ਜ਼ਖਮ ਹਜੇ, ਨਾਸੂਰ ਬਣ ਗਏ।
ਕੌਮ ਦੇ ਅਹਿਸਾਨ ਵੀ, ਕਸੂਰ ਬਣ ਗਏ।

ਦਿੱਲੀ, ਕਾਨਪੁਰ, ਇੰਦੌਰ, ਧਨਬਾਦ ਸੀ।
ਬੇਪੱਤ ਤੇ ਬੇਆਬਰੂ, ਹੋਏ ਬਰਬਾਦ ਸੀ।
ਪੁੱਛਿਆ ਨਾ ਹਾਲ, ਅੰਨ੍ਹਾ ਇਨਸਾਫ਼ ਸੀ।
ਹਾਕਮ ਦੋਸ਼ੀ ਸੀ, ਨੀਅਤ ਨਾ ਸਾਫ਼ ਸੀ।
ਅਠੱਤੀ ਸਾਲ ਬਾਅਦ, ਸਬੂਤ ਮੰਗਦੇ ਨੇ।
ਨੱਕ ਹੇਠਾਂ ਹੋਇਆ, ਜ਼ਰਾ ਨਾ ਸੰਗਦੇ ਨੇ।

ਕਿੰਨੇ ਮਾਰੇ ਜੀਂਦੇ ਸਾੜੇ, ਕਿੰਨੇ ਅਨਾਥ ਨੇ?
ਚੁੰਨੀ ਲੱਥੀ ਕੱਢੇ ਹਾੜੇ, ਕਿੰਨੇ ਮੁਹਥਾਜ ਨੇ?
ਝੂਠੀ ਦਲੀਲਾਂ ਨਾਲ, ਸਮਾਂ ਟਪਾਉਂਦੇ ਨੇ।
ਅੱਧੇ ਗਵਾਹ ਮਰ ਚੁੱਕੇ, ਬੱਸ ਟਰਕਾਂਦੇ ਨੇ।
ਬਹੁਤੇ ਭਾਣਾ ਮੰਨ ਕੇ, ਚੁੱਪ ਚਾਪ ਹੋਏ ਨੇ।
ਰੋਸ ਕਰੀਏ ਕਿਸ ਕੋਲ, ਨਿਰਾਸ਼ ਹੋਏ ਨੇ?

ਕਹਿਰ ਦੀਆਂ ਸਨ, ਤਿੰਨ ਦਿਨ ਤੇ ਰਾਤਾਂ।
ਹਿੰਦ ਦੇ ਮੱਥੇ ਕਲੰਕ, ਇਤਹਾਸ ਪਾਵੇ ਬਾਤਾਂ।
ਦੰਗੇ ਨਹੀਂ ਸਨ, ਕਿੱਸਾ ਹੈ ਨਸਲਘਾਤ ਦਾ।
ਖੂਬ ਭੰਡੀ ਕੌਮ, ਕੰਮ ਸਿਆਸੀ ਜਮਾਤ ਦਾ।
ਹਕੂਮਤਾਂ ਬਦਲੀਆਂ, ਪਰ ਸੋਚ ਉਹੀ ਹੈ।
ਸਿਵਿਆਂ ਦੇ ਵੱਟੇ ਵੋਟ, ਕਿਰਦਾਰ ਉਹੀ ਹੈ।

***-ਸੇਵਾ ਸਿੰਘ 'ਨੂਰਪੁਰੀ'***

---

### ਨਵੰਬਰ ਚੁਰਾਸੀ ਦਿੱਲੀ

ਧਰਮ ਕਰਮ ਦੀ ਬਾਤ ਹਮੇਸ਼ਾ ਪਾਉਂਦੇ ਰਹੇ,
ਜੁਰਮ ਇਕਬਾਲ ਤੋਂ ਕੰਨੀਂ ਕਤਰਾਉਂਦੇ ਰਹੇ।
ਹਕੂਮਤ ਰਸੂਖ਼ ਰਿਸ਼ਵਤ ਰੁਤਬੇ ਦੀ ਧੌਂਸ ਤੇ,
ਕੀਤੇ ਅਪਰਾਧਾਂ ਦੇ ਪ੍ਰਮਾਣ ਮਿਟਾਉਂਦੇ ਰਹੇ।

ਦਰਖਤ ਡਿੱਗਾ ਇੱਕ ਧਰਤ ਕੰਬੀ ਭਾਰਤ ਦੀ,
ਨਿਰਜਿੰਦ ਰੁੱਖ ਸਿੰਜਦੇ, ਰੱਤ ਵਹਾਉਂਦੇ ਰਹੇ।
ਲਾਸ਼ ਰੱਖ ਕੇ ਪ੍ਰਦਰਸ਼ਨ, ਟੈਲੀਵਿਜ਼ਨ ਮੂਹਰੇ,
ਆਰਤੀ ਉਤਾਰਦੇ ਬਸਤੀਆਂ ਜਲਾਉਂਦੇ ਰਹੇ।

ਨਸਲਕੁਸ਼ੀ ਇੱਕ ਕੌਮ ਦੀ ਸੀ ਟਾਰਗੈਟ ਅੱਗੇ,
ਪ੍ਰਯੋਜਨ ਲਲਕਾਰਦੇ, ਬਿਗਲ ਵਜਾਉਂਦੇ ਰਹੇ।
ਸਾੜੋ, ਮਾਰੋ, ਲੁੱਟੋ, ਮੁਕਾ ਦਿ" ਨਸਲ ਸਾਰੀ,
ਭੂਤਰੀ ਭੀੜ ਸੀ ਅਬਦਾਲੀ ਉਕਸਾਉਂਦੇ ਰਹੇ।

ਮਸਲੀਆਂ ਕਰੂੰਬਲਾਂ ਪੱਤੀਆਂ ਜਰਵਾਣਿਆਂ ਨੇ,
ਟਾਹਣੀਆਂ ਛਾਂਗਦੇ ਰਹੇ, ਮੋਛੇ ਮਚਾਉਂਦੇ ਰਹੇ।
ਕਰਦੇ ਰਹੇ ਵਾਢੀ, ਮਾਵੇ ਡੁੰਗ ਕੇ ਇਹ ਸੀਰੀ,
ਸਿਰਾਂ ਦੇ ਮੁੱਲ ਵਟਦੇ, ਸੱਥਰ ਵਿਛਾਉਂਦੇ ਰਹੇ।

ਝਪਟੇ ਗਿਰਝਾਂ ਵਾਂਗਰ ਅਣਭੋਲ ਸ਼ਿਕਾਰ ਉੱਤੇ,
ਬੋਟੀਆਂ ਨੋਚਦੇ ਜਬਰ ਹਵਸ ਮਿਟਾਉਂਦੇ ਰਹੇ।
ਗ਼ਜ਼ਨੀ ਦੀਆਂ ਫ਼ੌਜਾਂ ਵਾਂਗਰ ਮਚਾਈ ਆਗਜ਼ਨੀ,
ਆਬਰੂ ਬਹੂ ਬੇਟੀਆਂ ਦੀ ਘੱਟੇ ਰੁਲਾਉਂਦੇ ਰਹੇ।

ਚਾਂਦਨੀ ਚੌਂਕ ਮੁੜ ਸਾੜ੍ਹਸਤੀ ਦੀ ਭੇਟ ਚੜ੍ਹਿਆ,
ਭੂਤ ਔਰੰਗਜ਼ੇਬ ਦੇ ਨਿਰੰਤਰ ਮੰਡਲਾਉਂਦੇ ਰਹੇ।
ਜਿਹਾਦੀ ਹਜੂਮ ਬੁੱਕਦੇ, ਖੁੰਧਕ ਦੀ ਭਾਵਨਾ ਸੀ,
ਟਾਇਰ ਗਲ ਪਾਉਂਦੇ ਰਹੇ ਲਾਂਬੂ ਲਾਉਂਦੇ ਰਹੇ।

ਹਿੰਸਾ ਕਰਦੇ ਰਹੇ ਰਾਸ਼ਟਰ ਪਿਤਾ ਦੇ ਪੁਜਾਰੀ,
ਅਹਿੰਸਾ ਨਾਮ ਤੇ ਲਹੂ ਨਦੀਆਂ ਵਗਾਉਂਦੇ ਰਹੇ।
ਮਾਰ ਧਾੜ ਫੈਲੀ ਬੁਰਛਾ-ਗਰਦੀ ਮੱਚਦੀ ਰਹੀ,
ਵਿਕਸੀਆਂ ਪੀਂਦੇ ਰਹੇ, ਬੱਕਰੇ ਬੁਲਾਉਂਦੇ ਰਹੇ।

ਘਰ ਕਾਰਖ਼ਾਨੇ ਟਰਾਂਸਪੋਰਟ ਤਬਾਹ ਕੀਤੇ ਸਾਰੇ,
ਘਿਣਾਉਣਾ ਸਾਕਾ ਨਨਕਾਣਾ ਦੁਹਰਾਉਂਦੇ ਰਹੇ।
ਜ਼ਖਮੀ ਤੜਫਦੇ ਉਡੀਕਦੇ ਰਹੇ ਬਚਾ" ਛਤਰੀ,
ਤਾੜੀਆਂ ਮਾਰਦੇ ਨਰੈਣੇ ਖਿੱਲੀ ਉਡਾਉਂਦੇ ਰਹੇ।

ਗਲ ਲਟਕਾ ਕੇ ਬਿੱਲੇ ਧਰਮ ਯੁੱਧ ਦੇ ਨਾਮ ਦੇ,
ਮਸੀਤਾਂ ਢਾਉਂਦੇ ਰਹੇ, ਮੰਦਿਰ ਬਣਾਉਂਦੇ ਰਹੇ।

ਸਾਂਭ ਬੈਠੇ ਵਜੀਰੀਆਂ, ਸ਼ੜਯੰਤਰ ਦੇ ਪ੍ਰਬੰਧਕ,
ਹਰਿਮੰਦਰ ਢਾਹੁਣ ਤੇ ਜੋ ਦੀਵੇ ਜਗਾਉਂਦੇ ਰਹੇ।

ਨੰਗੇ ਹੋ ਜਾਣੇ ਨੇ ਰਾਜ-ਭਗਤ ਕਾਨੂੰਨ ਸਨਮੁਖ,
ਚੁਰਾਸੀ ਸੰਨ ਤੋਂ ਜੋ ਸਿਤਮਗਰ ਛੁਪਾਉਂਦੇ ਰਹੇ।
ਫਾਂਸੀ ਚੜ੍ਹ ਜਾਣੇ ਨੇ ਪੰਨੂ, ਕਤਲੇਆਮ ਦੇ ਹੀਰੋ,
ਮਰਯਾਦਾ ਪੁਰਸ਼ੋਤਮ ਜੋ ਧਨੁਖ ਚਲਾਉਂਦੇ ਰਹੇ।

***-ਚਰਨਜੀਤ ਸਿੰਘ ਪੰਨੂ ਕੈਲੀਫੋਰਨੀਆ***

---

### "ਇਕ ਬੂੰਦ ਸਵਾਂਤੀ"

ਮਾਏ ਨੀ ਮੈਨੂੰ ਮਾਰ ਨਾ ਝਿੜਕਾਂ ਗਲ ਵਿਚ ਕਫ਼ਣੀ ਪਾਵਣ ਦੇ
ਹੱਥ ਵਿਚ ਫੜ ਕੇ ਦੀਦ ਦਾ ਕਾਸਾ ਦਰ 'ਤੇ ਅਲਖ ਜਗਾਵਣ ਦੇ
ਅੰਦਰੋਂ ਹੂੰਝ ਹਉਮੈ ਦਾ ਕੂੜਾ ਪਿਆਰ ਦਾ ਪਲੰਘ ਸਜਾਉਣਾ ਏ
ਛੱਡ 'ਸੁਰਜੀਤ' ਬਾਕੀ ਸਭ ਮੈਨੂੰ ਸਾਂਵਲ ਸਾਂਵਲ ਗਾਵਣ ਦੇ।

ਮਾਏ ਨੀ ਮੈਨੂੰ ਮਾਰ ਨਾ ਤਾਹਨੇ ਮੈਂ ਸਾਂਵਲ ਵਲ ਜਾਵਾਂਗੀ
ਨਾਮ ਉਹਦੇ ਦੀ ਜਪ ਕੇ ਮਾਲਾ ਰੁਸਿਆ ਯਾਰ ਮਨਾਵਾਂਗੀ,
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ ਏ
ਉਹਦੀਆਂ ਮੈਂ 'ਸੁਰਜੀਤ' ਨਾ ਜਾਣਾਂ ਸਾਂਵਲ ਸਾਂਵਲ ਗਾਵਾਂਗੀ

ਮਾਏ ਨੀ ਤੂੰ ਮਾਰ ਨਾ ਤਾਹਨੇ ਮੈਂ ਬਣ ਗਈ ਪ੍ਰੇਮ ਦੀ ਕਾਨੀ
ਨਦੀਓਂ ਪਾਰ ਸਾਂਵਲ ਦਾ ਡੇਰਾ ਪਾਰ ਜਾਣ ਦੀ ਠਾਨੀ
ਕਣ ਕਣ ਦੇ ਵਿਚ ਬੈਠਾ ਹੱਸਦਾ ਉਹ ਮਾਲਕ ਇਸ ਜਗ ਦਾ
ਐਸੀ ਨਜ਼ਰ ਮਿਹਰ ਦੀ ਪਾਈ ਹੋ ਗਈ ਪ੍ਰੇਮ ਦੀਵਾਨੀ।

ਮਾਏ ਨੀ ਮੇਰਾ ਜ਼ੱਰੇ ਜਿਨ੍ਹਾਂ ਨਿਕੜਾ ਰੂਪ ਨਿਮਾਣਾਂ ਹੂ
ਉਹ ਦੁਨੀਆਂ ਦਾ ਕਾਦਰ ਕਰਤਾ ਮੈਂ ਝੱਲੀ ਕੀਹ ਜਾਣਾਂ ਹੂ
ਉਹ ਦਇਆਲ ਦਇਆਪਤਿ ਦਾਤਾ ਮੈਂ ਕਰਮਾਂ ਤੋਂ ਹੀਣੀ
ਗਹਿਰਾ ਸ਼ਾਂਤ ਸਮੁੰਦਰ ਮਾਏ ਉਸ ਦਾ ਰੂਪ ਸੁਹਾਣਾਂ ਹੂ।

ਮਾਏ ਨੀ ਕੁਲ ਜਗ ਪਿਆ ਆਖੇ, ਮੈਂ ਤਾਂ ਹੋ ਗਈ ਬਾਵਰੀਆ,
ਗਲ ਵਿਚ ਓਹਦੇ ਨਾਮ ਦੀ ਕਫ਼ਣੀ ਮੋਢੇ ਕਾਲੀ ਕਾਮਰੀਆ,
ਨਾ ਮੰਦਰ, ਨਾ ਮਸਜਦ 'ਚੋਂ ਰੱਬ ਕਿਧਰੋਂ ਵੀ ਮਿਲਿਆ ਨਾਈਂ,
ਜਦ 'ਸੁਰਜੀਤ' ਨੇ ਅੰਦਰ ਤੱਕਿਆ ਅੰਦਰੇ ਬੈਠਾ ਸਾਵਰੀਆ,

ਮਾਏ ਨੀ ਮੈਨੂੰ ਝਿੜਕੀਂ ਨਾ ਮੈਂ ਸਾਂਵਲ ਸਾਂਵਲ ਕਰਨਾ ਈ,
ਇਹ ਦੁਨੀਆਂ ਭਵ-ਸਾਗਰ
ਇਸ ਨੂੰ ਡੁਬ ਡੁਬ ਕੇ ਮੈਂ ਤਰਨਾ ਈ,
ਦੁਨੀਆਂ ਦੇ ਤਾਹਨੇ ਮਿਹਣੇ ਮੈਂ ਹੱਸ ਕੇ ਜਰਨਾ ਸਿੱਖ ਬੈਠੀ,
ਸਾਂਵਲ ਦੇ ਲਈ ਜਿਊਣਾ ਏ ਮਾਂ, ਸਾਂਵਲ ਦੇ ਲਈ ਮਰਨਾ ਈ,

***ਬੀਬੀ ਸੁਰਜੀਤ ਕੌਰ ਸੈਕਰਾਮੈਂਟੋ ਯੂ,ਐਸ,ਏ,***

---

### ਸਿੱਖੀ ਦੀ ਖੁਸ਼ਬੋਈ

ਨਫਰਤ ਨੂੰ ਨਾ ਨਫ਼ਰਤ, ਪਿਆਰ ਨੂੰ ਕਰੋ ਪਿਆਰ।
ਸੱਜਣ ਬਣ ਮਿਲ ਸੱਜਣਾਂ, ਯਾਰਾਂ ਨੂੰ ਗੂੜ੍ਹਾ ਯਾਰ।

ਮੁੱਖੋਂ ਮਿੱਠਾ ਬੋਲਣਾ, ਨਿਵ ਨਿਵ ਕਰੋ ਸਤਿਕਾਰ।
ਉੱਚਾ ਬੋਲ ਨਾ ਬੋਲਣਾ, ਡਰਨਾ ਇਕ ਕਰਤਾਰ।

ਕਿਰਤ ਕਰਨਾ ਵੰਡ ਖਾਵਣਾ, ਜਪਣਾ ਪਰਵਦਗਾਰ।
ਲੋਚਣਾ ਭਲਾ ਸਰਬੱਤ ਦਾ, ਰਹਿਣਾ ਵਿਚ ਸੰਸਾਰ।

ਉੱਤਮ ਨੀਵਾਂ ਨਾ ਕੋਈ, ਨਾ ਜਾਤ ਦਾ ਕੋਈ ਵਿਚਾਰ।
ਸਭ ਦਾ ਸਾਂਝਾ ਬਾਪ ਇਕ, ਜਿਸ ਕਹਿੰਦੇ ਸਿਰਜਣਹਾਰ।

ਆਓ ਰਲ ਮਿਲ ਬੈਠੀਏ, ਗੁਰਸੰਗਤ ਦੇ ਵਿਚਕਾਰ।
ਗਰੀਬ ਨੂੰ ਗਲ ਨਾਲ ਲਾਉਣਾ, ਕੱਢ ਕੇ ਮਨੋਂ ਹੰਕਾਰ।

ਮਿਲਖਾਂ ਘੋੜੇ ਚੌਧਰਾਂ ਅਤੇ ਜਰ ਦੇ ਭਰੇ ਭੰਡਾਰ।
ਇਹ ਫਾਹੀ ਨੇ ਮੋਈ ਜਿੰਦ ਨੂੰ, ਨਾ ਕੀਤਾ ਜੇ ਉਪਕਾਰ।

ਝੂਠਾ ਲਾਲਚ ਛੱਡ ਕੇ ਸੱਚ ਦਾ ਕਰੋ ਵਪਾਰ।
ਸੱਚ ਤੋਂ ਊਣਾ ਸਭ ਕੁਝ, ਸਰਵੋਤਮ ਸੱਚ ਕਿਰਦਾਰ।

"ਨਾਕਾਮ' ਰਹੇ ਵਿਚ ਨੀਵਿਆਂ, ਉੱਚਿਆਂ ਨਾਲ ਨਾ ਕਾਰ।
ਧੂੜ ਲੋਚੇ ਤਿਨ੍ਹਾਂ ਸੱਜਣਾਂ ਜੋ ਜਪਦੇ ਸਿਰਜਣਹਾਰ।

***-ਗੁਰਬਖਸ਼ ਸਿੰਘ 'ਨਾਕਾਮ'***
***ਫੋਨ: +1 864-318-5500***

# ਪੰਜਾਬੀ ਸੂਬਾ: ਯਾਦਾਂ, ਅਤੀਤ ਅਤੇ ਵਰਤਮਾਨ

ਮੇਰੇ ਜਨਮ ਵਾਲੇ ਦਿਨ ਮਾਂ ਤੇ ਪਰਿਵਾਰ ਦੇ ਹੋਰ ਜੀਆਂ ਨੇ ਦੁਪਹਿਰ ਦੀ ਰੋਟੀ ਅੰਬਾਂ ਨਾਲ ਕਿਸ ਮਜਬੂਰੀਵੱਸ ਖਾਧੀ, ਇਸ ਦਾ ਪਤਾ ਮੈਨੂੰ ਛੇ ਸਾਲ ਬਾਅਦ ਲੱਗਿਆ; ਘਰ ਵਿਚ ਦੁਬਾਰਾ ਉਸੇ ਤਰ੍ਹਾਂ ਦੀ ਨੌਬਤ ਆਉਣ ਤੋਂ ਬਾਅਦ। ਜੂਨ ਮਹੀਨਾ, ਅੰਬਾਂ ਦੀ ਰੁੱਤ ਦਾ ਮਹੀਨਾ ਹੁੰਦਾ ਹੈ। 1955 ਵਿਚ ਮੇਰੇ ਜਨਮ ਤੋਂ 40 ਦਿਨ ਪਹਿਲਾਂ ਪੰਜਾਬੀ ਸੂਬੇ ਦਾ ਪਹਿਲਾ ਮੋਰਚਾ ਸ਼ੁਰੂ ਹੋਇਆ ਸੀ। ਇਸ ਸ਼ੁਰੂਆਤ ਤੋਂ ਚਾਰ ਦਿਨ ਬਾਅਦ ਮੇਰੇ ਅਖ਼ਬਾਰਨਵੀਸ ਪਿਤਾ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ। ਅਖ਼ਬਾਰਨਵੀਸੀ ਦੇ ਨਾਲ ਨਾਲ ਉਹ ਜ਼ਿਲ੍ਹਾ ਅਕਾਲੀ ਦਲ ਦੇ ਸਕੱਤਰ ਵੀ ਸਨ। ਘਰੋਂ ਉਹ ਰਾਸ਼ਨ ਲੈਣ ਗਏ ਸਨ। ਰਸਤੇ ਵਿਚ ਪੁਲੀਸ ਨੇ ਘੇਰ ਲਿਆ। ਚਾਰ ਘੰਟੇ ਬਾਅਦ ਪੁਲੀਸ ਉਨ੍ਹਾਂ ਦੀ ਸਾਈਕਲ ਤੇ ਥੈਲਾ ਘਰ ਛੱਡ ਗਈ। ਹਵਾਲਦਾਰ ਜਾਂਦੇ ਹੋਏ



**ਸੁਰਿੰਦਰ ਸਿੰਘ ਤੇਜ**
**ਫੋਨ: +91-98555-01488**

ਇਹ ਕਹਿ ਗਿਆ, ਸਰਦਾਰ ਹੁਰਾਂ ਦੀ ਰਿਹਾਈ ਛੇਤੀ ਨਹੀਂ ਹੋਣੀ, ਰਹਿਣ-ਖਾਣ ਦਾ ਇੰਤਜ਼ਾਮ ਕਰ ਲਉ। ਘਰ ਪਿਤਾ ਜੀ ਦੀ ਅਖ਼ਬਾਰਨਵੀਸੀ 'ਤੇ ਹੀ ਚੱਲਦਾ ਸੀ। ਪੰਦਰਾਂ ਕੁ ਦਿਨਾਂ ਅੰਦਰ ਪੈਸੇ-ਧੇਲੇ ਦੀ ਕਮੀ ਹੋਣ ਲੱਗੀ। ਹਾਮਲਾ ਮਾਂ, ਪੰਜ ਜੀਆਂ ਦੇ ਟੱਬਰ ਨੂੰ ਲੈ ਕੇ ਪੇਕੇ ਪਿੰਡ ਪਹੁੰਚ ਗਈ। ਜਣੇਪੇ ਵਾਲੇ ਦਿਨ ਨਾਨੀ ਆਪਣੀ ਧੀ ਦੀ ਦੇਖਭਾਲ ਵਿਚ ਜੁਟੀ ਰਹੀ। ਉਧਰੋਂ ਵਿਹਲੀ ਹੋਣ 'ਤੇ ਉਸ ਕੋਲ ਦਾਲ-ਸਬਜ਼ੀ ਰਿੰਨ੍ਹਣ ਜੋਗਾ ਸੱਤ ਨਹੀਂ ਸੀ ਬਚਿਆ। ਅੰਬ ਕੱਟ ਕੇ ਹੀ ਦੋਹਤੇ-ਦੋਹਤੀਆਂ ਨੂੰ ਰੋਟੀ ਨਾਲ ਦੇ ਦਿੱਤੇ, ਇਹ ਕਹਿੰਦਿਆਂ ਕਿ ਇਨ੍ਹਾਂ ਨਾਲ ਹੀ ਕੰਮ ਸਾਰੋ।

ਛੇ ਵਰ੍ਹੇ ਬਾਅਦ (1961 'ਚ) ਪੰਜਾਬੀ ਸੂਬੇ ਦਾ ਦੂਜਾ ਮੋਰਚਾ ਲੱਗਿਆ। ਪਿਤਾ ਜੀ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋ ਗਏ। ਉਹ ਅਖ਼ਬਾਰੀ ਕੰਮ ਲਈ ਸ਼ਾਇਦ ਗੰਗਾਨਗਰ ਗਏ ਹੋਏ ਸਨ। ਪੁਲੀਸ ਨੂੰ ਜਦੋਂ ਉਹ ਘਰੋਂ ਜਾਂ ਦਫ਼ਤਰੋਂ ਨਾ ਮਿਲੇ ਤਾਂ ਘਰ ਦੀ ਕੁਰਕੀ ਹੋ ਗਈ। ਸਾਰਾ ਸਾਮਾਨ ਇੱਕ ਕਮਰੇ ਅੰਦਰ ਸੀਲ। ਕੁਰਕੀ ਵਾਲੀ ਸ਼ਾਮ ਪਰਸ਼ਾਦੇ ਗੁਰਦੁਆਰਾ ਸਿੰਘ ਸਭਾ ਤੋਂ ਆਏ। ਨਾਲ ਹਰੀਆਂ ਮਿਰਚਾਂ ਦੀ ਚਟਨੀ। ਉਹ ਖਾਂਦਿਆਂ ਇੱਕ ਭੈਣ ਨੇ ਗਿਲਾ ਕੀਤਾ: 'ਪਿਤਾ ਜੀ ਵੀ ਕਿਹੜੇ ਕਿਹੜੇ ਦਿਨ ਦਿਖਾ ਰਹੇ ਨੇ ਸਾਨੂੰ! ਕਦੇ ਅੰਬ ਨਾਲ ਰੋਟੀ, ਕਦੇ ਮਿਰਚਾਂ ਨਾਲ।' ਮਾਂ ਅਜਿਹੇ ਗਿਲੇ ਕਦੇ ਨਹੀਂ ਸੀ ਕਰਦੀ। ਉਹਨੇ ਕਦੇ ਵੀ ਪਿਤਾ ਜੀ ਨੂੰ 'ਲੀਡਰੀ' ਤੋਂ ਨਹੀਂ ਸੀ ਵਰਜਿਆ। ਤੁਰਸ਼ੀਆਂ ਵੀ ਉਹ ਖਿੜ੍ਹੇ ਮੱਥੇ ਝੱਲ ਲੈਂਦੀ ਸੀ। ਇਹ ਵੱਖਰੀ ਗੱਲ ਹੈ ਕਿ ਮਾਂ ਵੱਲੋਂ ਕੁਝ ਵੀ ਨਾ ਕਹਿਣ ਦੇ ਬਾਵਜੂਦ ਪਿਤਾ ਜੀ ਨੂੰ ਪਹਿਲੇ ਮੋਰਚੇ ਸਮੇਂ ਦੀ ਅੱਠ ਮਹੀਨਿਆਂ ਦੀ ਨਜ਼ਰਬੰਦੀ ਨੇ ਅਹਿਸਾਸ ਕਰਾ ਦਿੱਤਾ ਸੀ ਕਿ ਅਕਾਲੀ 'ਮਿਸ਼ਨ' ਦੇ ਨਾਲ ਨਾਲ ਉਨ੍ਹਾਂ ਦੀ ਆਪਣੇ ਪਰਿਵਾਰ ਪ੍ਰਤੀ ਵੀ ਜ਼ਿੰਮੇਵਾਰੀ ਹੈ। ਇਸੇ ਲਈ ਰਿਹਾਈ ਤੋਂ ਚਾਰ ਦਿਨਾਂ ਬਾਅਦ ਉਹ ਅਕਾਲੀ ਦਲ ਦੀ ਮੈਂਬਰੀ ਛੱਡ ਗਏ ਸਨ। ਹਾਂ, ਅਖ਼ਬਾਰਨਵੀਸੀ ਵਿਚ ਉਨ੍ਹਾਂ ਦੀ ਸੁਰ ਹਮੇਸ਼ਾਂ ਹੁਕਮਰਾਨ ਕਾਂਗਰਸ ਦੇ ਸਖ਼ਤ ਖ਼ਿਲਾਫ਼ ਰਹੀ। ਇਸ ਦਾ ਖ਼ਮਿਆਜ਼ਾ 1961 ਵਿਚ ਦੂਜੇ ਪੰਜਾਬੀ ਸੂਬਾ ਮੋਰਚੇ ਦੌਰਾਨ ਭੁਗਤਿਆ। ਘਰ ਕੁਰਕ ਹੋਇਆ; ਟੱਬਰ ਬੇਜ਼ਾਰ ਹੋਇਆ। ਇਸ ਤੋਂ ਵੀ ਵੱਧ, ਉਨ੍ਹਾਂ ਦਾ ਛਾਪਾਖ਼ਾਨਾ ਮਲੀਆਮੇਟ ਕਰ ਦਿੱਤਾ ਗਿਆ। ਛਪਾਈ ਮਸ਼ੀਨ ਤੇ ਟਾਈਪਾਂ ਵਾਲੇ ਸਾਰੇ ਕੇਸ ਪੁਲੀਸ ਚੁੱਕ ਕੇ ਲੈ ਗਈ। ਨਾਲ ਹੀ ਛਾਪੇਖਾਨੇ ਵਾਲੇ ਅਹਾਤੇ ਦੇ ਮਾਲਕ ਬਾਊ ਰਾਜ ਕੁਮਾਰ ਨੂੰ ਏਨਾ ਡਰਾ ਗਈ ਕਿ ਉਹ ਸਭ ਕੁਝ ਵੇਚ-ਵਾਚ ਕੇ ਫ਼ਰੀਦਾਬਾਦ ਜਾ ਵਸਿਆ। ਜੋ ਜ਼ਬਤ ਹੋਇਆ, ਉਹ ਵਾਪਸ ਨਹੀਂ ਮੁੜਿਆ। ਪਿਤਾ ਜੀ ਨੂੰ ਤਾਂ ਜੱਜ ਨੇ ਪਹਿਲੀ ਹੀ ਪੇਸ਼ੀ ਸਮੇਂ ਅਕਾਲੀ ਨਾ ਹੋਣ ਕਾਰਨ ਰਿਹਾਅ ਕਰ ਦਿੱਤਾ, ਪਰ ਛਾਪੇਖਾਨੇ ਦੀ ਅਣਹੋਂਦ ਉਨ੍ਹਾਂ ਦੇ ਅਰਥਚਾਰੇ ਵਿਚ ਸਦੀਵੀ ਤੌਰ 'ਤੇ ਵੱਡਾ ਸਾਰਾ ਛਿੱਬ ਪਾ ਗਈ। ਉਨ੍ਹਾਂ ਵੱਲੋਂ ਪਾਈ ਦਰਖ਼ਾਸਤ ਦੇ ਜਵਾਬ ਵਿਚ ਪੁਲੀਸ, ਅਦਾਲਤ ਵਿਚ ਸਿੱਧਾ ਮੁਕਰ ਗਈ; 'ਅਸੀਂ ਕੁਝ ਨਹੀਂ ਚੁੱਕਿਆ।' ਅਦਾਲਤ ਨੇ ਦਰਖ਼ਾਸਤ ਖ਼ਾਰਿਜ ਕਰ ਦਿੱਤੀ।

ਪੰਜਾਬੀ ਸੂਬਾ ਲਹਿਰ ਨਾਲ ਜੁੜਿਆ ਅਜਿਹਾ ਕਹਿਰ ਪੰਜਾਬ ਦੇ ਸੈਂਕੜੇ ਪਰਿਵਾਰਾਂ ਨੇ ਹੰਢਾਇਆ। ਜਿਹੜੇ ਅਸੂਲਪ੍ਰਸਤੀ ਦੇ ਚੱਕਰਵਿਊ ਵਿਚ ਫਸੇ ਰਹੇ, ਉਨ੍ਹਾਂ ਨੇ ਵੱਧ। ਜਿਹੜੇ ਜੇਲ੍ਹ ਯਾਤਰਾ ਨੂੰ ਭੁਨਾਉਣਾ ਜਾਣਦੇ ਸਨ, ਉਨ੍ਹਾਂ ਨੇ 1967 ਤੋਂ ਬਾਅਦ ਇਸ ਨੂੰ ਭੁਨਾਇਆ ਵੀ ਖ਼ੂਬ। ਮੇਰੇ ਪਿਤਾ ਪਹਿਲੇ ਵਰਗ ਵਿਚੋਂ ਸਨ; ਉਹ ਮਾਸਟਰ ਤਾਰਾ ਸਿੰਘ ਦੇ ਭਗਤ ਰਹੇ। ਦੂਜੇ ਪਾਸੇ, ਗ਼ੈਰ-ਕਾਂਗਰਸੀ ਬਣਨ 'ਤੇ ਵੀ ਹਕੂਮਤੀ ਵਾਗਡੋਰ ਮਾਸਟਰ-ਵਿਰੋਧੀਆਂ ਦੇ ਹੱਥ ਰਹੀ। ਉਨ੍ਹਾਂ ਤੋਂ ਖ਼ੈਰ ਮੰਗਣ ਦਾ ਵਿਚਾਰ ਕਦੇ ਵੀ ਪਿਤਾ ਜੀ ਦੇ ਮਨ ਵਿਚ ਨਹੀਂ ਆਇਆ। ਉਂਜ ਵੀ, ਜਿਸ ਤਰ੍ਹਾਂ ਦਾ ਪੰਜਾਬੀ ਸੂਬਾ ਵਜੂਦ ਵਿਚ ਆਇਆ, ਉਸ ਨੂੰ ਉਹ ਨਾਇਨਸਾਫ਼ੀ ਹੀ ਮੰਨਦੇ ਰਹੇ।

ਪੰਜਾਬੀ ਸੂਬਾ ਲਹਿਰ ਨੂੰ ਬਹੁਤੇ ਗ਼ੈਰ-ਪੰਜਾਬੀ ਇਤਿਹਾਸਕਾਰ ਖ਼ਾਲਿਸਤਾਨ ਲਹਿਰ ਦਾ ਪੂਰਵਜ ਦੱਸਦੇ ਹਨ। ਇਸ ਧਾਰਨਾ ਨਾਲ ਅਸਹਿਮਤੀ ਦੇ ਬਾਵਜੂਦ ਮੈਨੂੰ ਇਹ ਜਾਪਦਾ ਹੈ ਕਿ ਸੰਤਾਲੀ ਦੇ ਬਟਵਾਰੇ ਤੋਂ ਬਾਅਦ ਜੇਕਰ ਪੰਡਿਤ ਨਹਿਰੂ ਦੀ ਕੇਂਦਰ ਸਰਕਾਰ ਇਸ ਲਹਿਰ ਨਾਲ ਸੁਹਜਮਈ ਢੰਗ ਨਾਲ ਨਿਪਟਦੀ ਤਾਂ ਨਾ ਤਾਂ ਉਦੋਂ ਮਾਹੌਲ ਵਿਸ਼ੈਲਾ ਬਣਨਾ ਸੀ ਅਤੇ ਨਾ ਹੀ (ਪੰਜਾਬੀ ਸੂਬਾ ਬਣਨ ਤੋਂ ਮਹਿਜ਼ 14 ਵਰ੍ਹਿਆਂ ਬਾਅਦ) 1980ਵਿਆਂ ਵਿਚ ਸਿੱਖ ਵਸੋਂ ਦੀ ਬਹੁਲਤਾ ਵਾਲੇ ਇੱਕ ਨੀਮ ਖ਼ੁਦਮੁਖ਼ਤਿਆਰ ਸੂਬੇ ਦੀ ਸਥਾਪਨਾ ਦੀ ਮੰਗ ਸਰਸਰੀ ਨਜ਼ਰੇ ਫ਼ਿਰਕੇਦਾਰਾਨਾ ਕਿਰਦਾਰ ਵਾਲੀ ਜਾਪ ਸਕਦੀ ਹੈ, ਪਰ ਇਹ ਵੱਖਵਾਦੀ ਰੰਗਤ ਵਾਲੀ ਨਹੀਂ ਸੀ। ਇਸ ਹਕੀਕਤ 'ਤੇ ਜ਼ੋਰ ਉਹ ਸਿੱਖ ਨੇਤਾ ਵੀ ਦਿੰਦੇ ਰਹੇ ਜੋ ਦਿੱਲੀ ਦਰਬਾਰ ਦੇ ਨੇੜੇ ਸਨ। ਪਰ ਉਨ੍ਹਾਂ ਦੀ ਵੀ ਨਹੀਂ ਸੁਣੀ ਗਈ। ਦਿੱਲੀ ਦੇ ਹਾਕਮਾਂ ਨੂੰ ਇਸ ਲਹਿਰ ਵਿਚੋਂ ਵੱਖਵਾਦੀ ਰਾਹ ਹੀ ਦਿੱਸਦਾ ਰਿਹਾ। ਹਕੂਮਤੀ ਨਜ਼ਰੀਏ ਨੇ ਇਸ ਲਹਿਰ ਦੇ ਵਿਰੋਧੀਆਂ, ਖ਼ਾਸ ਕਰ ਕੇ 'ਹਿੰਦੀ, ਹਿੰਦੂ, ਹਿੰਦੋਸਤਾਨ' ਦੇ ਮੁਦੱਈਆਂ ਨੂੰ ਲਗਾਤਾਰ ਸ਼ਹਿ ਪ੍ਰਦਾਨ ਕੀਤੀ। ਉਨ੍ਹਾਂ ਵੱਲੋਂ ਪੰਜਾਬੀ ਨੂੰ ਜਾਹਿਲਾਂ ਦੀ ਭਾਸ਼ਾ ਕਰਾਰ ਦੇਣਾ, ਪੰਜਾਬੀ ਲਈ ਗੁਰਮੁਖੀ ਦੀ ਥਾਂ ਦੇਵਨਾਗਰੀ ਲਿੱਪੀ ਦੀ ਵਕਾਲਤ, ਪੰਜਾਬੀ ਨੂੰ ਹਿੰਦੀ ਦੀ ਉਪ-ਭਾਸ਼ਾ ਵਜੋਂ ਪ੍ਰਚਾਰਨਾ ਅਤੇ ਫਿਰ ਇੱਕ ਸਮੇਂ ਸਿੱਖ ਅਦਾਰਿਆਂ ਜਾਂ ਧਰਮ ਅਸਥਾਨਾਂ ਦੇ ਬਾਹਰ ਬੀੜੀਆਂ-ਸਿਗਰਟਾਂ ਸੁੱਟਣਾ ਆਦਿ ਵਰਗੇ ਕਾਰਿਆਂ ਨੇ ਵੀ ਇੱਕ ਪਾਸੇ ਪੰਜਾਬੀ ਸੂਬਾ ਲਹਿਰ ਨੂੰ ਪ੍ਰਚੰਡਤਾ ਬਖ਼ਸ਼ੀ, ਦੂਜੇ ਪਾਸੇ ਫ਼ਿਰਕੂ ਵੰਡੀਆਂ ਵੀ ਵਧਾਈਆਂ। ਇਹ ਖ਼ੁਸ਼ਕਿਸਮਤੀ ਵਾਲੀ ਗੱਲ ਹੈ ਕਿ ਹੁਣ ਵਾਲੀ ਪੀੜ੍ਹੀ ਉਪਰੋਕਤ ਜ਼ਹਿਰ ਤੋਂ ਬਹੁਤ ਵੱਡੀ ਹੱਦ ਤਕ ਮੁਕਤ ਹੈ ਪਰ ਉਨ੍ਹਾਂ ਵੇਲਿਆਂ ਵਾਲੀਆਂ ਜ਼ਿਆਦਤੀਆਂ ਦਾ ਗੁੱਸਾ ਪੰਜਾਬ ਦੇ ਇੱਕ ਵਰਗ ਵਿਚ ਅਜੇ ਵੀ ਮੌਜੂਦ ਹੈ। 'ਪੰਜਾਬ ਨਾਲ ਧੱਕਾ' ਜਾਂ 'ਸਿੱਖਾਂ ਨਾਲ ਧੱਕਾ' ਵਰਗੇ ਖ਼ਿਆਲਾਤ ਉਨ੍ਹਾਂ ਕਹਿਰੀ ਦਿਨਾਂ ਦੀ ਹੀ ਵਿਰਾਸਤ ਹਨ।

ਅਖ਼ਬਾਰੀ ਲੇਖਾਂ-ਨਿਬੰਧਾਂ ਦੀਆਂ ਸ਼ਾਬਦਿਕ ਸੀਮਾਵਾਂ ਹੁੰਦੀਆਂ ਹਨ, ਇਸੇ ਲਈ ਪੰਜਾਬੀ ਸੂਬਾ ਲਹਿਰ ਦੀ ਘਟਨਾਵਲੀ ਨੂੰ ਸੀਮਤ ਨੁਕਤਿਆਂ ਤਕ ਮਹਿਦੂਦ ਕੀਤਾ ਜਾ ਰਿਹਾ ਹੈ:

-ਸਿੱਖਾਂ ਲਈ ਵੱਖਰੇ ਸੂਬੇ ਦਾ ਸੰਕਲਪ ਸੰਤਾਲੀ ਵਾਲੀ ਵੰਡ ਤੋਂ ਪਹਿਲਾਂ ਹੀ ਪਨਪਣਾ ਸ਼ੁਰੂ ਹੋ ਗਿਆ ਸੀ। ਮੁਲਕ ਦੇ ਬਾਕੀ ਹਿੱਸਿਆਂ ਵਿਚ ਤਨਾਜ਼ਾ ਹਿੰਦੂਆਂ ਤੇ ਮੁਸਲਮਾਨਾਂ ਦਰਮਿਆਨ ਸੀ, ਪਰ ਪੰਜਾਬ ਵਿਚ ਸਿੱਖਾਂ ਦੇ ਰੂਪ ਵਿਚ ਤੀਜੀ ਧਿਰ ਵੀ ਮੌਜੂਦ ਸੀ। ਅਣਵੰਡੇ ਸੂਬੇ ਵਿਚ ਸਿੱਖ ਭਾਈਚਾਰੇ ਦੀ ਵਸੋਂ 13 ਫ਼ੀਸਦੀ ਸੀ। ਸਿੱਖ ਕੌਮ ਇਸ ਇਲਾਕੇ 'ਤੇ ਹਕੂਮਤ ਵੀ ਕਰ ਚੁੱਕੀ ਸੀ। ਉਸ ਦੀਆਂ ਉਮਾਹਾਂ ਨੂੰ ਬ੍ਰਿਟਿਸ਼ ਹਕੂਮਤ ਨਜ਼ਰਅੰਦਾਜ਼ ਨਹੀਂ ਸੀ ਕਰ ਸਕਦੀ।

- ਸਿੱਖ ਭਾਵੇਂ ਜ਼ਾਹਿਰਾ ਤੌਰ 'ਤੇ ਕਾਂਗਰਸ ਦੇ ਨਾਲ ਸਨ। ਫਿਰ ਵੀ ਇਹ ਭਾਈਚਾਰਾ ਇਹ ਨਹੀਂ ਸੀ ਚਾਹੁੰਦਾ ਕਿ ਉਨ੍ਹਾਂ ਨੂੰ ਹਿੰਦੂ ਮੱਤ ਦਾ ਹਿੱਸਾ ਮੰਨ ਲਿਆ ਜਾਵੇ। ਇਸ ਨੂੰ ਆਪਣਾ ਵਜੂਦ ਬਚਾਉਣ ਦੀ ਚਿੰਤਾ ਸੀ। 1920ਵਿਆਂ ਵਿਚ ਗੁਰਦੁਆਰਾ ਸੁਧਾਰ ਲਹਿਰ ਦੇ ਸਮੇਂ ਤੋਂ ਹੀ ਬਹੁਤੀ ਸਿੱਖ ਵਸੋਂ ਸ਼੍ਰੋਮਣੀ ਅਕਾਲੀ ਦਲ ਨਾਲ ਜੁੜ ਗਈ ਸੀ। ਅਕਾਲੀ ਦਲ ਦੇ ਸਿਰਕੱਢ ਨੇਤਾ ਮਾਸਟਰ ਤਾਰਾ ਸਿੰਘ ਸਨ, ਜੋ ਸਿੱਖਾਂ ਦੇ ਹਿੱਤਾਂ ਦੀ ਖ਼ਾਤਿਰ ਮਹਾਤਮਾ ਗਾਂਧੀ, ਜਵਾਹਰ ਲਾਲ ਨਹਿਰੂ ਜਾਂ ਮੁਹੰਮਦ ਅਲੀ ਜਿਨਾਹ ਨਾਲ ਖਹਿਣ ਤੋਂ ਝਿਜਕਦੇ ਨਹੀਂ ਸਨ। 1945 ਵਿਚ ਉਨ੍ਹਾਂ ਨੇ ਲਿਖਿਆ ਸੀ: 'ਇਸ ਵਿਚ ਕਿਸੇ ਸ਼ੱਕ ਦੀ ਗੁੰਜਾਇਸ਼ ਨਹੀਂ ਕਿ ਸਿੱਖ ਧਰਮ ਓਨੀ ਦੇਰ ਤਕ ਜ਼ਿੰਦਾ ਰਹੇਗਾ ਜਦੋਂ ਤਕ ਸਿੱਖ ਪੰਥ ਦਾ ਇੱਕ ਜਥੇਬੰਦਕ ਵਜੂਦ ਬਣਿਆ ਰਹੇਗਾ।'

- ਮੁਲਕ ਨੂੰ ਆਜ਼ਾਦੀ ਮਿਲਣ ਤੋਂ ਪਹਿਲਾਂ ਇਸ ਨੂੰ ਹਿੰਦੂ ਬਹੁਮਤ ਵਾਲੇ ਜਾਂ ਮੁਸਲਿਮ ਬਹੁਗਿਣਤੀ ਵਾਲੇ ਇਲਾਕਿਆਂ ਵਿਚ ਵੰਡਣ ਦੀ ਤਜਵੀਜ਼ 1939 ਤੋਂ ਹੀ ਪੈਦਾ ਹੋ ਚੁੱਕੀ ਸੀ। 1945 ਵਿਚ ਕੈਬਨਿਟ ਮਿਸ਼ਨ ਦੀਆਂ



ਸਰਗਰਮੀਆਂ ਦੇ ਮੱਦੇਨਜ਼ਰ ਮੁਸਲਿਮ ਲੀਗ ਦੇ ਨੇਤਾ ਮੁਹੰਮਦ ਅਲੀ ਜਿਨਾਹ ਨੇ ਸਿੱਖ ਭਾਈਚਾਰੇ ਨੂੰ ਲਾਹੌਰ ਸਮੇਤ ਕਈ ਜ਼ਿਲ੍ਹਿਆਂ ਦੀ ਵਾਗਡੋਰ ਸੌਂਪਣ ਦੀ ਪੇਸ਼ਕਸ਼ ਕੀਤੀ ਸੀ। ਇਸ ਦੇ ਜਵਾਬ ਵਿਚ ਕਾਂਗਰਸ ਦੀ ਤਰਫ਼ੋਂ ਸਰਦਾਰ ਪਟੇਲ ਨੇ ਭਰੋਸਾ ਦਿੱਤਾ ਸੀ ਕਿ 'ਬ੍ਰਿਟਿਸ਼ ਹਕੂਮਤ ਵੱਲੋਂ ਪੰਜਾਬ ਦੀ ਵਾਗਡੋਰ ਭਾਰਤ ਸਰਕਾਰ ਨੂੰ ਸੌਂਪਣ ਮਗਰੋਂ 'ਸਿਖਿਸਤਾਨ' ਦਾ ਮੁੱਦਾ ਵੀ ਸੰਵਿਧਾਨ ਸਭਾ ਵੱਲੋਂ ਵਿਚਾਰਿਆ ਜਾਵੇਗਾ।'

-ਸਿੱਖ ਲੀਡਰਸ਼ਿਪ, ਮੁਲਕ ਦੇ ਬਟਵਾਰੇ ਦੇ ਖ਼ਿਲਾਫ਼ ਸੀ, ਪਰ ਹਾਲਾਤ ਦੇ ਮੱਦੇਨਜ਼ਰ ਇਸ ਨੇ ਭਾਰਤ ਨਾਲ ਰਹਿਣਾ ਸਵੀਕਾਰ ਕਰ ਲਿਆ। ਅਜਿਹੇ ਸਮਝੌਤੇ ਦੇ ਬਾਵਜੂਦ ਜਦੋਂ ਸਿੱਖਾਂ ਦੇ ਹਿੱਤਾਂ ਦੀ ਅਣਦੇਖੀ ਮਹਿਸੂਸ ਕੀਤੀ ਗਈ ਤਾਂ ਮਾਸਟਰ ਜੀ ਨੇ ਅਪਰੈਲ 1948 ਵਿਚ ਪੰਜਾਬੀ ਸੂਬੇ ਦੀ ਮੰਗ ਨੂੰ ਸਿਆਸੀ ਟੀਚੇ ਤੇ ਨੀਤੀਗਤ ਨਿਸ਼ਾਨੇ ਵਜੋਂ ਪੇਸ਼ ਕੀਤਾ।

-ਦਰਅਸਲ, ਵੰਡ ਤੋਂ ਪਹਿਲਾਂ ਸਿੱਖ ਵਸੋਂ ਪੂਰੇ ਪੰਜਾਬ ਵਿਚ ਖਿੰਡੀ ਹੋਈ ਸੀ। ਇਸ ਦਾ ਕੋਈ ਇੱਕ ਸੰਗਠਿਤ ਗੜ੍ਹ ਨਹੀਂ ਸੀ। ਵੰਡ ਮਗਰੋਂ ਬਹੁਤੀ ਸਿੱਖ ਵਸੋਂ ਪੂਰਬੀ ਪੰਜਾਬ (ਚੜ੍ਹਦੇ ਪੰਜਾਬ) ਵਿਚ ਆ ਵਸੀ। ਪੂਰਬੀ ਪੰਜਾਬ ਵਿਚ ਉਸ ਸਮੇਂ ਸਮੁੱਚਾ ਹਿਮਾਚਲ (ਕਾਂਗੜਾ ਤੇ ਸ਼ਿਮਲਾ ਡਿਵੀਜ਼ਨਾਂ) ਤੇ ਮੌਜੂਦਾ ਹਰਿਆਣਾ ਸ਼ਾਮਿਲ ਸੀ। ਇਸ ਖ਼ਿੱਤੇ ਦੇ ਪਹਾੜੀ ਖੇਤਰਾਂ ਨੂੰ ਛੱਡ ਕੇ ਬਾਕੀ ਦੇ 13 ਜ਼ਿਲ੍ਹਿਆਂ ਵਿਚੋਂ 7 ਸਿੱਖ ਬਹੁਗਿਣਤੀ ਵਾਲੇ ਸਨ। ਸਿੱਖ ਲੀਡਰਸ਼ਿਪ ਨੇ ਮਹਿਸੂਸ ਕੀਤਾ ਕਿ ਸਿੱਖ ਰਾਜਨੇਤਾਵਾਂ ਦੀ ਹਕੂਮਤ ਵਾਲਾ ਸੂਬਾ ਇਸ ਆਧਾਰ 'ਤੇ ਮੰਗਿਆ ਜਾ ਸਕਦਾ ਹੈ।

-ਅਕਾਲੀ ਦਲ ਨੇ ਉਨ੍ਹੀਂ ਦਿਨੀਂ ਆਪਣੀ ਖ਼ਤੋ-ਕਿਤਾਬਤ ਜਾਂ ਬਿਆਨਬਾਜ਼ੀ ਵਿਚ ਸਿਖਿਸਤਾਨ ਜਾਂ ਖ਼ਾਲਿਸਤਾਨ ਵਰਗੇ ਸ਼ਬਦਾਂ ਦੀ ਵਰਤੋਂ ਕਦੇ ਨਹੀਂ ਕੀਤੀ। ਇਸ ਦੇ ਆਗੂਆਂ ਨੇ ਸਿੱਖ ਹੋਮਲੈਂਡ ਦੀ ਥਾਂ ਪੰਜਾਬੀ ਸੂਬਾ ਸ਼ਬਦ ਵੀ ਇਸ ਕਰ ਕੇ ਵਰਤੇ ਕਿ ਵੱਖਰੇ ਸੂਬੇ ਦੀ ਉਨ੍ਹਾਂ ਦੀ ਮੰਗ ਨੂੰ ਫ਼ਿਰਕੂ ਨਾ ਸਮਝ ਲਿਆ ਜਾਵੇ।

-ਇਹ ਤੱਥ ਵੀ ਸਾਹਮਣੇ ਆਇਆ ਹੈ ਕਿ 1948 ਵਿਚ ਜਦੋਂ ਕੇਂਦਰ ਸਰਕਾਰ ਨੇ ਭਾਸ਼ਾਈ ਜਾਂ ਵਸੋਂਮੁਖੀ ਆਧਾਰ 'ਤੇ ਸੂਬਿਆਂ ਦੇ ਪੁਨਰਗਠਨ ਵਾਸਤੇ ਕਮਿਸ਼ਨ ਕਾਇਮ ਕੀਤਾ ਤਾਂ ਇਸ ਦੇ ਘੇਰੇ ਵਿਚੋਂ ਉੱਤਰੀ ਰਾਜਾਂ ਨੂੰ ਬਾਹਰ ਰੱਖੇ ਜਾਣ ਦਾ ਅਕਾਲੀ ਦਲ ਨੇ ਵਿਰੋਧ ਕੀਤਾ। ਇਸੇ ਵਿਰੋਧ ਦੇ ਸਬੰਧ ਵਿਚ ਇੱਕ ਵਫ਼ਦ ਤਤਕਾਲੀ ਕੇਂਦਰੀ ਕਾਨੂੰਨ ਤੇ ਨਿਆਂ ਮੰਤਰੀ ਡਾ. ਬੀ.ਆਰ. ਅੰਬੇਦਕਰ ਨੂੰ ਮਿਲਿਆ। ਉਨ੍ਹਾਂ ਨੇ ਇਸ ਵਫ਼ਦ ਨੂੰ ਮਸ਼ਵਰਾ ਦਿੱਤਾ ਕਿ ਜੇਕਰ ਉਹ ਸਿੱਖ ਸੂਬੇ ਦੀ ਥਾਂ ਪੰਜਾਬੀ ਭਾਸ਼ਾ ਦੇ ਆਧਾਰ 'ਤੇ ਸੂਬੇ ਦੀ ਮੰਗ ਕਰਨ ਤਾਂ ਉਨ੍ਹਾਂ ਦੀ ਮੰਗ, ਪੁਨਰਗਠਨ ਕਮਿਸ਼ਨ ਦੇ ਦਾਇਰੇ ਵਿਚ ਆ ਸਕਦੀ ਹੈ।

-ਇਸੇ ਦੌਰਾਨ 5 ਮਈ 1948 ਨੂੰ ਪੈਪਸੂ ਸੂਬੇ ਦੇ ਗਠਨ ਨਾਲ ਰੋਲ-ਘਚੋਲਾ ਵਧ ਗਿਆ। 'ਪੈਪਸੂ' ਵਿਚ ਛੇ ਸਿੱਖ ਰਿਆਸਤਾਂ- ਪਟਿਆਲਾ, ਨਾਭਾ, ਜੀਂਦ, ਕੈਥਲ, ਫ਼ਰੀਦਕੋਟ ਤੇ ਕਪੂਰਥਲਾ ਸ਼ਾਮਿਲ ਸਨ। ਭਾਵੇਂ ਇਸ ਦੇ ਰਾਜ ਪ੍ਰਮੁੱਖ (ਗਵਰਨਰ) ਮਹਾਰਾਜਾ ਯਾਦਵਿੰਦਰ ਸਿੰਘ (ਪਟਿਆਲਾ) ਤੇ ਨਾਇਬ ਰਾਜ ਪ੍ਰਮੁੱਖ ਮਹਾਰਾਜਾ ਜਗਤਜੀਤ ਸਿੰਘ (ਕਪੂਰਥਲਾ) ਸਨ, ਫਿਰ ਵੀ ਮੰਤਰੀ ਮੰਡਲ ਵਿਚ ਮੰਤਰੀਆਂ ਦੀ ਧਰਮ ਮੁਤਾਬਿਕ ਸ਼ਮੂਲੀਅਤ ਨੂੰ ਲੈ ਕੇ ਵੈਰ-ਵਿਰੋਧ ਚਲਦਾ ਰਿਹਾ। ਪੈਪਸੂ ਵਿਚ ਜਦੋਂ ਪਹਿਲੀ ਵਾਰ ਅਸੈਂਬਲੀ ਚੋਣਾਂ ਕਰਵਾਈਆਂ ਗਈਆਂ ਤਾਂ ਦੇਸ਼ ਦੀ ਪਹਿਲੀ ਗ਼ੈਰ-ਕਾਂਗਰਸੀ ਸਰਕਾਰ ਹੋਂਦ ਵਿਚ ਆਈ। ਸਰਕਾਰ ਬਣਾਉਣ ਵਾਲੇ ਯੂਨਾਈਟਡ ਫਰੰਟ ਵਿਚ ਅਕਾਲੀ ਦਲ ਦੀ ਪ੍ਰਮੁੱਖਤਾ ਸੀ। ਇਹ ਹਕੀਕਤ ਕੇਂਦਰ ਦੀ ਕਾਂਗਰਸ ਸਰਕਾਰ ਨੂੰ ਹਜ਼ਮ ਨਹੀਂ ਹੋਈ। ਸਰਕਾਰ ਤੇ ਅਸੈਂਬਲੀ ਭੰਗ ਕਰ ਕੇ ਸੂਬੇ ਵਿਚ ਰਾਸ਼ਟਰਪਤੀ ਰਾਜ ਲਾਗੂ ਕਰ ਦਿੱਤਾ ਗਿਆ।

-ਇਨ੍ਹਾਂ ਦਿਨਾਂ ਦੌਰਾਨ ਹੀ ਆਰੀਆ ਸਮਾਜ, ਹਿੰਦੂ ਮਹਾਂ ਸਭਾ ਤੇ ਜਨਸੰਘ ਨੇ ਪੰਜਾਬੀ ਜਾਂ ਸਿੱਖ ਸੂਬੇ ਦੇ ਸੰਕਲਪ ਖ਼ਿਲਾਫ਼ ਵਿਰੋਧ ਦਾ ਤੂਫ਼ਾਨ ਭਖਾ ਦਿੱਤਾ। ਪੰਜਾਬ ਕਾਂਗਰਸ ਵੀ ਸਿੱਧੇ ਤੇ ਅਸਿੱਧੇ ਤੌਰ 'ਤੇ ਇਸ ਮੁਹਿੰਮ ਵਿਚ ਸ਼ਾਮਿਲ ਸੀ। ਮਾਸਟਰ ਜੀ ਨੂੰ ਵੱਖਵਾਦੀ ਤੇ ਫ਼ਿਰਕੂ ਨੇਤਾ ਦਾ ਦਰਜਾ ਦੇ ਕੇ 20 ਫਰਵਰੀ 1949 ਨੂੰ ਜੇਲ੍ਹ ਵਿਚ ਸੁੱਟ ਦਿੱਤਾ ਗਿਆ। ਉਹ ਕਈ ਮਹੀਨੇ ਬੰਦੀਖ਼ਾਨੇ ਵਿਚ ਰਹੇ।

-ਇਸ ਸਾਰੇ ਕੁਸੈਲੇਪਣ ਦਾ ਨਤੀਜਾ ਇਹ ਰਿਹਾ ਕਿ ਨਵੰਬਰ 1949 ਵਿਚ ਸੰਵਿਧਾਨ ਸਭਾ ਦੇ ਛੇ ਸਿੱਖ ਮੈਂਬਰਾਂ ਨੇ ਨਵੇਂ ਭਾਰਤੀ ਸੰਵਿਧਾਨ ਦੇ ਖਰੜੇ ਉੱਪਰ ਸਹੀ ਪਾਉਣ ਤੋਂ ਇਸ ਆਧਾਰ 'ਤੇ ਨਾਂਹ ਕਰ ਦਿੱਤੀ ਕਿ ਇਸ ਸੰਵਿਧਾਨ ਰਾਹੀਂ ਸੂਬਿਆਂ ਨੂੰ ਜਿਹੜੀ ਸੀਮਤ ਖ਼ੁਦਮੁਖ਼ਤਿਆਰੀ ਪ੍ਰਦਾਨ ਕੀਤੀ ਗਈ ਹੈ, ਉਹ ਕਾਂਗਰਸੀ ਰਾਜਨੇਤਾਵਾਂ ਵੱਲੋਂ ਪਹਿਲਾਂ ਦਿੱਤੇ ਗਏ ਭਰੋਸਿਆਂ ਉੱਪਰ ਖ਼ਰੀ ਨਹੀਂ ਉਤਰਦੀ। ਇਨ੍ਹਾਂ ਮੈਂਬਰਾਂ ਨੇ ਇਹ ਵੀ ਕਿਹਾ ਕਿ ਭਾਸ਼ਾਈ ਕਮਿਸ਼ਨ ਨੂੰ ਉੱਤਰੀ ਭਾਰਤ 'ਤੇ ਲਾਗੂ ਨਾ ਕਰਨਾ ਪੰਜਾਬੀ ਸੂਬੇ ਦੀ ਮੰਗ ਨੂੰ ਸਿੱਧੇ ਤੌਰ 'ਤੇ ਰੱਦ ਕਰਨ ਵਾਂਗ ਹੈ। ਅਜਿਹੀ ਅਣਦੇਖੀ ਤੇ ਨਮੋਸ਼ੀ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ।

-ਪੂਰਬੀ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਗੋਪੀ ਚੰਦ ਭਾਰਗਵ ਤੋਂ ਬਾਅਦ ਭੀਮ ਸੈਨ ਸੱਚਰ ਦੂਜੇ ਮੁੱਖ ਮੰਤਰੀ ਬਣੇ। ਉਹ ਤੁਅੱਸਬੀ ਨਹੀਂ ਸਨ। ਉਨ੍ਹਾਂ ਨੇ ਰੇੜਕਾ ਘਟਾਉਣ ਲਈ ਇਕ ਫਾਰਮੂਲਾ ਪੇਸ਼ ਕੀਤਾ, ਜੋ ਸੱਚਰ ਫਾਰਮੂਲੇ ਵਜੋਂ ਜਾਣਿਆ ਜਾਂਦਾ ਹੈ। ਇਸ ਮੁਤਾਬਿਕ ਪੂਰਬੀ ਪੰਜਾਬ ਦੇ ਪੰਜਾਬੀ ਜ਼ੋਨ ਵਿਚ ਮੈਟ੍ਰਿਕ ਤੱਕ ਪੰਜਾਬੀ ਮੀਡੀਅਮ ਅਤੇ ਹਿੰਦੀ ਜ਼ੋਨ ਵਿਚ ਹਿੰਦੀ ਮੀਡੀਅਮ ਲਾਗੂ ਕਰਨਾ ਸ਼ਾਮਿਲ ਸੀ। ਆਰੀਆ ਸਮਾਜ ਤੇ ਕੱਟੜਪੰਥੀ ਹਿੰਦੂ ਸੰਗਠਨਾਂ ਨੇ ਇਸ ਫਾਰਮੂਲੇ ਦਾ ਡਟਵਾਂ ਵਿਰੋਧ ਕੀਤਾ। ਉਹ ਪੰਜਾਬੀ ਨੂੰ ਹਿੰਦੀ ਦੀ ਉਪ-ਭਾਸ਼ਾ ਤੋਂ ਵੱਧ ਵੁੱਕਤ ਦੇਣ ਲਈ ਤਿਆਰ ਹੀ ਨਹੀਂ ਸਨ। ਇਸੇ ਪ੍ਰਸੰਗ ਵਿਚ 'ਹਿੰਦੀ, ਹਿੰਦੂ, ਹਿੰਦੋਸਤਾਨ' ਦਾ ਨਾਅਰਾ ਪੰਜਾਬ ਦੇ ਵੱਡੇ ਸ਼ਹਿਰੀ ਕੇਂਦਰਾਂ ਵਿਚ ਜਲਸੇ-ਜਲੂਸਾਂ ਦਾ ਮੁੱਖ ਅੰਗ ਬਣ ਗਿਆ।

-ਇਸੇ ਰਣਨੀਤੀ ਦੇ ਤਹਿਤ ਪਹਿਲਾਂ 1951 ਤੇ ਫਿਰ 1961 ਦੀ ਮਰਦਮਸ਼ੁਮਾਰੀ ਦੌਰਾਨ ਪੰਜਾਬੀ ਹਿੰਦੂਆਂ ਨੂੰ ਆਪਣੀ ਮਾਤ-ਭਾਸ਼ਾ ਹਿੰਦੀ ਲਿਖਵਾਉਣ ਦੀ ਮੁਹਿੰਮ ਵਿਆਪਕ ਤੌਰ 'ਤੇ ਜਥੇਬੰਦ ਕੀਤੀ ਗਈ। ਕਾਂਗਰਸ ਵੀ ਇਸ ਮੁਹਿੰਮ ਵਿਚ ਭਾਈਵਾਲ ਬਣੀ ਰਹੀ।

-1953 ਵਿਚ ਨਵਾਂ ਸੂਬਾਈ ਪੁਨਰਗਠਨ ਕਮਿਸ਼ਨ ਕਾਇਮ ਕੀਤਾ ਗਿਆ। ਇਸ ਨੇ ਫਰਵਰੀ 1954 ਵਿਚ ਆਪਣਾ ਕੰਮ ਸ਼ੁਰੂ ਕੀਤਾ। ਅਕਾਲੀ ਦਲ ਨੇ ਮੰਗ ਕੀਤੀ ਕਿ ਹਿਮਾਚਲੀ ਪਹਾੜੀਆਂ ਨੂੰ ਛੱਡ ਕੇ ਪੰਜਾਬ ਤੇ ਪੈਪਸੂ ਦਾ ਰਲੇਵਾਂ ਕੀਤਾ ਜਾਵੇ ਅਤੇ 35 ਹਜ਼ਾਰ ਵਰਗ ਮੀਲ ਰਕਬੇ ਨੂੰ ਪੰਜਾਬ ਦਾ ਦਰਜਾ ਦਿੱਤਾ ਜਾਵੇ। ਦੂਜੇ ਪਾਸੇ ਕਾਂਗਰਸ ਨੇ ਮੰਗ ਕੀਤੀ ਕਿ ਰਲੇਵੇਂ ਵਿਚ ਹਿਮਾਚਲ ਵੀ ਸ਼ਾਮਿਲ ਕੀਤਾ ਜਾਵੇ ਤਾਂ ਜੋ ਪੰਜਾਬ ਦਾ ਹਿੰਦੂ ਬਹੁਮਤ ਵਾਲਾ ਕਿਰਦਾਰ ਬਰਕਰਾਰ ਰਹੇ। ਭਾਸ਼ਾਈ ਕਮਿਸ਼ਨ ਨੇ ਇਨ੍ਹਾਂ ਮੰਗਾਂ ਨੂੰ ਵਿਚਾਰਨ ਦੀ ਥਾਂ ਆਪਣਾ ਫੋਕਸ ਨਰਮਦਾ ਪਾਰਲੇ ਖ਼ਿੱਤੇ ਨੂੰ ਹੀ ਬਣਾਇਆ। ਆਂਧਰਾ ਪ੍ਰਦੇਸ਼ ਨੂੰ ਮਦਰਾਸ ਰਾਜ (ਬਾਅਦ ਵਿਚ ਤਾਮਿਲ ਨਾਡੂ) ਤੋਂ ਅਲਹਿਦਾ ਕਰ ਕੇ ਪਹਿਲੀ ਅਕਤੂਬਰ 1953 ਤੋਂ ਵੱਖਰਾ ਰਾਜ ਬਣਾਇਆ ਗਿਆ ਭਾਵੇਂ ਕਿ ਸਾਰੀਆਂ ਕਾਨੂੰਨੀ ਪੇਚੀਦਗੀਆਂ ਦੂਰ ਹੁੰਦਿਆਂ ਤਿੰਨ ਵਰ੍ਹੇ ਹੋਰ ਲੱਗ ਗਏ। ਇਸੇ ਤਰ੍ਹਾਂ ਪਹਿਲੀ ਨਵੰਬਰ 1956 ਨੂੰ ਕੰਨੜ ਭਾਸ਼ੀ ਮੈਸੂਰ ਰਾਜ ਹੋਂਦ ਵਿਚ ਆਇਆ। ਇਹ ਪਹਿਲਾਂ ਬੰਬੇ ਪ੍ਰੈਜ਼ੀਡੈਂਸੀ ਦਾ ਹਿੱਸਾ ਸੀ। (ਇਸ ਰਾਜ ਦਾ ਕਰਨਾਟਕ ਵਾਲਾ ਨਾਮਕਰਨ 1973 ਵਿਚ ਹੋਇਆ) ਬਾਕੀ ਬਚੇ ਬੰਬਈ ਜਾਂ ਬੰਬੇ ਰਾਜ ਦੀ ਵੰਡ ਕਰ ਕੇ ਪਹਿਲੀ ਮਈ, 1960 ਤੋਂ ਮਹਾਰਾਸ਼ਟਰ ਤੇ ਗੁਜਰਾਤ ਰਾਜਾਂ ਦਾ ਜਨਮ ਹੋਇਆ।

- 1955 ਦੀਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਸ਼੍ਰੋਮਣੀ ਦਲ ਨੇ 110 ਸੀਟਾਂ ਲੜੀਆਂ ਅਤੇ ਸਾਰੀਆਂ ਜਿੱਤੀਆਂ। ਕਾਂਗਰਸ ਨੇ ਖ਼ਾਲਸਾ ਦਲ ਦੇ ਝੰਡੇ ਹੇਠ 132 ਸੀਟਾਂ 'ਤੇ ਆਪਣੇ ਉਮੀਦਵਾਰ ਖੜ੍ਹੇ ਕੀਤੇ, ਪਰ ਉਨ੍ਹਾਂ ਵਿਚੋਂ ਤਿੰਨ ਹੀ ਜੇਤੂ ਰਹੇ। ਇਸ ਜਿੱਤ ਨੇ ਪੰਜਾਬੀ ਸੂਬਾ ਲਹਿਰ ਨੂੰ ਅਚਨਚੇਤੀ ਤਕੜਾ ਬਲ ਬਖ਼ਸ਼ਿਆ। ਇਸ ਤੋਂ ਖ਼ੌਫ਼ ਖਾ ਕੇ ਪੰਜਾਬ ਦੀ ਕਾਂਗਰਸ ਸਰਕਾਰ ਨੇ 'ਪੰਜਾਬੀ ਸੂਬਾ ਜ਼ਿੰਦਾਬਾਦ' ਦੇ ਨਾਅਰੇ ਉੱਤੇ ਪਾਬੰਦੀ ਲਾ ਦਿੱਤੀ। ਇਸ ਪਾਬੰਦੀ ਨੇ ਪੰਜਾਬੀ ਸੂਬੇ ਲਈ ਪਹਿਲੇ ਮੋਰਚੇ ਨੂੰ ਜਨਮ ਦਿੱਤਾ। ਇਹ ਮੋਰਚਾ ਪੁਰਅਮਨ ਗ੍ਰਿਫ਼ਤਾਰੀਆਂ ਦੇ ਰੂਪ ਵਿਚ 10 ਮਈ 1955 ਤੋਂ ਸ਼ੁਰੂ ਹੋਇਆ। ਮਾਸਟਰ ਜੀ ਨੇ ਗ੍ਰਿਫ਼ਤਾਰੀ ਦੇਣ ਵਾਲੇ ਪਹਿਲੇ ਜਥੇ ਦੀ ਅਗਵਾਈ ਕੀਤੀ।

- ਹਿੰਦੂ ਜਥੇਬੰਦੀਆਂ ਨੇ ਇਸ ਮੋਰਚੇ ਦਾ ਤਿੱਖਾ ਵਿਰੋਧ ਕੀਤਾ। ਗ੍ਰਿਫ਼ਤਾਰੀ ਦੇਣ ਵਾਲੇ ਜਥਿਆਂ ਉੱਤੇ ਪਥਰਾਓ ਦੀਆਂ ਘਟਨਾਵਾਂ ਵੀ ਵਾਪਰੀਆਂ ਪਰ ਮੋਰਚਾ ਪ੍ਰਚੰਡ ਹੁੰਦਾ ਗਿਆ। ਇਸ ਪ੍ਰਚੰਡਤਾ ਨੂੰ ਠੱਲ੍ਹ ਪਾਉਣ ਲਈ ਡੀਆਈਜੀ ਅਸ਼ਵਨੀ ਕੁਮਾਰ (ਜੋ ਬਾਅਦ ਵਿਚ ਬੀਐੱਸਐੱਫ ਦੇ ਡਾਇਰੈਕਟਰ ਜਨਰਲ ਵੀ ਬਣੇ) ਦੀ ਅਗਵਾਈ ਹੇਠ ਪੰਜਾਬ ਪੁਲੀਸ ਨੇ 4 ਜੁਲਾਈ 1955 ਨੂੰ ਦਰਬਾਰ ਸਾਹਿਬ ਕੰਪਲੈਕਸ 'ਤੇ ਛਾਪਾ ਮਾਰਿਆ। ਛਾਪੇ ਦੌਰਾਨ ਗੁਰੂ ਰਾਮਦਾਸ ਸਰਾਂ ਤੇ ਤੇਜਾ ਸਿੰਘ ਸਮੁੰਦਰੀ ਹਾਲ ਦੀਆਂ ਤਲਾਸ਼ੀਆਂ ਲਈਆਂ ਗਈਆਂ ਅਤੇ ਮੰਜੀ ਸਾਹਿਬ ਦੀਵਾਨ ਹਾਲ ਸੀਲ ਕਰ ਦਿੱਤਾ ਗਿਆ। ਮੰਜੀ ਸਾਹਿਬ ਤੋਂ ਹੀ ਗ੍ਰਿਫ਼ਤਾਰੀ ਲਈ ਜਥੇ ਰਵਾਨਾ ਹੁੰਦੇ ਸਨ।

-ਇਸ ਛਾਪੇ ਖ਼ਿਲਾਫ਼ ਲੋਕ ਰੋਹ ਨੂੰ ਦੇਖਦਿਆਂ ਮੁੱਖ ਮੰਤਰੀ ਭੀਮ ਸੈਨ ਸੱਚਰ ਨੇ ਸਿੱਖ ਜਗਤ ਤੋਂ ਮੁਆਫ਼ੀ ਮੰਗੀ। ਉਹ ਖ਼ੁਦ ਉਦਾਰਵਾਦੀ ਸ਼ਖ਼ਸੀਅਤ ਸਨ ਅਤੇ ਪੰਜਾਬੀ ਤੇ ਪੰਜਾਬੀਅਤ ਦੇ ਹਿਤੈਸ਼ੀ ਸਨ। ਇਸ ਮੁਆਫ਼ੀਨਾਮੇ ਖ਼ਿਲਾਫ਼ ਹਿੰਦੂ ਸੰਗਠਨਾਂ ਦੇ ਵਫ਼ਦ ਦਿੱਲੀ ਦਰਬਾਰ ਜਾ ਪਹੁੰਚੇ, ਜਿਸ ਕਾਰਨ ਸ੍ਰੀ ਸੱਚਰ ਨੂੰ ਅਸਤੀਫ਼ਾ ਦੇਣਾ ਪਿਆ। ਇਸ ਮਗਰੋਂ ਪ੍ਰਤਾਪ ਸਿੰਘ ਕੈਰੋਂ ਜਨਵਰੀ 1956 ਵਿਚ ਪੰਜਾਬ ਦੇ ਮੁੱਖ ਮੰਤਰੀ ਬਣੇ।

-ਅਮਰੀਕਾ ਵਿਚ ਪੜ੍ਹੇ ਕੈਰੋਂ ਦਾ ਪਿਛੋਕੜ ਅਕਾਲੀ ਸੀ। ਉਨ੍ਹਾਂ ਦੇ ਪਿਤਾ ਸ. ਨਿਹਾਲ ਸਿੰਘ, ਸਿੰਘ ਸਭਾ ਲਹਿਰ ਦੇ ਸਰਗਰਮ ਆਗੂ ਰਹੇ ਸਨ। ਇਸ ਨੂੰ ਕੈਰੋਂ ਮਾਣਮੱਤੀ ਪ੍ਰਾਪਤੀ ਮੰਨਦੇ ਸਨ। ਸੁਭਾਅ ਪੱਖੋਂ ਉਹ ਅੜ੍ਹਬ ਸਨ ਅਤੇ ਅਕਾਲੀ ਆਗੂਆਂ ਨੂੰ ਸਖ਼ਤੀ ਨਾਲ ਟੱਕਰਦੇ ਸਨ। ਪਰ ਜਦੋਂ ਸਖ਼ਤਾਈ ਵੀ ਕਾਰਗਰ ਨਾ ਹੋਈ ਤਾਂ ਸਮਝੌਤਿਆਂ ਤੇ ਗੱਲਬਾਤ ਦੇ ਦੌਰ ਸ਼ੁਰੂ ਕਰਨੇ ਪਏ। ਜਨਵਰੀ 1956 ਵਿਚ ਭਾਸ਼ਾਈ ਫਾਰਮੂਲੇ 'ਤੇ ਸਹਿਮਤੀ ਹੋਈ। ਇਹ ਮਾਸਟਰ ਜੀ ਦੇ ਕਰੀਬੀ ਸ. ਹੁਕਮ ਸਿੰਘ ਨੇ ਤਿਆਰ ਕੀਤਾ ਸੀ। (ਉਹ ਬਾਅਦ ਵਿਚ ਕਾਂਗਰਸ ਵਿਚ

*(ਬਾਕੀ ਅਗਲੇ ਸਫੇ 'ਤੇ)*

# ਦੁੱਖ ਬੋਲ ਕੇ ਜੇ ਦੱਸਿਆ ਤਾਂ ਕੀ ਦੱਸਿਆ...

**ਸ਼ਬਦ ਜੋਤ**



**ਡਾ. ਗੁਰਬਖਸ਼ ਸਿੰਘ ਭੰਡਾਲ**
**ਫੋਨ: 216-556-2080**

ਦੁੱਖ ਇਹ ਨਹੀਂ ਕਿ ਮੈਂ ਉਸ ਦੇ ਸਾਹਵੇਂ ਐਵੇਂ ਹੀ ਦਰਦ-ਗਾਥਾ ਖੋਲ੍ਹ ਬੈਠਾ ਸਗੋਂ ਦੁੱਖ ਇਸ ਗੱਲ ਦਾ ਕਿ ਦੁੱਖ ਬੋਲ ਕੇ ਹੀ ਦੱਸਿਆ ਤਾਂ ਕੀ ਦੱਸਿਆ?

ਦੁੱਖ ਇਹ ਨਹੀਂ ਕਿ ਮੇਰੇ ਅੱਲੇ ਜ਼ਖ਼ਮ ਚਸਕਦੇ ਨੇ। ਦੁੱਖ ਇਸ ਗੱਲ ਦਾ ਕਿ ਦੁੱਖ ਪੁੱਛਣ ਵਾਲੇ ਨੇ ਦੁੱਖ ਜਾਣਿਆ ਹੀ ਨਹੀਂ ਅਤੇ ਇਸ ਤੋਂ ਵੱਧ ਕਿ ਦੁੱਖ ਪੁੱਛਿਆ ਹੀ ਨਹੀਂ।

ਦੁੱਖ ਇਹ ਨਹੀਂ ਕਿ ਮੇਰੇ ਸੁਪਨੇ ਤਿੜਕੇ। ਦੁੱਖ ਇਸ ਗੱਲ ਦਾ ਕਿ ਆਪਣਿਆਂ ਦੀ ਬੇਰੁਖ਼ੀ ਨੇ ਸੁਪਨਿਆਂ ਦੀ ਤਿੜਕਣ ਦੀ ਚੀਸ ਦੂੱਗਣੀ ਕੀਤੀ।

ਦੁੱਖ ਇਹ ਨਹੀਂ ਕਿ ਸੁਪਨਿਆਂ ਨੂੰ ਪਰਵਾਜ਼ ਨਹੀਂ ਮਿਲੀ। ਦੁੱਖ ਤਾਂ ਇਸ ਗੱਲ ਦਾ ਕਿ ਮੇਰੇ ਹਿੱਸੇ ਦਾ ਅੰਬਰ ਮੇਰਿਆਂ ਹੀ ਮੇਰੇ ਕੋਲੋਂ ਲੁਕਾ ਲਿਆ।

ਦੁੱਖ ਇਹ ਨਹੀਂ ਕਿ ਮੇਰੇ ਸੁਪਨਿਆਂ ਦਾ ਸਿਰਨਾਵਾਂ ਧੁੰਦਲਕੇ ਦਾ ਸ਼ਿਕਾਰ ਹੋ ਗਿਆ। ਦੁੱਖ ਇਸ ਦਾ ਕਿ ਮੇਰੇ ਸੂਰਜ ਨੇ ਮੇਰੇ ਤੋਂ ਹੀ ਪਿੱਠ ਕਰ ਲਈ।

ਦੁੱਖ ਇਹ ਨਹੀਂ ਕਿ ਮੇਰਿਆਂ ਪੈਰਾਂ ਨੂੰ ਸਫ਼ਰ ਨਹੀਂ ਮਿਲਿਆ। ਹਿਰਖ ਇਸ ਗੱਲ ਦਾ ਕਿ ਮੇਰੇ ਰਾਹਾਂ 'ਚ ਆਪਣਿਆਂ ਵੱਲੋਂ ਪੁੱਟੀਆਂ ਖਾਈਆਂ ਅਤੇ ਖੱਡੇ ਮੇਰਾ ਸਫ਼ਰ ਹੜੱਪ ਕਰ ਗਏ।

ਦੁੱਖ ਇਹ ਨਹੀਂ ਕਿ ਮੇਰੀਆਂ ਅਪੂਰਨ ਆਸਾਂ ਹੀ ਮੇਰੀ ਬੇਚੈਨੀ ਦਾ ਕਾਰਨ ਬਣੀਆਂ। ਦੁੱਖ ਇਹ ਵੀ ਕਿ ਅਪੂਰਨ ਆਸਾਂ ਦਾ ਨਾਗਵਲ ਕਿਧਰੇ ਮੇਰੇ ਸੀਰਮੇ ਹੀ ਨਾ ਪੀ ਜਾਵੇ।

ਦੁੱਖ ਇਹ ਨਹੀਂ ਕਿ ਮੇਰੀਆਂ ਅਧੂਰੀਆਂ ਤਮੰਨਾਵਾਂ ਦੀ ਤਾਂਘ ਨੇ ਮੈਨੂੰ ਅੰਦਰੋਂ ਤਪਾ ਦਿੱਤਾ। ਦੁੱਖ ਇਹ ਕਿ ਇਸ ਤਪਸ਼ ਕਾਰਨ ਧੂਣੀ ਦਾ ਧੂੰਆਂ ਮੇਰੇ ਸਾਹਾਂ ਵਿਚ ਘੁੱਟਣ ਪੈਦਾ ਕਰ ਰਿਹਾ।

ਦੁੱਖ ਇਹ ਨਹੀਂ ਕਿ ਖੇਤਾਂ ਵਿਚ ਖੁਦਕੁਸ਼ੀਆਂ ਉਗ ਰਹੀਆਂ। ਦੁੱਖ ਇਸ ਗੱਲ ਦਾ ਕਿ ਖੁਦਕੁਸ਼ੀਆਂ ਦੀ ਫ਼ਸਲ ਵਿਚੋਂ ਵੀ ਮੁਨਾਫ਼ਾ ਲੈਣ ਦੀ ਤਾਕ ਵਿਚ ਏ ਮੁਨਾਫ਼ਾਖੋਰ।

ਦੁੱਖ ਇਹ ਨਹੀਂ ਕਿ ਬਿਰਖਾਂ ਤੇ ਲਟਕਦੇ ਬਿਜੜਿਆਂ ਦੇ ਆਲ੍ਹਣੇ ਵੈਰਾਨ ਹੋ ਗਏ। ਦੁੱਖ ਤਾਂ ਇਸ ਗੱਲ ਦਾ ਕਿ ਇਨ੍ਹਾਂ ਆਲ੍ਹਣਿਆਂ ਨੂੰ ਤੀਲ੍ਹਾ-ਤੀਲ੍ਹਾ ਕਰਨ ਵਾਲੇ ਬਾਂਦਰਾਂ ਦਾ ਆਪਣਾ ਕੋਈ ਘਰ ਹੀ ਨਹੀਂ ਹੁੰਦਾ।

ਦੁੱਖ ਇਹ ਨਹੀਂ ਕਿ ਕਿ ਬਾਪ ਦੇ ਹੱਥੀਂ ਲਾਏ ਅੰਬ ਦੇ ਬੂਟੇ ਨੂੰ ਕੋਈ ਟੱਕ ਲਾ ਗਿਆ। ਦੁੱਖ ਤਾਂ ਇਸ ਗੱਲ ਦਾ ਕਿ ਅਗਰ ਇਹ ਬੂਟਾ ਸੁੱਕ ਗਿਆ ਤਾਂ ਮੈਂ ਅੰਬ ਦੇ ਬੂਟੇ ਦੀ ਗਲਵੱਕੜੀ ਵਿਚੋਂ ਮਾਣੀ ਬਾਪ ਦੀ ਛੋਹ ਨੂੰ ਤਰਸ ਜਾਵਾਂਗਾ।

ਦੁੱਖ ਇਹ ਨਹੀਂ ਕਿ ਬਿਆਸ ਦਰਿਆ ਦੀ ਹਿੱਕ 'ਚ ਬਰੇਤੇ ਉਗ ਆਏ। ਦੁੱਖ ਇਸ ਗੱਲ ਦਾ ਕਿ ਇਨ੍ਹਾਂ ਬਰੇਤਿਆਂ ਤੇ ਵੀ ਬਾਬੇ ਕਾਬਜ਼ ਹੋ ਗਏ, ਜਿਨ੍ਹਾਂ ਨੂੰ ਆਸ ਸੀ ਕਿ ਉਹ ਫਿਰ ਤੋਂ ਦੁਬਾਰਾ ਦਰਿਆ ਬਣਨਗੇ।

ਦੁੱਖ ਇਹ ਨਹੀਂ ਕਿ ਮੇਰੀਆਂ ਸੋਚਾਂ ਵਿਚਲੀਆਂ ਚਾਨਣ ਲਕੀਰਾਂ ਹਨੇਰਿਆਂ ਖਾ ਲਈਆਂ। ਦੁੱਖ ਇਹ ਕਿ ਕਾਲਖ਼ਾਂ ਦੀ ਰੁੱਤ ਸਦਾ ਹੀ ਮੇਰੇ ਹਮਸਾਇਆਂ ਦੇ ਸੰਗ ਰਹੀ।

ਦੁੱਖ ਇਹ ਨਹੀਂ ਕਿ ਮੇਰੀ ਬੇਖੁਦੀ ਨੇ ਮੈਨੂੰ ਮੈਥੋਂ ਹੀ ਬਹੁਤ ਦੂਰ ਕਰਕੇ ਇਕੱਲ ਦੇ ਰਾਹੀਂ ਤੋਰਿਆ। ਦੁੱਖ ਇਸ ਦਾ ਇਕੱਲ ਭੋਗ ਰਿਹਾ ਸਖਸ਼ ਤਿੱਲ ਤਿੱਲ ਕਰਕੇ ਮਰ ਰਿਹਾ।

ਦੁੱਖ ਇਹ ਨਹੀਂ ਕਿ ਮੇਰੇ ਟੁੱਟਾ ਸੁਪਨਾ ਸਿਸਕੀਆਂ ਲੈਂਦਾ ਰਿਹਾ। ਦੁੱਖ ਇਹ ਕਿ ਮੈਂ ਆਪਣੇ ਅੰਦਰਲੀਆਂ ਸਿਸਕੀਆਂ ਦਾ ਸ਼ੋਰ ਵੀ ਨਾ ਸੁਣ ਸਕਿਆ।

ਦੁੱਖ ਇਹ ਨਹੀਂ ਕਿ ਨੌਜਵਾਨ ਮਨਾਂ ਦੀਆਂ ਸੋਚਾਂ ਅੰਧਰਾਤੇ ਦਾ ਸ਼ਿਕਾਰ ਹੋ ਗਈਆਂ। ਦੁੱਖ ਇਹ ਕਿ ਨੌਜਵਾਨ ਸਮਝ ਹੀ ਨਾ ਸਕੇ ਕੌਣ ਉਨ੍ਹਾਂ ਦੇ ਜਗਦੇ ਚਿਹਰਿਆਂ ਦੇ ਚਿਰਾਗ਼ਾਂ ਨੂੰ ਬੁਝਾ ਗਿਆ।

ਦੁੱਖ ਇਹ ਨਹੀਂ ਕਿ ਪਿੰਡ ਵਿਚਲਾ ਪੁਰਾਣਾ ਘਰ ਵੇਚ ਦਿੱਤਾ ਗਿਆ। ਦੁੱਖ ਇਸ ਗੱਲ ਦਾ ਕਿ ਹੁਣ ਮੈਂ ਕਿਵੇਂ ਆਪਣੇ ਦੋਹਤਰੇ/ਦੋਹਤਰੀਆਂ ਨੂੰ ਦਿਖਾਵਾਂਗਾ ਕਿ ਮੈਂ ਇਸ ਬਿਨ ਬੂਹੇ/ਬਾਰੀਆਂ ਵਾਲੇ ਚੁਬਾਰੇ ਵਿਚ ਬੈਠ ਕੇ ਅੱਧੀ ਰਾਤ ਤੀਕ ਗਿਆਨ ਦਾ ਦੀਪਕ ਮਸਤਕ ਵਿਚ ਜਗਾਉਣ ਦੀ ਸਾਧਨਾ ਕਰਦਾ ਹੁੰਦਾ ਸੀ।

ਦੁੱਖ ਇਹ ਨਹੀਂ ਕਿ ਮੇਰੇ ਪਿੰਡ ਦੀ ਆਬੋ-ਹਵਾ ਜ਼ਹਿਰੀਲੀ ਹੈ। ਸਗੋਂ ਦੁੱਖ ਤਾਂ ਇਹ ਕਿ ਪਿੰਡ ਨੂੰ ਪਤਾ ਹੀ ਨਾ ਲੱਗਾ ਕਿ ਕੌਣ, ਕਿਹੜੇ ਵੇਲੇ ਅਤੇ ਕਿਸ ਤਰ੍ਹਾਂ ਇਸ ਪਾਕ ਫ਼ਿਜ਼ਾ ਨੂੰ ਸਾਹ ਪੀਣੀ ਕਰ ਗਿਆ।

ਦੁੱਖ ਇਹ ਨਹੀਂ ਕਿ ਬਨੇਰਿਆਂ ਤੇ ਜਗਦੀਆਂ ਮੋਮਬੱਤੀਆਂ ਨੂੰ ਤੇਜ਼ ਹਵਾਵਾਂ ਨੇ ਬੁਝਾ ਦਿੱਤਾ। ਦੁੱਖ ਤਾਂ ਇਸ ਗੱਲ ਦਾ ਕਿ ਕਿਸੇ ਦੇ ਮਨ ਵਿਚ ਮਾਰੂ ਤੇਜ਼ ਹਵਾਵਾਂ ਦਾ ਸਰੋਤ ਲੱਭਣ ਦੀ ਜਗਿਆਸਾ ਕਿਉਂ ਨਾ ਪੈਦਾ ਹੋਈ?

ਦੁੱਖ ਇਹ ਨਹੀਂ ਕਿ ਕਿ ਚੌਕਿਆਂ ਨੂੰ ਚਿੰਤਾ ਨੇ ਖਾ ਲਿਆ। ਦਰਅਸਲ ਦੁੱਖ ਤਾਂ ਇਹ ਕਿ ਇਸ ਚਿੰਤਾ ਨੂੰ ਕਿਸੇ ਨੇ ਚੁੱਲ੍ਹੇ ਦੀ ਭੁੱਬਲ ਵਿਚ ਦੱਬਿਆ ਕਿਉਂ ਨਾ, ਤਾਂ ਕਿ ਧੂੰਆਂ ਤਾਂ ਉਡਦਾ ਰਹਿੰਦਾ।

ਦੁੱਖ ਇਹ ਨਹੀਂ ਕਿ ਬੰਦ ਬੂਹਿਆਂ ਅੱਗੇ ਬੈਠੇ ਬਜ਼ੁਰਗਾਂ ਦੀ ਪਰਦੇਸੀ ਪੁੱਤਾਂ ਨੂੰ ਉਡੀਕਦਿਆਂ ਆਖ਼ਰੀ ਆਸ ਵੀ ਮੁੱਕ ਚੱਲੀ ਹੈ। ਦੁੱਖ ਤਾਂ ਇਹ ਕਿ ਉਨ੍ਹਾਂ ਦੀ ਅਰਥੀ ਨੂੰ ਆਪਣਿਆਂ ਦਾ ਮੋਢਾ ਵੀ ਨਸੀਬ ਨਹੀਂ ਹੋਣਾ ਅਤੇ ਨਾ ਹੀ ਕਿਸੇ ਨੇ ਉਨ੍ਹਾਂ ਦੇ ਸੱਥਰ ਤੇ ਬੈਠਣਾ।

ਦੁੱਖ ਇਹ ਨਹੀਂ ਕਿ ਕੰਧਾਂ 'ਤੇ ਮਾਰੀਆਂ ਲੀਕਾਂ ਮਿਟਣ ਕਿਨਾਰੇ ਤੇ ਖ਼ਾਮੋਸ਼ ਹਨ। ਦੁੱਖ ਤਾਂ ਇਸ ਗੱਲ ਦਾ ਕਿ ਕੰਧਾਂ 'ਤੇ ਲੀਕਾਂ ਮਾਰਨ ਵਾਲਿਆਂ ਨੇ ਪਰਵਾਜ਼ ਭਰਨ ਤੋਂ ਬਾਅਦ ਇਨ੍ਹਾਂ ਲੀਕਾਂ ਦੀ ਸਾਰ ਹੀ ਨਹੀਂ ਲਈ।

ਦੁੱਖ ਇਹ ਨਹੀਂ ਕਿ ਘਰਾਂ 'ਚ ਪਸਰੀ ਸੁੰਨ ਇਸ ਦੇ ਅੰਤਰੀਵ ਨੂੰ ਸਿਉਂਕ ਰਹੀ। ਦੁੱਖ ਤਾਂ ਇਹ ਕਿ ਇਸ ਸੁੰਨ ਕਾਰਨ ਘਰਾਂ ਦੀਆਂ ਖੋੜਾਂ ਵਿਚ ਉਗ ਆਏ ਬੋਹੜਾਂ ਤੇ ਪਿੱਪਲਾਂ ਨੇ ਘਰ ਨੂੰ ਜਰਜਰੀ ਕਰ ਦੇਣੈ।

ਦੁੱਖ ਇਹ ਨਹੀਂ ਕਿ ਅੱਜ ਕੱਲ੍ਹ ਘਰ ਬਹੁਤ ਉਦਾਸ ਹਨ। ਦੁੱਖ ਤਾਂ ਇਹ ਕਿ ਛੱਤਾਂ ਤੋਂ ਕਿਰਦੀ ਉਦਾਸੀ ਨੇ ਕੰਧਾਂ ਨੂੰ ਆਪਣੀ ਲਪੇਟ ਵਿਚ ਲੈ ਲੈਣਾ ਅਤੇ ਖਿੜਕੀਆਂ ਤੇ ਰੌਸ਼ਨਦਾਨਾਂ ਵਿਚੋਂ ਝਾਕਦੀ ਉਦਾਸੀ ਨੇ ਘਰ ਨੇ ਹੋਰ ਵੀ ਉਦਾਸ ਹੋ ਕਰ ਦੇਣਾ।

ਦੁੱਖ ਇਹ ਨਹੀਂ ਕਿ ਜਿਉਂੜਿਆਂ ਦੇ ਹੁੰਦਿਆਂ ਵੀ ਪਲੰਘ ਤੇ ਖ਼ਾਮੋਸ਼ੀ ਦਾ ਪਹਿਰਾ ਹੈ। ਦੁੱਖ ਤਾਂ ਇਹ ਕਿ ਇਸ ਖ਼ਾਮੋਸ਼ੀ ਦੀ ਵਿੱਥ ਨੇ ਇਸ ਪਾਕ ਤੇ ਸੰਜੀਵ ਰਿਸ਼ਤੇ ਨੂੰ ਹੌਲੀ ਹੌਲੀ ਨਿਗਲ ਜਾਣਾ।

ਦੁੱਖ ਇਹ ਨਹੀਂ ਕਿ ਵੱਡੇ ਘਰ ਵਿਚ ਪਸਰੀ ਚੁੱਪ ਖਾਣ ਨੂੰ ਆਉਂਦੀ। ਦੁੱਖ ਤਾਂ ਇਸ ਦਾ ਕਿ ਘਰ ਨੂੰ ਉਸ ਦੀ ਚੁੱਪ ਨੇ ਹੀ ਖਾ ਜਾਣਾ।

ਦੁੱਖ ਇਹ ਨਹੀਂ ਕਿ ਕਮਰਿਆਂ ਵਿਚ ਵੰਡੇ ਹੋਏ ਘਰ ਵਿਚ ਨਿੱਕੇ ਨਿੱਕੇ ਘਰ ਉਗ ਆਏ। ਦੁੱਖ ਇਸ ਗੱਲ ਦਾ ਕਿ ਨਿੱਕੇ ਨਿੱਕੇ ਘਰਾਂ ਦੁਆਲੇ ਉਗੀਆਂ ਕੰਡਿਆਲੀਆਂ ਵਾੜਾਂ ਨੇ ਘਰ ਨੂੰ ਘਰ ਹੀ ਨਹੀਂ ਰਹਿਣ ਦੇਣਾ।

ਦੁੱਖ ਇਹ ਨਹੀਂ ਕਿ ਮੈਂ ਤੇ ਮੇਰੀ ਤਨਹਾਈ ਕਮਰੇ ਵਿਚ ਇਕ ਦੂਜੇ ਨੂੰ ਬੁੱਕਲ ਵਿਚ ਲੈ ਕੇ ਰਾਤ ਕੱਟਦੇ ਹਾਂ। ਦੁੱਖ ਇਸ ਗੱਲ ਦਾ ਕਿ ਤਨਹਾਈ ਦੇ ਸੇਕ ਵਿਚ ਮੇਰਾ ਅੰਦਰਲਾ ਹਰਦਮ ਧੁਖਦਿਆਂ ਇਕ ਦਿਨ ਰਾਖ ਹੋ ਜਾਵੇਗਾ।

ਦੁੱਖ ਇਹ ਨਹੀਂ ਕਿ ਬਾਪ ਦੇ ਸਸਕਾਰ ਵੇਲੇ ਹੀ ਹਮਸਾਏ ਔਖਾਂ ਫੇਰ ਗਏ। ਦੁੱਖ ਇਹ ਆ ਕਿ ਬਾਪ ਦੇ ਬਲਦੇ ਸਿਵੇ ਸਾਹਵੇਂ ਖ਼ੂਨ ਦੇ ਰਿਸ਼ਤਿਆਂ ਦਾ ਕਤਲ ਵੀ ਅੱਖਾਂ ਨੇ ਹੀ ਦੇਖਣਾ ਸੀ।

ਦੁੱਖ ਇਹ ਨਹੀਂ ਕਿ ਨਿੱਜੀ ਪੀੜਾ ਦੇ ਜਸ਼ਨਾਂ ਵਿਚ ਗੈਰ ਸ਼ਾਮਲ ਹੋਏ। ਦੁੱਖ ਤਾਂ ਇਹ ਕਿ ਅਜੇਹੇ ਜਸ਼ਨਾਂ ਵਿਚ ਉਹ ਵੀ ਸ਼ਾਮਲ ਸਨ ਜੋ ਕਦੇ ਸਿਰਫ਼ ਮੇਰੇ ਹੋਣ ਦਾ ਦਮ ਭਰਦੇ ਸਨ।

ਦੁੱਖ ਇਹ ਨਹੀਂ ਕਿ ਕਿ ਮੈਂ ਉਸ ਦੇ ਚਿਹਰੇ ਦੀ ਕਿਤਾਬ ਨਾ ਪੜ੍ਹ ਸਕਿਆ। ਪਰ ਦੁੱਖ ਤਾਂ ਇਹ ਕਿ ਉਸ ਦੇ ਦੀਦਿਆਂ ਵਿਚਲੇ ਝਾਉਲੇ ਨੇ ਸਭ ਕੁਝ ਅਦ੍ਰਿਸ਼ਟ ਹੀ ਕਰ ਦਿੱਤਾ।

ਦੁੱਖ ਇਹ ਨਹੀਂ ਕਿ ਉਸ ਤੇ ਯਕੀਨ ਕਰਕੇ ਮੈਂ ਖ਼ਤਾ ਖਾਧੀ। ਦੁੱਖ ਤਾਂ ਇਹ ਕਿ ਹੁਣ ਕਿਸੇ ਤੇ ਵੀ ਯਕੀਨ ਕਰਨ ਲੱਗਿਆਂ ਅੰਦਰਲਾ ਡਰ ਜੱਗ-ਜ਼ਾਹਿਰ ਹੋ ਜਾਂਦਾ।

ਦੁੱਖ ਇਹ ਨਹੀਂ ਕਿ ਉਸ ਨੇ ਵਿਸ਼ਵਾਸ ਘਾਤ ਕਰਨ ਲੱਗਿਆਂ ਸਬੰਧਾਂ ਦੀ ਅਹਿਮੀਅਤ ਹੀ ਨਕਾਰ ਦਿੱਤੀ। ਸਗੋਂ ਦੁੱਖ ਤਾਂ ਇਹ ਕਿ ਵਿਸ਼ਵਾਸਘਾਤੀ ਹੋ ਕੇ ਜਿਉਣਾ, ਉਸ ਨੇ ਕਿਵੇਂ ਕਬੂਲ ਕਰ ਲਿਆ। ਹੁਣ ਉਹ ਆਪਣੇ ਸਾਹਾਂ ਨੂੰ ਸਦਾ ਸੂਲੀ ਤੇ ਟੰਗੀ ਰੱਖੇਗਾ।

ਦੁੱਖ ਇਹ ਨਹੀਂ ਕਿ ਮੈਂ ਕੁਝ ਪਲ ਲਈ ਆਰਾਮ ਕਰਨ ਲਈ ਬਿਰਖ ਹੇਠ ਰੁਕਿਆ ਤਾਂ ਛਾਂ ਹੀ ਚਲੇ ਗਈ। ਦੁੱਖ ਤਾਂ ਇਹ ਕਿ ਜਦ ਛਾਵਾਂ ਹੀ ਉਧਾਲ ਲਈਆਂ ਜਾਣ ਤਾਂ ਬਿਰਖ਼ੀ ਰਹਿਮਤਾਂ ਦਾ ਕੀ ਬਣੇਗਾ?

ਦੁੱਖ ਇਹ ਨਹੀਂ ਕਿ ਮੈਂ ਪਿਆਸ ਨਾਲ ਬਹੁਤ ਤੜਫਿਆ। ਪਰ ਦੁੱਖ ਤਾਂ ਇਹ ਕਿ ਮੇਰੇ ਹਿੱਸੇ ਦਾ ਪਾਣੀ ਹੀ ਵਾਸ਼ਪ ਹੋ ਗਿਆ ਅਤੇ ਮੇਰਾ ਬੁੱਕ ਅੱਡਿਆ ਹੀ ਰਹਿ ਗਿਆ। ਹੁਣ ਬਾਕੀ ਰਾਹੀਆਂ ਦਾ ਕੀ ਬਣੇਗਾ?

ਦੁੱਖ ਇਹ ਨਹੀਂ ਕਿ ਕਿ ਪਰਿਵਾਰ ਟੁੱਟ ਰਹੇ ਤੇ ਸੰਬੰਧ ਬਿਖਰ ਰਹੇ। ਦੁੱਖ ਤਾਂ ਇਹ ਕਿ ਇਸ ਬਿਖਰਾਅ ਦੀ ਰੁੱਤੇ ਜੁੜਨ ਦੀ ਬਚੀ-ਖੁਚੀ ਸੰਭਾਵਨਾ ਨੇ ਵੀ ਕਿਣਕਾ ਕਿਣਕਾ ਹੋ ਬਿਰਖ ਜਾਣਾ ਅਤੇ ਸਮਾਜਿਕ ਤਾਣੇ ਬਾਣੇ ਦੇ ਹਿੱਸੇ ਰਹਿ ਜਾਣੀਆਂ ਮੋਰੀਆਂ।

ਦੁੱਖ ਇਹ ਨਹੀਂ ਕਿ ਮੇਰੀਆਂ ਭਾਵਨਾਵਾਂ ਨੂੰ ਚੋਭ ਲਾਉਂਦਿਆਂ ਗ਼ੈਰਾਂ ਨੂੰ ਰਤਾ ਵੀ ਤਰਸ ਨਾ ਆਇਆ। ਦੁੱਖ ਤਾਂ ਇਹ ਕਿ ਅਜੇਹਾ ਵਤੀਰਾ ਉਨ੍ਹਾਂ ਦੀ ਜੀਵਨ-ਸ਼ੈਲੀ ਬਣ ਗਿਆ ਤਾਂ ਉਨ੍ਹਾਂ ਦੇ ਨਿਕਟਵਰਤੀਆਂ ਦਾ ਕੀ ਬਣੇਗਾ?

ਦੁੱਖ ਇਹ ਨਹੀਂ ਕਿ ਮੇਰੇ ਚਾਵਾਂ ਦੀ ਧੂਣੀ ਦਾ ਸੇਕ ਉਸ ਲਈ ਇਕ ਸ਼ੌਕ ਸੀ। ਦੁੱਖ ਤਾਂ ਇਹ ਕਿ ਇਸ ਸ਼ੁਗਲ ਵਿਚ ਅਗਰ ਉਸ ਦੇ ਚਾਅ ਵੀ ਰਾਖ ਹੋ ਗਏ ਤਾਂ ਉਸ ਦੇ ਪੱਲੇ ਕੀ ਰਹਿ ਜਾਵੇਗਾ?

ਦੁੱਖ ਇਹ ਨਹੀਂ ਕਿ ਮੈਂ ਹਾਰ ਗਿਆ। ਦੁੱਖ ਸਗੋਂ ਹੋਰ ਵੀ ਜ਼ਿਆਦਾ ਕਿ ਮੇਰੀ ਹਾਰ ਵਿਚੋਂ ਵੀ ਮੇਰੀ ਜਿੱਤ ਨੂੰ ਕਿਆਸਣ ਵਾਲੇ ਹੁਣ ਹੋਰ ਜ਼ਿਆਦਾ ਪੀੜਤ ਹੋ ਰਹੇ।

ਦੁੱਖ ਇਹ ਨਹੀਂ ਕਿ ਕਿ ਮੇਰੇ ਸ਼ਬਦਾਂ ਨੇ ਸਮਾਜਿਕ ਸਰੋਕਾਰਾਂ ਨੂੰ ਆਪਣੇ ਵਿਚ ਸਮੋਇਆ ਨਹੀਂ। ਸਗੋਂ ਦੁੱਖ ਤਾਂ ਕਿ ਇਨ੍ਹਾਂ ਸ਼ਬਦਾਂ ਦੀ ਹਿੱਕ ਬਲਦੇ ਅਰਥਾਂ ਦੇ ਚਿਰਾਗ਼ ਨੂੰ ਕਈਆਂ ਨੇ ਬੇਲੋੜਾ ਹੀ ਬੁਝਾਉਣ ਦੀ ਕੋਸ਼ਿਸ਼ ਵਿਚ ਆਪਣੀ ਜ਼ਿੰਦਗੀ ਬਰਬਾਦ ਕਰ ਲੈਣੀ।

ਦੁੱਖ ਇਹ ਨਹੀਂ ਕਿ ਮੇਰੇ ਸ਼ਬਦਾਂ ਵਿਚ ਅਰਥਾਂ ਦੀ ਲੋਅ ਨੇ ਬਸਤਿਆਂ ਨੂੰ ਚਾਨਣ ਰਤਾ ਕਿਉਂ ਨਾ ਕੀਤਾ। ਦੁੱਖ ਇਸ ਗੱਲ ਦਾ ਕਿ ਬਸਤੇ ਹੀ ਚਾਨਣ-ਰਾਹਾਂ ਵਿਚ ਤੁਰਨ ਤੋਂ ਮੁਨਕਰ ਹੋ ਗਏ।

ਦੁੱਖ ਇਹ ਨਹੀਂ ਕਿ ਮੇਰੇ ਹਰਫ਼ਾਂ ਨੇ ਸਫ਼ਿਆਂ ਨਾਲ ਸਦੀਵੀ ਸਾਂਝ ਕਿਉਂ ਨਹੀਂ ਪਾਈ। ਦੁੱਖ ਇਸ ਦਾ ਕਿ ਬਲਦੇ ਸਫ਼ਿਆਂ 'ਤੇ ਉਕਰੇ ਕੋਮਲ ਹਰਫ਼ ਸੜ ਕੇ ਸੁਆਹ ਹੋ ਗਏ।

ਦੁੱਖ ਇਹ ਨਹੀਂ ਕਿ ਮੇਰੀਆਂ ਲਿਖਤਾਂ ਦੀ ਆਉਧ ਪਲ ਭਰ ਦੀ ਸੀ। ਦੁੱਖ ਇਸ ਗੱਲ ਦਾ ਕਿ ਆਉਧ ਨੂੰ ਕੌਣ ਕਿਹੜੇ ਪਲਾਂ 'ਚ ਮਿਣਦਾ ਰਿਹਾ।

ਦੁੱਖ ਇਹ ਨਹੀਂ ਕਿ ਮੇਰੀਆਂ ਕਿਤਾਬਾਂ ਨੂੰ ਬੇਰੁਖ਼ੀ ਦੀ ਪੀੜ ਹੰਢਾਉਣੀ ਪੈ ਰਹੀ। ਦੁੱਖ ਤਾਂ ਇਸ ਦਾ ਕਿ ਮੇਰੇ ਤੋਂ ਬਾਅਦ ਇਹ ਕਿਤਾਬਾਂ ਯਤੀਮ ਹੋ ਜਾਣਗੀਆਂ।

ਦੁੱਖ ਇਹ ਨਹੀਂ ਕਿ ਘਰ ਵਿਚ ਕਿਤਾਬਾਂ ਨੂੰ ਕੋਈ ਨੁੱਕਰ ਨਸੀਬ ਨਹੀਂ। ਦੁੱਖ ਤਾਂ ਇਸ ਗੱਲ ਦਾ ਕਿ ਕਿਤਾਬਾਂ ਤੋਂ ਬਗ਼ੈਰ ਇਨਸਾਨ ਨੂੰ ਰੋਬੋਟ ਅਤੇ ਘਰ ਨੂੰ ਮਕਾਨ ਬਣਦਿਆਂ ਬਹੁਤੀ ਦੇਰ ਨਹੀਂ ਲੱਗਦੀ।

ਦੁੱਖ ਇਹ ਨਹੀਂ ਕਿ ਮੈਂ ਤੇ ਮੇਰੀਆਂ ਕਿਤਾਬਾਂ ਇਕ ਦੂਜੇ ਦੇ ਸਾਹੀਂ ਜਿਉਣ ਤੋਂ ਕਿਉਂ ਉਕਤਾ ਗਈਆਂ। ਦੁੱਖ ਇਸ ਦਾ ਕਿ ਸਾਹਾਂ ਵਿਚਲੀ ਕਿਤਾਬੀ-ਸੁਗੰਧ ਤੋਂ ਬਗ਼ੈਰ ਜਿਉਣ ਦੇ ਕੀ ਅਰਥ ਰਹਿ ਜਾਣਗੇ?

ਦੁੱਖ ਇਹ ਨਹੀਂ ਕਿ ਮੇਰੇ ਸ਼ਬਦ ਮਾਨਵੀ ਦਰਦ ਦੀ ਸਾਰ ਨਾ ਲੈ ਸਕੇ। ਦੁੱਖ ਤਾਂ ਇਹ ਕਿ ਮੈਂ ਹੀ ਦਰਦਾਂ ਦੇ ਹਾਣ ਦਾ ਨਾ ਹੋ ਸਕਿਆ।

ਦੁੱਖ ਇਹ ਨਹੀਂ ਕਿ ਮੈਂ ਸਦਾ ਆਲੇ-ਦੁਆਲੇ 'ਚ ਭਟਕਦਿਆਂ ਖ਼ੁਦ ਨੂੰ ਮਿਲਣ ਤੋਂ ਹੀ ਟਾਲਾ ਵਟਦਾ ਰਿਹਾ। ਦੁੱਖ ਇਹ ਕਿ ਮੈਂ ਕਦੇ-ਕਦਾਈਂ ਖ਼ੁਦ ਨੂੰ ਮਿਲਣ ਦਾ ਐਵੇਂ ਭਰਮ ਹੀ ਪਾਲਦਾ ਰਿਹਾ।

ਦੁੱਖ ਇਹ ਨਹੀਂ ਕਿ ਮੈਂ ਖ਼ੁਦ ਨੂੰ ਬੰਦਿਆਂ ਵਾਂਗ ਨਹੀਂ ਮਿਲਿਆ। ਸਗੋਂ ਦੁੱਖ ਇਹ ਵੀ ਕਿ ਮੈਂ ਖ਼ੁਦ ਨੂੰ ਮਿਲ ਕੇ ਵੀ ਕਦੇ ਖ਼ੁਦ ਨੂੰ ਨਹੀਂ ਮਿਲਿਆ।

## ਪੰਜਾਬੀ ਸੂਬਾ: ਯਾਦਾਂ, ਅਤੀਤ ਅਤੇ ਵਰਤਮਾਨ

**(ਪਿਛਲੇ ਸਫੇ ਦੀ ਬਾਕੀ)**

ਚਲੇ ਗਏ ਅਤੇ 1962 ਤੋਂ 1967 ਤਕ ਲੋਕ ਸਭਾ ਦੇ ਸਪੀਕਰ ਵੀ ਰਹੇ) ਫਾਰਮੂਲੇ ਦੇ ਤਹਿਤ ਪੰਜਾਬ ਦੇਦੋ ਖ਼ਿੱਤੇ ਬਣਾਏ ਗਏ। ਪੰਜਾਬੀ ਖ਼ਿੱਤੇ ਵਿਚ ਪੰਜਾਬੀ ਸਰਕਾਰੀ ਭਾਸ਼ਾ ਅਤੇ ਹਿੰਦੀ ਖ਼ਿੱਤੇ ਵਿਚ ਹਿੰਦੀ ਸਰਕਾਰੀ ਭਾਸ਼ਾ। ਪੈਪਸੂ ਨੂੰ ਪੰਜਾਬ ਨਾਲ ਰਲਾਉਣ ਦੀ ਵੀ ਸਹਿਮਤੀ ਹੋਈ। ਹਿਮਾਚਲ ਨੂੰ ਅੱਡਰਾ ਰੱਖਿਆ ਗਿਆ।

-ਆਰੀਆ ਸਮਾਜ ਤੇ ਹੋਰ ਕੱਟੜਪੰਥੀ ਸੰਗਠਨਾਂ ਤੋਂ ਇਲਾਵਾ (ਮੌਜੂਦਾ) ਹਰਿਆਣਾ ਖ਼ਿੱਤੇ ਵਿਚ 1957 ਵਿਚ ਹਿੰਦੀ ਅੰਦੋਲਨ ਹੋਇਆ। ਇਹ ਸੱਤ ਮਹੀਨੇ ਚੱਲਿਆ। ਹਿੰਸਾ ਤੇ ਸਾੜ-ਫੂਕ ਬਹੁਤ ਹੋਈ, ਖ਼ਾਸ ਕਰ ਕੇ ਦੇਸਵਾਲੀ ਖੇਤਰ ਵਿਚ। ਕੈਰੋਂ ਨੇ ਇਹ ਅੰਦੋਲਨ ਸਖ਼ਤੀ ਨਾਲ ਦਬਾਇਆ, ਪਰ ਨਾਲ ਇਸ ਦੇ ਬਹਾਨੇ ਖੇਤਰੀ ਫਾਰਮੂਲੇ ਉੱਤੇ ਅਮਲ ਵੀ ਟਾਲ ਦਿੱਤਾ।

-ਹਿੰਦੀ ਅੰਦੋਲਨ ਦੇ ਜਵਾਬ ਵਿਚ ਪੰਜਾਬੀ ਸੂਬਾ ਲਹਿਰ ਨੂੰ ਵੀ ਤਕੜਾ ਹੁਲਾਰਾ ਮਿਲਿਆ। ਇਸੇ ਹੁਲਾਰੇ ਸਦਕਾ 1961 ਵਿਚ ਦੂਜਾ ਪੰਜਾਬੀ ਸੂਬਾ ਮੋਰਚਾ ਸ਼ੁਰੂ ਹੋਇਆ। ਗਿਆਨੀ ਕਰਤਾਰ ਸਿੰਘ, ਹੁਕਮ ਸਿੰਘ ਤੇ ਕੁਝ ਹੋਰ ਪ੍ਰਮੁੱਖ ਅਕਾਲੀ ਆਗੂ ਉਦੋਂ ਤਕ ਕਾਂਗਰਸ ਵਿਚ ਜਾ ਚੁੱਕੇ ਸਨ। ਫਿਰ ਵੀ ਮੋਰਚੇ ਦੌਰਾਨ ਗ੍ਰਿਫ਼ਤਾਰੀਆਂ ਦੀ ਗਿਣਤੀ 67 ਹਜ਼ਾਰ 'ਤੇ ਜਾ ਪੁੱਜੀ। ਲਿਹਾਜ਼ਾ, ਸਰਕਾਰ ਨੂੰ ਸੁਲਾਵਾਦੀ ਪਹੁੰਚ ਅਪਣਾਉਣ ਵਾਸਤੇ ਮਜਬੂਰ ਹੋਣਾ ਪਿਆ। 1962 ਵਿਚ ਚੀਨ ਖ਼ਿਲਾਫ਼ ਜੰਗ ਵਿਚ ਭਾਰਤ ਦੀ ਨਮੋਸ਼ੀਜਨਕ ਸ਼ਿਕਸਤ ਨੇ ਪੰਡਿਤ ਨਹਿਰੂ ਨੂੰ ਧੁਰ ਅੰਦਰੋਂ ਹਿਲਾ ਦਿੱਤਾ। ਉਹ ਬਿਮਾਰ ਰਹਿਣ ਲੱਗੇ। 27 ਮਈ 1964 ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਹ ਪ੍ਰਤਾਪ ਸਿੰਘ ਕੈਰੋਂ ਦੇ ਪੱਕੇ ਖ਼ੈਰਖ਼ਾਹ ਸਨ ਪਰ ਉਨ੍ਹਾਂ ਦੇ ਚਲਾਣੇ ਮਗਰੋਂ ਕੈਰੋਂ ਵਿਰੋਧ ਦੀ ਧਾਰ ਬਹੁਤ ਤਿੱਖੀ ਹੋ ਗਈ। ਉਨ੍ਹਾਂ ਦੀ ਕੁਨਬਾ-ਪਰਵਰੀ ਅਤੇ ਉਨ੍ਹਾਂ ਦੇ ਪੁੱਤਰਾਂ ਦੇ ਕਥਿਤ ਭ੍ਰਿਸ਼ਟਾਚਾਰ ਦੀ ਜਾਂਚ ਕਰਨ ਵਾਲੇ ਦਾਸ ਕਮਿਸ਼ਨ ਨੇ ਉਨ੍ਹਾਂ ਨੂੰ ਬਦਨੀਅਤੀ ਤੇ ਭ੍ਰਿਸ਼ਟਾਚਾਰ ਦੀ ਪੁਸ਼ਤਪਨਾਹੀ ਦਾ ਦੋਸ਼ੀ ਕਰਾਰ ਦਿੱਤਾ। ਇਸ ਕਾਰਨ 14 ਜੂਨ 1964 ਨੂੰ ਉਨ੍ਹਾਂ ਨੇ ਅਸਤੀਫ਼ਾ ਦੇ ਦਿੱਤਾ।

- ਕੈਰੋਂ ਦੇ ਅਸਤੀਫ਼ੇ ਤੋਂ ਬਾਅਦ ਕਾਮਰੇਡ ਰਾਮ ਕਿਸ਼ਨ ਨਵੇਂ ਮੁੱਖ ਮੰਤਰੀ ਬਣੇ। ਝੰਗ ਵਿਚ ਜਨਮੇ ਅਤੇ ਹੁਸ਼ਿਆਰਪੁਰ ਤੋਂ ਲੋਕ ਸਭਾ ਮੈਂਬਰ ਹੋਣ ਦੇ ਬਾਵਜੂਦ ਉਹ ਤਕਰੀਰਾਂ ਹਿੰਦੀ ਵਿਚ ਕਰਦੇ ਸਨ। ਇਸ ਤੋਂ ਸਿੱਖ ਵਰਗ ਉਨ੍ਹਾਂ ਨਾਲ ਨਾਰਾਜ਼ ਹੋਣ ਲੱਗੀ।

- 1962 ਤੇ 1965 ਦੀਆਂ ਜੰਗਾਂ ਦੌਰਾਨ ਸਿੱਖ ਭਾਈਚਾਰੇ ਦਾ ਜੰਗੀ ਮੋਰਚਿਆਂ ਤੋਂ ਇਲਾਵਾ ਕੌਮੀ ਸੁਰੱਖਿਆ ਦੇ ਹੋਰਨਾਂ ਕਾਰਜਾਂ ਵਿਚ ਵੀ ਯੋਗਦਾਨ ਮਿਸਾਲੀ ਰਿਹਾ। ਇਸ ਨੇ ਪੰਜਾਬੀ ਸੂਬੇ ਦੀ ਮੰਗ ਦੇ ਹਮਦਰਦਾਂ ਦੀ ਗਿਣਤੀ ਵਿਚ ਚੰਗਾ ਇਜ਼ਾਫ਼ਾ ਕੀਤਾ। ਨਵੰਬਰ 1965 ਵਿਚ ਮੱਧ ਪ੍ਰਦੇਸ਼ ਦੇ ਤਤਕਾਲੀ ਮੁੱਖ ਮੰਤਰੀ ਨੇ ਸੂਬੇ ਦੇ ਸੈਕੰਡਰੀ ਸਕੂਲਾਂ ਵਿਚ ਗੁਰਮੁਖੀ ਦੀ ਪੜ੍ਹਾਈ ਦਾ ਇੰਤਜ਼ਾਮ ਕਰਨ ਦਾ ਐਲਾਨ ਕੀਤਾ। ਰਾਜਸਥਾਨ, ਉੱਤਰ ਪ੍ਰਦੇਸ਼ ਤੇ ਨੌਰਥ ਈਸਟ ਫਰੰਟੀਅਰ ਏਜੰਸੀ (ਨੇਫ਼ਾ) (ਹੁਣ ਅਰੁਣਾਚਲ ਪ੍ਰਦੇਸ਼) ਵਿਚ ਵੀ ਅਜਿਹੇ ਐਲਾਨ ਹੋਏ। ਇਸ ਤੋਂ ਪੂਰਬੀ ਪੰਜਾਬ ਵਿਚ ਪੰਜਾਬ-ਵਿਰੋਧੀ ਸੁਰ ਮੱਠੀ ਪੈਣ ਲੱਗੀ।

- ਕਾਂਗਰਸ ਨੇ ਅਕਾਲੀ ਦਲ ਵਿਚ ਦੁਫੇੜ ਪਾਉਣ ਦੇ ਯਤਨ 1961 ਤੋਂ ਹੀ ਆਰੰਭੇ ਹੋਏ ਸਨ। ਇਹ ਦੁਫੇੜ ਮਾਸਟਰ ਤਾਰਾ ਸਿੰਘ ਤੇ ਸੰਤ ਫਤਹਿ ਸਿੰਘ ਦਰਮਿਆਨ ਮੱਤਭੇਦਾਂ ਨੂੰ ਹਵਾ ਦੇ ਕੇ ਵਧਾ ਦਿੱਤੀ ਗਈ। ਸਿੱਟੇ ਵਜੋਂ ਇੱਕ ਦੀ ਥਾਂ ਦੋ ਅਕਾਲੀ ਦਲ ਬਣ ਗਏ। ਦੋਵਾਂ ਨੇਤਾਵਾਂ ਨੇ ਕਦੇ ਮਰਨ ਵਰਤ ਰੱਖਣ ਅਤੇ ਕਦੇ ਛੋਟੇ-ਵੱਡੇ ਭਰੋਸਿਆਂ ਤੋਂ ਬਾਅਦ ਖ਼ੁਦ ਹੀ ਖ਼ਤਮ ਕਰ ਦੇਣ ਦਾ ਅਮਲ ਜਾਰੀ ਰੱਖਿਆ। ਅਖ਼ੀਰ ਇੰਦਿਰਾ ਗਾਂਧੀ ਦੀ ਅਗਵਾਈ ਵਾਲੀ ਕਾਂਗਰਸ ਸਰਕਾਰ ਪੰਜਾਬੀ ਸੂਬਾ ਬਣਾਉਣ ਲਈ ਰਾਜ਼ੀ ਹੋ ਗਈ। ਪਹਿਲੀ ਨਵੰਬਰ 1966 ਨੂੰ ਪੰਜਾਬ ਤੇ ਹਰਿਆਣਾ ਨਾਮੀ ਦੋ ਰਾਜਾਂ ਦੀ ਸਥਾਪਨਾ ਹੋ ਗਈ। ਪੰਜਾਬ ਨੂੰ ਜਿਹੜਾ ਇਲਾਕਾ ਮਿਲਿਆ, ਉਸ ਨੂੰ ਮਾਸਟਰ ਤਾਰਾ ਸਿੰਘ ਨੇ 'ਸੂਬੀ' ਦੱਸਿਆ। ਇਸ ਰਾਜ ਨੂੰ ਨਾ ਤਾਂ ਆਪਣੀ ਰਾਜਧਾਨੀ (ਚੰਡੀਗੜ੍ਹ) ਮਿਲੀ ਅਤੇ ਨਾ ਹੀ ਕਈ ਪੰਜਾਬੀ ਬੋਲਦੇ ਇਲਾਕੇ। ਦਰਿਆਈ ਪਾਣੀਆਂ ਨੂੰ ਲੈ ਕੇ ਨਵਾਂ ਰੇੜਕਾ ਪੈਦਾ ਕਰ ਦਿੱਤਾ ਗਿਆ। ਇਹ ਰੇੜਕਾ ਹੁਣ ਵੀ ਬਰਕਰਾਰ ਹੈ।

- 1967 ਵਿਚ ਹੋਈਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ ਦਲ ਨੂੰ ਮਿਲੀ ਕਾਮਯਾਬੀ ਨੇ ਪੰਜਾਬ ਵਿਚ ਪਹਿਲੀ ਗ਼ੈਰ-ਕਾਂਗਰਸੀ ਸਰਕਾਰ ਦੀ ਸਥਾਪਨਾ ਸੰਭਵ ਬਣਾਈ। ਅਕਾਲੀ ਦਲ ਦੇ ਜਸਟਿਸ ਗੁਰਨਾਮ ਸਿੰਘ ਮੁੱਖ ਮੰਤਰੀ ਬਣੇ। ਉਨ੍ਹਾਂ ਦੇ ਮੰਤਰੀ ਮੰਡਲ ਵਿਚ ਸੀਪੀਆਈ ਦੇ ਪ੍ਰਤੀਨਿਧ ਕਾਮਰੇਡ ਸਤਪਾਲ ਡਾਂਗ ਵੀ ਸ਼ਾਮਿਲ ਹੋਏ ਅਤੇ ਭਾਰਤੀ ਜਨਸੰਘ ਦੇ ਡਾ. ਬਲਦੇਵ ਪ੍ਰਕਾਸ਼ ਵੀ। ਇਹ ਸਿੱਖਾਂ ਦੀ ਥਾਂ ਪੰਜਾਬੀਆਂ ਦੀ ਸਰਕਾਰ ਸੀ। ਇਸ ਨੇ ਅਕਾਲੀ ਦਲ ਉੱਪਰ ਲੱਗਦੇ ਰਹੇ 'ਫ਼ਿਰਕੂ' ਠੱਪੇ ਨੂੰ ਮੱਧਮ ਬਣਾਉਣ ਵਾਲਾ ਕੰਮ ਕੀਤਾ। ਨਾਲ ਹੀ ਇਹ ਹਕੀਕਤ ਸਪਸ਼ਟ ਕਰ ਦਿੱਤੀ ਕਿ ਸਰਕਾਰ ਦੋਵਾਂ ਫ਼ਿਰਕਿਆਂ ਨੂੰ ਜੋਟੀਦਾਰ ਬਣ ਕੇ ਚਲਾਈ ਜਾ ਸਕਦੀ ਹੈ।

- 1967 ਵਾਲੀਆਂ ਚੋਣਾਂ ਵਿਚ ਅਕਾਲੀ ਦਲ (ਸੰਤ) ਦੀ ਚੜ੍ਹਤ ਰਹੀ। ਅਕਾਲੀ ਦਲ (ਮਾਸਟਰ) ਨੂੰ ਸਿਰਫ਼ ਦੋ ਸੀਟਾਂ ਮਿਲੀਆਂ। ਇਸ ਨੇ ਮਾਸਟਰ ਤਾਰਾ ਸਿੰਘ ਨੂੰ ਸਿੱਖ ਸਿਆਸਤ ਦੇ ਹਾਸ਼ੀਏ ਵੱਲ ਧੱਕ ਦਿੱਤਾ।

- ਪੰਜਾਬੀ ਸੂਬੇ ਤੇ ਹਰੇ ਇਨਕਲਾਬ ਦੀ ਆਮਦ ਨਾਲੋ-ਨਾਲ ਰਹੀ। ਹਰੇ ਇਨਕਲਾਬ ਨੇ ਕਿਰਸਾਨੀ ਨੂੰ ਖ਼ੁਸ਼ਹਾਲੀ ਬਖ਼ਸ਼ੀ। ਇਸੇ ਇਨਕਲਾਬ ਦਾ ਅਸਰ ਹਰਿਆਣਾ ਉੱਤੇ ਵੀ ਨਜ਼ਰ ਆਇਆ। ਇਹ ਦੋਵੇਂ ਰਾਜ, ਮੁਲਕ ਦੇ ਅੰਨ ਭੰਡਾਰ ਵਾਲਾ ਰੂਪ ਗ੍ਰਹਿਣ ਕਰਨ ਲੱਗੇ। ਪਰ ਚੰਡੀਗੜ੍ਹ ਤੇ ਹੋਰ ਖੁੱਸੇ ਇਲਾਕਿਆਂ ਵਾਲੀ ਟੀਸ ਪੰਜਾਬ ਅੰਦਰ ਬਰਕਰਾਰ ਰਹੀ। ਇਸ ਨੇ 1980ਵਿਆਂ ਵਿਚ ਧੂੰਏਂ ਤੋਂ ਅੱਗ ਦਾ ਰੂਪ ਅਖ਼ਤਿਆਰ ਕੀਤਾ -ਕੁਝ ਰਾਜਨੇਤਾਵਾਂ ਦੀਆਂ ਕੁਚਾਲਾਂ ਕਾਰਨ, ਕੁਝ ਬਦਲਦੇ ਕੌਮੀ ਤੇ ਆਲਮੀ ਹਾਲਾਤ ਕਾਰਨ।

ਕਈ ਸਿਆਹ ਦੌਰ ਝੱਲੇ ਹਨ ਪੰਜਾਬ ਨੇ ਸੰਤਾਲੀ ਵਾਲੀ 'ਆਜ਼ਾਦੀ' ਤੋਂ ਬਾਅਦ ਵੀ। ਪਹਿਲੀ ਨਵੰਬਰ 1966 ਨੂੰ ਵੀ ਇਸ ਦਾ ਮੁੱਖ ਮੰਤਰੀ ਸਿੱਖ (ਗਿਆਨੀ ਗੁਰਮੁਖ ਸਿੰਘ ਮੁਸਾਫ਼ਿਰ) ਸੀ, ਹੁਣ ਵੀ ਹੈ। ਪਰ ਇਸ ਸੂਬੇ ਦਾ ਸ਼ਖ਼ਸੀ ਸਰੂਪ ਲਗਾਤਾਰ ਵਿਗੜਦਾ ਜਾ ਰਿਹਾ ਹੈ। ਪੰਜਾਬੀ ਨਾ ਕੇਵਲ ਵਿਦੇਸ਼ ਜਾ ਰਹੇ ਹਨ, ਆਪਣਾ ਸਰਮਾਇਆ ਵੀ ਨਾਲ ਲਿਜਾ ਰਹੇ ਹਨ। ਉਨ੍ਹਾਂ ਦੀ ਥਾਂ ਪੂਰਬੀਏ ਤੇ ਬਿਹਾਰੀ ਲੈ ਰਹੇ ਹਨ। ਵਸੋਂ ਦਾ ਤਵਾਜ਼ਨ ਲਗਾਤਾਰ ਵਿਗੜਦਾ ਜਾ ਰਿਹਾ ਹੈ। ਕੁਨਬਿਆਂ ਦੇ ਕੁਨਬੇ ਨਿੱਤ ਪੰਜਾਬ ਆ ਰਹੇ ਹਨ। ਕੰਮ ਦੇ ਨਾਲ ਨਾਲ ਸਥਾਈ ਤੌਰ 'ਤੇ ਵੱਸਣ ਲਈ।

ਹਰਿਆਣਾ ਦੇ ਨਾਲ ਲੱਗਦੇ ਪੰਜਾਬੀ ਸ਼ਹਿਰਾਂ-ਕਸਬਿਆਂ ਵਿਚ ਹਰ ਕਾਰੋਬਾਰ ਹਰਿਆਣਵੀ ਜਾਂ ਮਾਰਵਾੜੀ ਵਪਾਰੀਆਂ ਨੇ ਸਾਂਭ ਲਿਆ ਹੈ। ਖੇਤੀ ਖੇਤਰ ਅਸੀਂ ਪੂਰਬੀਆਂ ਦੇ ਹਵਾਲੇ ਕਰ ਦਿੱਤਾ ਹੈ। ਜਿਹੜੇ ਸ਼ਹਿਰ ਵਿਚ ਮੈਂ ਰਹਿੰਦਾ ਹਾਂ, ਉਹ ਮੁਹਾਲੀ ਜ਼ਿਲ੍ਹੇ ਦਾ ਹਿੱਸਾ ਹੋ ਕੇ ਪੰਜਾਬੀ ਅਕਸ ਗੁਆ ਬੈਠਾ ਹੈ। ਉੱਥੇ 62 ਫ਼ੀਸਦੀ ਵਸੋਂ ਗ਼ੈਰ-ਪੰਜਾਬੀ ਹੈ। ਸਿੱਖ ਵਸੋਂ ਮਹਿਜ਼ 28 ਫ਼ੀਸਦੀ ਰਹਿ ਗਈ ਹੈ। ਕੀ ਇਸੇ ਪੰਜਾਬੀ ਸੂਬੇ ਲਈ ਪੰਜਾਬੀਆਂ ਨੇ ਦੋ ਦਹਾਈਆਂ ਲੰਮੀ ਜੱਦੋਜਹਿਦ ਕੀਤੀ ਸੀ?

ਸਿਹਤ ਵਿਗਿਆਨ

# ਜੀਵਨ ਤੋਂ ਜੀਵਨ ਦੀ ਉਤਪਤੀ ਦਾ ਵਿਸਥਾਰ

*ਆਪਣੇ ਪੰਜਾਹ ਸਾਲਾਂ ਦੇ ਮੈਡੀਕਲ ਖੇਤਰ ਅਤੇ ਮੈਡੀਕਲ ਕਾਲਜਾਂ ਵਿਚ ਪੜ੍ਹਾਉਣ ਦੇ ਤਜਰਬੇ ਦੇ ਆਧਾਰ 'ਤੇ ਮੈਡੀਕਲ ਨਾਲ ਸਬੰਧਤ ਜਾਣਕੀ ਪਾਠਕਾਂ ਦੀ ਨਜ਼ਰ ਕਰ ਰਿਹਾ ਹਾਂ, ਜੋ ਮੇਰੇ ਲਈ ਖੁਸ਼ੀ ਵਾਲੀ ਗੱਲ ਹੈ। ਆਪਣੀ ਜ਼ਿੰਦਗੀ ਦੇ ਪਝੱਤਰ ਵਿਚੋਂ ਪੰਜਾਹ ਸਾਲ ਮੈਡੀਕਲ ਪੇਸ਼ੇ ਨਾਲ ਸੰਬੰਧਿਤ ਰਹਿੰਦਿਆਂ ਤੇ ਹੋਮਿਓਪੈਥਿਕ ਮੈਡੀਕਲ ਕਾਲਜਾਂ ਤੇ ਹਸਪਤਾਲਾਂ ਵਿਚ ਪ੍ਰੋਫੈਸਰ, ਚੀਫ ਮੈਡੀਕਲ ਅਫਸਰ ਤੇ ਪ੍ਰਿੰਸੀਪਲ ਵਰਗੇ ਅਹੁਦਿਆਂ 'ਤੇ ਕੰਮ ਕਰਦਿਆਂ ਸਿਹਤ ਸੰਬੰਧੀ ਜੋ ਜਾਣਕਾਰੀ ਮੈਂ ਹੁਣ ਤੱਕ ਇਕੱਤਰ ਕੀਤੀ ਹੈ ਤੇ ਮੈਡੀਕਲ ਸਾਇੰਸ ਆਪਣੇ ਸ਼ੁਰੂਆਤ ਤੋਂ ਵਰਤਮਾਨ ਤੱਕ ਜਿਨ੍ਹਾਂ ਪੜਾਵਾਂ ਵਿਚੋਂ ਲੰਘੀ ਹੈ, ਉਨ੍ਹਾਂ ਦਾ ਵੇਰਵਾ ਤੁਹਾਡੇ ਨਾਲ ਲੜੀਵਾਰ ਸਾਂਝਾ ਕਰਾਂਗਾ। ਇਸ ਸਿਲਸਿਲੇਵਾਰ ਜਾਣਕਾਰੀ ਦੇ ਨਾਲ-ਨਾਲ ਸਮੇਂ ਸਮੇਂ 'ਤੇ ਸਿਹਤ ਸੰਬੰਧੀ ਸਵਾਲਾਂ ਦੇ ਜਵਾਬ ਵੀ ਤੁਹਾਨੂੰ ਇਸ ਕਾਲਮ ਰਾਹੀਂ ਮਿਲ ਜਾਣਗੇ।*



ਗੁਰਦੀਪ ਸਿੰਘ ਸੰਧੂ
ਫੋਨ: 408-687-1899

ਕੁਦਰਤ ਦੇ ਨਿਯਮਾਂ ਨੂੰ ਸਮਝਣ ਦੇ ਨਾਲ-ਨਾਲ ਅਸਾਂ ਸਿਹਤ ਵਿਗਿਆਨ ਦੀ ਲੜੀ ਨੂੰ ਵੀ ਨਾਲ ਨਾਲ ਤੋਰਨਾ ਹੈ ਜਿਸ ਵਿਚ ਸ਼ੁਰੂਆਤ ਵਿਚ ਅਸਾਂ ਕੁਦਰਤ ਦੇ ਸਿਧਾਂਤ ਦੀ ਵਿਆਖਿਆ ਸ਼ੁਰੂ ਕੀਤੀ ਸੀ ਜੋ ਸਾਡੇ ਤੇ ਸਾਡੇ ਸਰੀਰ 'ਤੇ ਲਾਗੂ ਹੁੰਦੇ ਹਨ, ਪਰ ਉਨ੍ਹਾਂ ਸਿਧਾਂਤਾਂ ਤੋਂ ਪਹਿਲਾਂ ਸਰੀਰ ਦੀ ਵਿਆਖਿਆ ਕਰਨੀ ਜ਼ਰੂਰੀ ਹੈ। ਸਰੀਰ ਦੀ ਬਣਤਰ ਤੇ ਕਾਰਕਰਦਗੀ ਬਾਰੇ ਜਾਣਨਾ ਜ਼ਰੂਰੀ ਹੈ, ਜਿਸ ਉੱਪਰ ਇਹ ਸਿਧਾਤ ਲਾਗੂ ਹੁੰਦੇ ਹਨ।

ਆਦਮੀ ਤੇ ਔਰਤ ਦੇ ਦੋ ਅੰਗ ਹਨ ਮਨੁੱਖੀ ਸਿਰਜਣਾ ਦੇ। ਪਹਿਲਾਂ ਆਦਮੀ ਦੇ ਜਣਨ ਅੰਗਾਂ ਦੀ ਬਣਤਰ ਤੇ ਕਾਰਕਰਦਗੀ ਸ਼ੁਰੂ ਕਰਦੇ ਹਾਂ। ਮੇਰੀ ਕੋਸ਼ਿਸ਼ ਰਹੇਗੀ ਕਿ ਇਹ ਵਿਸਥਾਰ ਬਿਆਨ ਕਰਦਿਆਂ ਸਮਾਜ ਦੀ ਮਾਨਤਾ ਅਨੁਸਾਰ ਸੱਭਿਅਕ ਲਫ਼ਜ਼ਾਂ ਦਾ ਸਹਾਰਾ ਲੈਂਦਿਆਂ ਅਸਲ ਗੱਲ ਤੁਹਾਡੇ ਤੱਕ ਪਹੁੰਚਾਵਾਂ।

ਸੋ ਆਦਮੀ ਦੇ ਜਣਨ ਅੰਗ ਸਾਰੇ ਬਾਹਰੀ ਹਨ ਸਿਵਾਏ ਪਰੌਸਟੇਟ ਗਰੰਥੀ ਦੇ ਜੋ ਪੇਟ ਦੀ ਦਿਵਾਰ ਦੇ ਅੰਦਰ ਹੈ। ਬਾਕੀ ਟੈਸਟਿਸ ਯਾਨੀ ਪਤਾਲੂ ਤੇ ਸੈਕਸ ਇੰਦਰੀ ਯਾਨੀ ਪੇਨਿਸ ਬਾਹਰੀ ਹਨ। ਕਿਉਂਕਿ ਇਹ ਕੁਦਰਤ ਦਾ ਨਿਯਮ ਹੈ ਕਿ

ਆਦਮੀ ਵੱਲੋਂ ਆਉਂਦੇ ਬੀਜ ਅੰਸ਼ ਯਾਨੀ ਸਪਰਮ ਬਹੁਤੀ ਗਰਮੀ ਬਰਦਾਸ਼ਤ ਨਹੀਂ ਕਰਦੇ ਇਸ ਲਈ ਕੁਦਰਤ ਨੇ ਇਨ੍ਹਾਂ ਦੇ ਪੈਦਾ ਹੋਣ ਦਾ ਵਿਧਾਨ ਪੇਟ ਤੋਂ ਬਾਹਰੀ ਬਣਾਇਆ ਹੈ ਤੇ ਇਹ ਆਦਮੀ ਦੇ ਬਾਹਰੀ ਅੰਗਾਂ ਦੇ ਤੌਰ 'ਤੇ ਲਟਕਦੇ ਹੋਏ ਬਾਹਰੀ ਇੱਕ ਝੋਲਾ ਨੁਮਾ ਲਟਕੇ ਥੈਲੇ ਜਿਸ ਨੂੰ ਸਕਰੌਟਮ ਕਹਿੰਦੇ ਹਨ ਵਿਚ ਮੌਜੂਦ ਦੋ ਟੈਸਟਿਸਾਂ ਵਿਚ ਸਪਰਮ ਪੈਦਾ ਹੁੰਦੇ ਹਨ। ਜਿਨ੍ਹਾਂ ਨੂੰ ਪਤਾਲੂ ਵੀ ਕਹਿੰਦੇ ਹਨ।

ਆਦਮੀ ਆਪਣੇ ਜਣਨ ਅੰਗਾਂ ਦੇ ਪਤਾਲੂਆਂ ਵਿਚ ਇਕ ਵਰਕਸ਼ੌਪ ਸਜਾਈ ਬੈਠਾ ਹੈ ਜਿਸ ਵਿਚ ਪਿਊਬਰਟੀ ਤੋਂ ਸ਼ੁਰੂ ਹੋ ਕੇ ਹਰ ਦਿਨ ਸਪਰਮਾਂ ਦੀ ਖੇਤੀ ਉੱਗਦੀ ਰਹਿੰਦੀ ਹੈ। ਜਦ ਤੱਕ ਜੀਵਨ ਕਰਮ ਕਿਸੇ ਸਰੀਰ ਵਿਚ ਸ਼ੁਰੂ ਨਹੀਂ ਹੁੰਦਾ ਸਪਰਮ ਬਣਦੇ ਰਹਿੰਦੇ ਹਨ ਤੇ ਨਾ ਇਸਤੇਮਾਲ ਹੋਏ ਸਪਰਮ ਕੁਦਰਤ ਦੇ ਨਿਯਮ ਆਊਟੋਲਾਈਸਿਸ ਅਨੁਸਾਰ ਆਪਣੇ ਆਪ ਵਿਚ ਹੀ ਭਸਮ ਹੋ ਕੇ ਵਾਪਸ ਖ਼ੂਨ ਦੇ ਸਿਸਟਮ ਰਾਹੀਂ ਸਰੀਰ ਦਾ ਹਿੱਸਾ ਬਣ ਜਾਂਦੇ ਹਨ ਅਤੇ ਸਪਰਮਾਂ ਦੀ ਬਣਤਰ ਦੇ ਨਿਯਮ ਅਨੁਸਾਰ ਸਰੀਰ ਵਿਚ ਮੁੜ ਬਣਦੇ ਰਹਿੰਦੇ ਹਨ। ਇਹ ਕਰਮ ਲਗਾਤਾਰ ਜਵਾਨੀ ਦੀ ਸ਼ੁਰੂਆਤ ਤੋਂ ਲੈ ਕੇ ਲੰਬੀ ਉਮਰ ਤੱਕ ਨਿਰੰਤਰ ਚੱਲਦਾ ਰਹਿੰਦਾ ਹੈ। ਸਪਰਮ ਸ਼ੁਰੂਆਤ ਵਿਚ ਕੰਪਿਊਟਰ ਦੀ ਡਿਸਕ ਪਲੇਟ ਵਾਂਗ ਹੁੰਦੇ ਹਨ ਜੋ ਟੈਸਟਿਸ ਵਿਚ ਤਹਿ ਦਰ ਤਹਿ ਇੰਜ ਸਾਂਭੇ ਪਏ ਰਹਿੰਦੇ ਹਨ ਜਿਵੇਂ ਕਿਸੇ ਸੁਆਣੀ ਨੇ ਕੱਪੜੇ ਤਹਿ ਕਰ ਕੇ ਅਲਮਾਰੀਆਂ ਵਿਚ ਰੱਖੇ ਹੁੰਦੇ ਹਨ। ਬਾਅਦ ਵਿਚ ਵਿਕਸਤ ਹੋਣ ਸਮੇਂ ਗੰਡੇ ਦੇ ਕਣ ਵਾਂਗ ਬਰੀਕ ਬਰੀਕ ਇਕ ਸਿਰ ਇਕ ਧੜ ਤੇ ਇਕ ਪੂਛ ਵਾਲੇ ਸਪਰਮ ਹਜ਼ਾਰਾਂ ਲੱਖਾਂ ਵਿੱਚ ਪੈਦਾ ਹੁੰਦੇ ਅਤੇ ਪਤਾਲੂਆਂ ਵਿਚੋਂ ਨਿਕਲਦੇ ਰਹਿੰਦੇ ਹਨ। ਸਪਰਮ ਤਕਰੀਬਨ ਚਾਰ ਦਿਨ ਵਿਚ ਏਨੇ ਤਾਕਤਵਰ ਭਾਵ ਮੈਚਿਓਰ ਹੋ ਜਾਂਦੇ ਹਨ ਕਿ ਆਪਣਾ ਅਗਲਾ ਸਫਰ ਪੂਰੀ ਤੇਜ਼ੀ ਨਾਲ ਤੈਅ ਕਰਨ ਯੋਗ ਹੋ ਜਾਂਦੇ ਹਨ।

ਆਦਮੀ-ਔਰਤ ਦੇ ਸੁਮੇਲ ਸਮੇਂ ਈਜੈਕੂਲੇਸ਼ਨ ਯਾਨੀ ਨਿਕਾਸ ਦੀ ਉਤੇਜਨਾ ਭਾਵ ਸੈਕਸ ਦੀ ਉਤੇਜਨਾ ਸਮੇਂ ਟੈਸਟਿਸ ਸੁੰਗੜਦੇ ਹਨ ਤੇ ਪਿਚਕਾਰੀ ਵਾਂਗ ਜਾਂ ਇੰਜ ਕਹੋ ਆਟੋਮੈਟਿਕ ਅਸਾਲਟ ਰਾਈਫਲ ਦੇ ਗੋਲੀਆਂ ਦਾਗਣ ਵਾਂਗ ਪੂਰੀ ਉਤੇਜਨਾ ਸਮੇਂ ਵਾਸਡਿਫਰੈਸ ਨਾਂ ਦੀ ਨਾਲੀ ਰਾਹੀਂ ਟੈਸਟਿਸ ਦੀ ਉਸ ਵਰਕਸ਼ਾਪ ਵਿੱਚੋਂ ਨਿਕਲ ਕੇ ਪਰੌਸਟੇਟ ਗਰੰਥੀ ਤੱਕ ਪਹੁੰਚਦੇ ਹਨ ਤੇ ਉਥੋਂ ਪਰੌਸਟੇਟ ਗਰੰਥੀ ਦੇ ਮੁਆਦ ਵਿਚ ਘੁਲ ਕੇ (ਇਸ ਘੋਲ ਨੂੰ ਸੀਮੈਨ ਕਹਿੰਦੇ ਹਨ) ਆਦਮੀ ਦੀ ਇੰਦਰੀ ਰਾਹੀਂ ਬਾਹਰ ਨਿਕਲਦੇ ਹਨ।

ਰਸਤੇ ਵਿਚ ਆਇਆ ਪਰੌਸਟੇਟ ਦਾ ਸਟੇਸ਼ਨ ਇਕ ਐਸਾ ਜੰਕਸ਼ਨ ਹੈ ਜਿਸ ਵਿਚੋਂ ਪੇਸ਼ਾਬ ਨਲੀ ਵੀ ਤੇ ਵੀਰਜ (ਸਪਰਮ ਤੇ ਪਰੌਸਟੇਟ ਗਰੰਥੀ ਦੇ ਸੁਮੇਲ ਨਾਲ ਬਣਿਆ ਘੋਲ) ਵੀ ਅਲੱਗ ਅਲੱਗ ਥਾਵਾਂ ਤੋਂ ਆਉਦੇ ਹੋਏ ਇਸ ਤੋਂ ਅੱਗੇ ਇਕੋ ਹੀ ਨਿਕਾਸ ਰਾਹ ਰਾਹੀਂ ਯਾਨੀ ਆਦਮੀ ਦੀ ਇੰਦਰੀ ਰਾਹੀਂ ਉਤੇਜਨਾ ਸਮੇਂ ਬਾਹਰ ਨਿਕਲਦੇ ਹਨ। ਸੈਕਸ ਦੀ ਉਤੇਜਨਾ ਸਮੇਂ ਪਰੌਸਟੇਟ ਵਿਚੋਂ ਸਪਰਮ ਸਮਿਲਤ ਸੀਮੈਨ ਨਿਕਲਦਾ ਹੈ।

ਦੂਸਰਾ ਇਸੇ ਨਾਲੀ ਰਾਹੀਂ ਹੀ ਪੇਸ਼ਾਬ ਦਾ ਨਿਕਾਸ ਪਹਿਲਾਂ ਯਾਨੀ ਜਨਮ ਤੋਂ ਲੈ ਕੇ ਹੀ ਹੋ ਰਿਹਾ ਹੁੰਦਾ ਹੈ ਇਸ ਲਈ ਇਸ ਦਾ ਪਹਿਲਾ ਨਾਂ ਯੂਰੇਥਰਾ ਹੈ ਯਾਨੀ ਯੂਰਿਨ ਪਾਸ ਕਰਨ ਵਾਲੀ ਨਾਲੀ।

ਪੇਸ਼ਾਬ ਦੀ ਥੈਲੀ ਯਾਨੀ ਯੂਰੀਨਰੀ ਬਲੈਡਰ ਵਿਚ ਉਸਦੀ ਕੈਪਸਟੀ ਤੱਕ ਜਦ ਪੇਸ਼ਾਬ ਪੂਰਾ ਭਰ ਜਾਂਦਾ ਹੈ ਤਾ ਉਹਦੇ ਭਾਰ ਨਾਲ ਪਰੌਸਟੇਟ ਵਿਚਲਾ ਪੇਸ਼ਾਬ ਦੀ ਨਾਲੀ ਵਾਲਾ ਸੁਰਾਖ਼ ਖੁਲ੍ਹਦਾ ਹੈ ਤੇ ਪੇਸ਼ਾਬ ਆਦਮੀ ਦੀ ਇੰਦਰੀ ਰਾਹੀਂ ਹੀ ਬਾਹਰ ਨਿਕਲਦਾ ਹੈ।

ਬਹੁਤ ਵੱਡਾ ਵਿਸਥਾਰ ਹੈ ਪਰੌਸਟੇਟ ਦੀ ਬਣਤਰ ਦਾ ਅਤੇ ਇਹਦੇ ਨਾਲ ਸੰਬੰਧਿਤ ਇਹਦੀ ਕਾਰਗੁਜ਼ਾਰੀ ਦਾ। ਖ਼ੈਰ ਇਸ ਤੋਂ ਅੱਗੇ ਤੁਰਦਾ ਹਾਂ। ਸੀਮੈਨ ਸੈਕਸੂਅਲ ਐਕਸਾਈਟਮੈਂਟ ਯਾਨੀ ਕਾਮ ਦੀ ਉਤੇਜਨਾ ਸਮੇਂ ਜੇ ਵੇਸਟ ਨਹੀਂ ਹੋਇਆ ਤਾਂ ਆਦਮੀ ਔਰਤ ਦੇ ਸੰਮੇਲਨ ਸਮੇਂ ਜੇ ਔਰਤ ਦੇ ਜਣਨ ਅੰਗਾਂ ਦੇ ਵੈਜਾਈਨਾ ਕਹੇ ਜਾਣ ਵਾਲੇ ਏਰੀਏ ਵਿਚ ਡਿਸਚਾਰਜ ਹੋ ਕੇ ਡਿੱਗਦਾ ਹੈ। ਅੱਗੇ ਇਨ੍ਹਾਂ ਸਪਰਮਾਂ ਦਾ ਕੀ ਹੁੰਦਾ ਹੈ, ਇਹ ਔਰਤ ਦੇ ਜਣਨ ਅੰਗਾਂ ਬਾਰੇ ਜਾਨਣ ਤੋਂ ਬਾਅਦ ਦੱਸਿਆ ਜਾਵੇਗਾ।

ਆਓ ਹੁਣ ਨਵੇਂ ਜੀਵਨ ਦੀ ਉਤਪਤੀ ਦੇ ਦੂਸਰੇ ਹਿੱਸੇ ਯਾਨੀ ਔਰਤ ਦੇ ਜਣਨ ਅੰਗਾਂ ਬਾਰੇ ਗੱਲਬਾਤ ਸ਼ੁਰੂ ਕਰਦੇ ਹਾਂ। ਔਰਤ ਦੇ ਜਣਨ ਅੰਗ ਬਾਹਰੀ ਵੀ ਹਨ ਤੇ ਅੰਦਰੂਨੀ ਵੀ। ਬਾਹਰੀ ਅੰਗ ਜੋ ਬਾਹਰ ਦਿਸਦੇ ਹਨ ਉਨ੍ਹਾਂ ਨੂੰ ਵ.ਲਵਾ ਕਹਿੰਦੇ ਹਨ ਜਾਂ ਇੰਜ ਕਹੋ ਔਰਤ ਦੇ ਜਣਨ ਅੰਗਾਂ ਦੇ ਅੰਦਰ ਜਾਣ ਦੇ ਦਰਵਾਜ਼ੇ ਯਾਨੀ ਵਲਵਾ ਦੇ ਦੋ ਪੱਲੇ ਹਨ ਜਿਨ੍ਹਾਂ ਨੂੰ ਲੇਬੀਆ ਯਾਨੀ ਬੁੱਲ੍ਹ ਕਹਿੰਦੇ ਹਨ। ਇਹ ਬੁਲ੍ਹ ਦੋ ਕਿਸਮ ਦੇ ਹਨ ਬਾਹਰੀ ਵੱਡੇ ਬੁੱਲ੍ਹ ਯਾਨੀ ਲੇਬੀਆ ਮੇਜੋਰਾ ਤੇ ਇਨ੍ਹਾਂ ਵੱਡੇ ਬੁੱਲ੍ਹਾਂ ਦੇ ਹੇਠ ਇਕ ਹੋਰ ਤਹਿ ਇਸੇ ਤਰ੍ਹਾਂ ਦੇ ਲੇਬੀਆ ਯਾਨੀ ਬੁੱਲ੍ਹਾਂ ਦੀ ਹੁੰਦੀ ਹੈ ਜਿਨ੍ਹਾਂ ਨੂੰ ਲੇਬੀਆ ਮਾਈਨੋਰਾ ਯਾਨੀ ਛੋਟੇ ਬੁੱਲ੍ਹ ਕਹਿੰਦੇ ਹਨ। ਬਾਹਰੀ ਬੁ.ਲ੍ਹ ਆਮ ਚਮੜੀ ਦੇ ਰੰਗ ਦੇ ਹੁੰਦੇ ਹਨ ਤੇ ਅੰਦਰਲੇ ਬੁੱਲ੍ਹ ਛੋਟੇ ਤੇ ਪਿੰਕ ਕਲਰ ਦੇ ਹੁੰਦੇ ਹਨ। ਵਲਵਾ ਦੀ ਬਾਹਰੀ ਦਿੱਖ ਇਕ ਕਿਸ਼ਤੀ ਵਰਗੀ ਹੁੰਦੀ ਹੈ ਜਿਸਦੀ ਉੱਪਰ ਵਾਲੀ ਚੁੰਝ ਇਕ ਪਿਊਬਸ ਨਾਂ ਦੀ ਹੱਡੀ ਤੱਕ ਜਾਂਦੀ ਹੈ ਯਾਨੀ ਜਿਥੇ ਅਸੀਂ ਨਾਲਾ ਜਾਂ ਬੈਲਟ ਬੰਨ੍ਹਦੇ ਹਾਂ ਸਾਹਮਣੇ ਉਸ ਤੋਂ ਥੋੜ੍ਹਾ ਹੇਠਾਂ ਇਹ ਪਿਊਬਸ ਹੱਡੀ ਹੁੰਦੀ ਹੈ ਤੇ ਇਸ ਉਬਰੇ ਹੋਏ ਹਿੱਸੇ ਨੂੰ ਮੌਨਸ ਪਿਊਬਸ ਯਾਨੀ ਪਿਊਬਸ ਹੱਡੀ ਉੱਪਰਲਾ ਟਿੱਬਾ ਕਹਿੰਦੇ ਹਨ। ਇਨ੍ਹਾਂ ਦੋ ਵੱਡੇ ਬੁੱਲ੍ਹਾਂ ਦੇ ਹੇਠਾਂ ਪਿੰਕ ਕਲਰ ਦੇ ਦੋ ਬੁੱਲ੍ਹ ਵੀ ਇਸੇ ਡਾਇਰੈਕਸ਼ਨ ਵਿਚ ਉੱਪਰ ਤੇ ਹੇਠਾਂ ਵੱਲ ਜਾਂਦੇ ਹਨ। ਤੇ ਵੈਜਾਈਨਲ ਓਪਨਿੰਗ ਯਾਨੀ ਨਵਜੀਵਨ ਦਾ ਮਾਂ ਦੇ ਪੇਟ ਵਿਚੋਂ ਬਾਹਰ ਆਉਣ ਦਾ ਨਿਕਾਸ ਰਾਹ ਹੈ। ਜਾਂ ਇਸ ਦਾ ਦੂਸਰਾ ਕੰਮ ਸੈਕਸ ਕਿਰਿਆ ਪੂਰੀ ਕਰਨ ਵਾਲਾ ਰਸਤਾ ਵੀ ਹੈ। ਸੋ ਲੇਬੀਆ ਮਾਈਨੋਰਾ ਯਾਨੀ ਛੋਟੇ ਅੰਦਰ ਵਾਲੇ ਗੁਲਾਬੀ ਬੁ.ਲ੍ਹ ਇਸ ਸੁਰਾਖ ਵਜਾਈਨਾ ਦੇ ਬਾਹਰੀ ਮੂੰਹ ਨੂੰ ਪੂਰੀ ਤਰ੍ਹਾਂ ਬਾਹਰੋਂ ਢੱਕੀ ਰੱਖਦੇ ਹਨ। ਪਰ ਇਨ੍ਹਾਂ ਛੋਟੇ ਬੁੱਲ੍ਹਾਂ ਦੇ ਉਪਰਲੇ ਪਾਸੇ ਇਨ੍ਹਾਂ ਦੇ ਮਿਲਣ ਵਾਲੇ ਕੋਨ ਵਿਚ ਇਕ ਬਟਨ ਨੁਮਾ ਜਾਂ ਸਰੀਰ 'ਤੇ ਕਿਸੇ ਮੌਹਕੇ ਵਰਗਾ ਅੰਗ ਹੁੰਦਾ ਹੈ ਜਿਸ ਨੂੰ ਮੈਡੀਕਲ ਟਰਮ ਵਿਚ ਕਲਾਈਟੋਰਿਸ ਕਹਿੰਦੇ ਹਨ। ਜੋ ਮੌਨਸਪਿਊਬਸ ਦੇ ਹੇਠਾਂ ਛੋਟੇ ਬੁ.ਲ੍ਹਾਂ ਦੇ ਉਪਰ ਵਾਲੇ ਜੋੜ ਵਾਲੇ ਸਿਰੇ 'ਤੇ ਹੁੰਦਾ ਹੈ ਇਹ ਆਦਮੀ ਵਿਚ ਪੇਨਿਸ ਦਾ ਹੀ ਬਦਲ ਯਾਨੀ ਆਲਟਰਨੇਟਿਵ ਗਿਣਿਆ ਜਾਂਦਾ ਹੈ। ਸੈਕਸ ਕਿਰਿਆ ਦੌਰਾਨ ਇਸ ਵਿਚ ਵੀ ਆਦਮੀ ਦੀ ਇੰਦਰੀ ਵਾਂਗ ਹੀ ਅਕੜਾਅ ਬਣਦਾ ਹੈ ਬਲਕਿ ਇਸ ਨੂੰ ਰਗੜਨ ਨਾਲ ਔਰਤਾਂ ਵਿਚ ਵੀ ਸੈਕਸ ਅਕਸਾਈਟਮੈਂਟ ਪੈਦਾ ਹੁੰਦੀ ਹੈ। ਇਸ ਕਲਾਈਟੋਰਿਸ ਦਾ ਆਕਾਰ ਦੋ ਸੈਂਟੀਮੀਟਰ ਯਾਨੀ ਡੇਢ ਕੁ ਇੰਚ ਤੱਕ ਵਧ ਜਾਂਦਾ ਹੈ।

ਇਸ ਉੱਭਰੇ ਹੋਏ ਕਲਾਈਟੋਰਿਸ ਦੇ ਠੀਕ ਹੇਠਾਂ ਛੁਪਿਆ ਹੁੰਦਾ ਹੈ ਪੇਸ਼ਾਬ ਨਲੀ ਦਾ ਬਾਹਰੀ ਮੂੰਹ ਜਿਥੋਂ ਔਰਤ ਦਾ ਪੇਸ਼ਾਬ ਬਾਹਰ ਖ਼ਾਰਜ ਹੁੰਦਾ ਹੈ। ਇਹ ਛੋਟੇ ਬੁੱਲ੍ਹ ਦੇ ਹੇਠਾਂ ਵਾਲੇ ਪਾਸੇ ਯਾਨੀ ਗੁਦਾ ਵਾਲੇ ਪਾਸੇ ਜਿਥੇ ਮਿਲਦੇ ਹਨ ਉੱਥੇ ਇਹ ਇਕ ਝਾਲਰ ਨੁਮਾ ਦ੍ਰਿਸ਼ ਵਜੋਂ ਮਿਲਦੇ ਹਨ, ਜੋ ਸੈਕਸੁਅਲ ਐਕਟੀਵਿਟੀ ਯਾਨੀ ਕਾਮ ਉਤੇਜਨਾ ਸਮੇਂ ਆਸਾਨੀ ਨਾਲ ਪਾਸੇ ਹਟ ਜਾਂਦੀ ਹੈ ਤੇ ਆਦਮੀ ਦੀ ਪੂਰੀ ਅਕੜਾ ਵਿਚ ਆਈ ਇੰਦਰੀ ਅਸਾਨੀ ਨਾਲ ਅੰਦਰ ਜਾ ਸਕਦੀ ਹੈ।

ਇਨ੍ਹਾਂ ਗੁਲਾਬੀ ਰੰਗ ਦੇ ਅੰਦਰਲੇ ਬੁੱਲ੍ਹਾਂ ਤੋਂ ਅੱਗੇ ਇਕ ਵੇਜਾਈਨਾ ਨੂੰ ਢੱਕਣ ਵਾਲਾ ਲਚਕਦਾਰ ਪਰਦਾ ਹੁੰਦਾ ਹੈ ਜਿਸ ਨੂੰ ਹਾਈਮਨ ਕਹਿੰਦੇ ਹਨ। ਇਸ ਵਿਚ ਆਮ ਤੌਰ 'ਤੇ ਇਕ ਜਾਂ ਦੋ ਕਦੀ ਤਿੰਨ ਵੀ ਤੇ ਕਦੀ ਕਾਫ਼ੀ ਸਾਰੇ ਚੰਦਨੁਮਾ ਗੁ.ਲਾਈ ਵਿਚ ਸੁਰਾਖ਼ ਹੁੰਦੇ ਹਨ ਜਿਸ ਰਾਹੀਂ ਲੜਕੀਆਂ ਦਾ ਮਾਸਕ ਧਰਮ ਦਾ ਖ਼ੂਨ ਬਾਹਰ ਆ ਜਾਂਦਾ ਹੈ। ਪਹਿਲੇ ਇੰਟਰਕੋਰਸ ਸਮੇਂ ਜਾ ਸਖ਼ਤ ਸਾਈਕਲਿੰਗ ਜਾਂ ਬਹੁਤੀ ਐਕਸਰਸਾਈਜ਼ ਕਰਨ ਸਮੇਂ ਵੀ ਇਹ ਝਿੱਲੀ ਵਰਗਾ ਪਰਦਾ ਫਟ ਸਕਦਾ ਹੈ।

ਜਦ ਗਿਆਨ ਏਨਾ ਵਿਕਸਤ ਨਹੀਂ ਸੀ ਤਾਂ ਲੜਕੀਆਂ ਵਿਚ ਸ਼ਾਦੀ ਦੀ ਪਹਿਲੀ ਰਾਤ ਪਹਿਲੇ ਇੰਟਰਕੋਰਸ ਸਮੇਂ ਹੀ ਇਸਦਾ ਫਟਣਾ ਤੇ ਖ਼ੂਨ ਦਾ ਨਿਕ.ਲਣਾ ਲੜਕੀਆਂ ਦੇ ਕੁਆਰੇਪਨ ਜਾਂ ਸ਼ਰਾਫ਼ਤ ਦਾ ਜ਼ਾਮਨ ਸਮਝਿਆ ਜਾਂਦਾ ਸੀ ਪਰ ਵਿਕਸਤ ਗਿਆਨ ਨਾਲ ਮਨੁੱਖ ਨੇ ਜਾਣਿਆ ਕਿ ਇਸ ਪਰਦੇ ਦੇ ਫਟਣ ਦੇ ਕਵਾਰੀਆਂ ਲੜਕੀਆਂ ਵਿਚ ਇੰਟਰਕੋਰਸ ਕਰਨ ਤੋਂ ਇਲਾਵਾ ਵੀ ਹੋਰ ਬਹੁਤ ਸਾਰੇ ਕਾਰਨ ਹਨ। ਤੇ ਐਸਾ ਵੀ ਹੈ ਕਿ ਇਹ ਪਰਦਾ ਕਈ ਵਾਰ ਏਨਾ ਲਚਕਦਾਰ ਭਾਵ ਇਲਾਸਟਿਕ ਹੁੰਦਾ ਹੈ ਕਿ ਪਹਿਲੇ ਜਾਂ ਕਈ ਕਈ ਵੇਰ ਇੰਟਰਕੋਰਸ ਕਰਨ ਬਾਅਦ ਵੀ ਨਹੀਂ ਫਟਦਾ ਕਈ ਵੇਰ ਜਮਾਂਦਰੂ ਹੀ ਇਸ ਵਿਚ ਕੋਈ ਸੁਰਾਖ਼ ਨਹੀਂ ਹੁੰਦਾ ਤੇ ਮਾਸਕ ਧਰਮ ਦਾ ਖ਼ੂਨ ਬਾਹਰ ਨਾ ਆਉਣ ਕਰਕੇ ਜਦ ਤੱਕ ਡਾਕਟਰੀ ਜਾਂਚ ਨਹੀਂ ਹੁੰਦੀ ਤਦ ਤੱਕ ਇਸ ਗੱਲ ਦਾ ਪਤਾ ਨਹੀਂ ਲਗਦਾ ਕਿ ਜਵਾਨ ਹੋ ਰਹੀ ਲੜਕੀ ਵਿਚ ਦਰਦ ਤਕਲੀਫ ਤਾਂ ਮਾਸਕ ਧਰਮ ਵਰਗੀ ਹਰ ਮਹੀਨੇ ਦੇ ਫਿਕਸ ਦਿਨਾਂ ਵਿਚ ਹੁੰਦੀ ਹੈ ਪਰ ਖ਼ੂਨ ਨਹੀਂ ਆਉਂਦਾ ਸੋ ਡਾਕਟਰੀ ਜਾਂਚ ਸਮੇਂ ਇਸ ਪਰਦੇ ਦੇ ਪੂਰੀ ਤਰ੍ਹਾਂ ਬੰਦ ਹੋਣ ਦਾ ਪਤਾ ਚੱਲਦਾ ਹੈ। ਵੇਜਾਈਨਾ ਦੇ ਮੂੰਹ ਅੱਗੇ ਕੁਦਰਤੀ ਲੱਗੇ ਇਸ ਸਖ਼ਤ ਪਰਦੇ ਦੀ ਰੁਕਾਵਟ ਦਾ ਪਤਾ ਲੱਗਣ 'ਤੇ ਇਸਨੂੰ ਸਰਜੀਕਲੀ ਯਾਨੀ ਡਾਕਟਰੀ ਮਦਦ ਨਾਲ ਕੱਟ ਕੇ ਹਟਾਉਣਾ ਪੈਂਦਾ ਹੈ। ਮੈਡੀਕਲ ਬੋਲੀ ਵਿਚ ਇਸ ਹਾਲਤ ਨੂੰ ਕ੍ਰਿਪਟੋਮੈਨੋਰੀਆ ਕਹਿੰਦੇ ਹਨ।

ਇਸ ਨਰਮ ਲੇਬੀਆ ਮਾਈਨੋਰਾ ਭਾਵ ਛੋਟੇ ਬੁਲ੍ਹਾਂ ਦੇ ਅੰਦਰ ਇਕ ਸੁਰਾਖ਼ ਹੈ ਜੋ ਆਮ ਤੌਰ 'ਤੇ ਪਿਛੇ ਵੱਲ ਰੀੜ੍ਹ ਦੀ ਹੱਡੀ ਦੇ ਨਾਲ ਨਾਲ ਉੱਪਰ ਵੱਲ ਤਿੰਨ ਤੋਂ ਚਾਰ ਸਾਢੇ ਚਾਰ ਇੰਚ ਤੱਕ ਡੂੰਘਾ ਹੁੰਦਾ ਹੈ ਜਿਸਨੂੰ ਵਜਾਈਨਾ ਕਹਿੰਦੇ ਹਨ। ਜੋ ਅੰਗ ਇੰਟਰਕੋਰਸ ਸਮੇਂ ਜਾਂ ਬੱਚਾ ਜੰਮਣ ਸਮੇਂ ਲਚਕਦਾਰ ਹੋਣ ਕਰਕੇ ਇਸ ਵਿਚ ਲਚਕ ਹੁੰਦੀ ਹੈ। ਯਾਨੀ ਪਲਾਸਟਿਕ ਵਾਂਗ ਲੋੜ ਅਨੁਸਾਰ ਇਹ ਅੰਗ ਫੈਲ ਜਾਂਦਾ ਹੈ। ਛੋਟੇ ਬੁੱਲ੍ਹਾਂ ਦੇ ਠੀਕ ਅੰਦਰ ਦੋਹੀਂ ਪਾਸੀਂ ਦੋ ਗਿਲਟੀਆਂ ਹੁੰਦੀਆਂ ਹਨ ਜੋ ਉਂਗਲੀ ਨਾਲ ਮਹਿਸੂਸ ਕੀਤੀਆਂ ਜਾ ਸਕਦੀਆਂ ਹਨ ਇਨ੍ਹਾਂ ਨੂੰ ਬਾਰਥੋਲਿਨ ਗਲੈਂਡ ਕਹਿੰਦੇ ਹਨ ਜਿਨ੍ਹਾਂ ਵਿਚੋਂ ਨਿਕਲਦਾ ਮੁਆਦ ਆਮ ਤੌਰ 'ਤੇ ਵੈਜਾਈਨਾ ਨੂੰ ਲੁਬਰੀਕੇਟ ਕਰਦਾ ਹੈ। ਇੰਟਰਕੋਰਸ ਸਮੇਂ ਵੀ ਤੇ ਜਣਨ ਕਿਰਿਆ ਸਮੇਂ ਵੀ।

ਵੱਡੇ ਬੁੱਲ੍ਹਾਂ ਦੇ ਹੇਠਾਂ ਗੁਦਾ ਵਾਲੇ ਪਾਸੇ ਮਿਲਣ ਸਥਾਨ ਤੋਂ ਲੈ ਕੇ ਗੁਦਾ ਤੱਕ ਇਕ ਚੌਕੋਰ ਏਰੀਆ ਹੈ ਜਿਸਨੂੰ ਪ੍ਰੀਨੀਅਮ ਕਹਿੰਦੇ ਹਨ। ਸੈਕਸਾਲੋਜੀ ਨੇ ਇਹ ਸਾਬਤ ਕੀਤਾ ਹੈ ਕਿ ਸੈਕਸ ਕਰਨ ਸਮੇਂ ਆਦਮੀ ਦੀ ਇੰਦਰੀ ਦੇ ਔਰਤ ਦੀ ਵੈਜਾਈਨਾ ਵਿਚ ਦਾਖਲ ਹੋਣ ਸਮੇਂ ਅਤੇ ਅੰਦਰ ਬਾਹਰ ਕਰਨ ਸਮੇਂ ਆਦਮੀ ਦੇ ਸਕਰੌਟਮ ਦੇ ਥੈਲੇ ਵਿੱਚ ਲਿਪੇਟੇ ਟੈਸਟਿਸ ਇਸ ਪ੍ਰੀਨੀਅਮ ਵਾਲੀ ਜਗ੍ਹਾ 'ਤੇ ਵਜਦੇ ਰਹਿੰਦੇ ਹਨ ਜਿਸ ਨਾਲ ਔਰਤ ਦੀ ਕਾਮ ਉਤੇਜਨਾ ਚਰਮ ਸੀਮਾ ਤੱਕ ਪਹੁੰਚਦੀ ਹੈ।

ਵੈਜਾਈਨਾ ਦੇ ਉਪਰੀ ਹਿੱਸੇ ਵਿਚ ਪੇਟ ਵੱਲੋਂ ਲਟਕਦੀ ਬੱਚੇਦਾਨੀ ਦਾ ਮੂੰਹ ਖੁੱਲ੍ਹਦਾ ਹੈ।

ਜਦ ਇੰਟਰਕੋਰਸ ਸਮੇਂ ਸੀਮੈਨ ਦਾ ਨਿਕਾਸ ਵੈਜਾਈਨਾ ਵਿਚ ਹੁੰਦਾ ਹੈ ਤਾਂ ਇਹ ਬੱਚੇਦਾਨੀ ਦੇ ਮੂੰਹ ਤੱਕ ਉੱਪਰ ਤਕ ਇਕ ਪਿਚਕਾਰੀ ਵਾਂਗ ਪਹੁੰਚਦਾ ਹੈ। ਕੁਝ ਵੀਰਜ ਵਜਾਈਨਾ ਦੇ ਆਖਰੀ ਸਿਰੇ ਤੱਕ ਵੀ ਪਹੁੰਚਦਾ ਹੈ। ਜੋ ਬਾਅਦ ਵਿਚ ਹੇਠਾਂ ਵੱਲ ਰਿਸਦਾ ਹੋਇਆ ਵੀ ਬੱਚੇਦਾਨੀ ਵਿਚ ਦਾਖਲ ਹੁੰਦਾ ਰਹਿੰਦਾ ਹੈ।

ਯਾਦ ਰੱਖਣ ਯੋਗ ਗੱਲ ਕਿ ਵਜਾਈਨਾ ਦਾ ਅੰਦਰੂਨੀ ਭਾਗ ਤੇਜ਼ਾਬੀ ਹੁੰਦਾ ਹੈ ਤੇ ਸੀਮੈਨ ਅਲਕਲਾਈਨ ਹੁੰਦਾ ਹੈ। ਕਈ ਵੇਰ ਜ਼ਿਆਦਾ ਤੇਜ਼ਾਬੀ ਵਜਾਈਨਾ ਵਿਚ ਐਲਕਲਾਈਨ ਸੀਮੈਨ ਦੇ ਦਾਖਲ ਹੋਣ ਨਾਲ ਸੀਮੈਨ ਵਿਚ ਮੌਜੂਦ ਸਪਰਮ ਮਰ ਜਾਂਦੇ ਹਨ ਤੇ ਹਰ ਤਰ੍ਹਾਂ ਸਿਹਤਮੰਦ ਨਾਰਮਲ ਜੋੜਿਆਂ ਵਿਚ ਵੀ ਨਾਰਮਲ ਸੈਕਸ ਲਾਈਫ ਦੇ ਹੁੰਦਿਆਂ ਵੀ ਪਰੈਗਨੈਂਸੀ ਨਹੀਂ ਹੁੰਦੀ।

ਸਪਰਮ ਦਾ ਜੀਵਨ ਡਿਸਚਾਰਜ ਹੋਣ ਤੋਂ ਬਾਹਦ ਕੁਝ ਘੰਟਿਆਂ ਤੋਂ ਲੈ ਕੇ ਬਹੱਤਰ ਘੰਟਿਆਂ ਯਾਨੀ ਤਿੰਨ ਕੁ ਦਿਨਾਂ ਤੱਕ ਦਾ ਹੁੰਦਾ ਹੈ। ਆਮ ਤੌਰ 'ਤੇ ਵੈਜਾਈਨਾ ਤੋਂ ਫੈਲੋਪੀਅਨ ਟਿਊਬ ਤੱਕ ਤੇ ਓਵਮ ਨੂੰ ਫਰਟੀਲਾਈਜ਼ਡ ਕਰਨ ਤੱਕ ਤਿੰਨ ਤੋਂ ਚਾਰ ਘੰਟਿਆਂ ਦਾ ਸਮਾਂ ਲੱਗ ਜਾਂਦਾ ਹੈ। ਇਸ ਸਾਰੀ ਕਿਰਿਆ ਦਾ ਵੇਰਵਾ ਅੱਗੇ ਚਲ ਕੇ ਦੱਸਿਆ ਜਾਵੇਗਾ।

ਵਜਾਈਨਾ ਦੇ ਅੰਦਰ ਲਟਕਦਾ ਬੱਚੇਦਾਨੀ ਯਾਨੀ ਯੂਟਰਿਸ ਦਾ ਮੂੰਹ ਸ਼ੁਰੂ ਸ਼ੁਰੂ ਵਿੱਚ ਤਿਕੋਣਾ ਹੁੰਦਾ ਹੈ। ਬੱਚੇਦਾਨੀ ਦੇ ਵਜਾਈਨਾ ਵਿਚ ਖੁ.ਲ੍ਹਣ ਵਾਲੇ ਮੂੰਹ ਤੋਂ ਉੱਪਰ ਬੱਚੇਦਾਨੀ ਦੇ ਵੱਡੇ ਹਿੱਸੇ ਤੱਕ ਦੇ ਹਿੱਸੇ ਨੂੰ ਬੱਚੇਦਾਨੀ ਦੀ ਗਰਦਨ ਕਹਿੰਦੇ ਹਨ। ਉਸ ਤੋਂ ਉੱਪਰ ਬੱਚੇਦਾਨੀ ਤਿਕੋਣੀ ਪਰ ਫ਼ਲੈਟ ਹੁੰਦੀ ਹੈ। ਜਿਸ ਦੇ ਅੰਦਰ ਇਕ ਸੁਰਾਖ਼ ਨੁਮਾ ਲੰਬੀ ਨਾਲੀ ਹੁੰਦੀ ਹੈ ਜੋ ਬੱਚੇਦਾਨੀ ਦੀ ਪੂਰੀ ਲ਼ੰਬਾਈ ਯਾਨੀ ਉਚਾਈ ਤੱਕ ਜਾਂਦੀ ਹੈ ਤੇ ਇਸ ਸੁਰਾਖ਼ ਵਿੱਚੋਂ ਉੱਪਰ ਜਾ ਕੇ ਦੋ ਹੋਰ ਸੁਰਾਖ਼ ਨਿਕਲਦੇ ਹਨ ਜੋ ਬੱਚੇਦਾਨੀ ਦੇ ਦੋਹਾਂ ਪਾਸੇ ਲੱਗੀਆਂ ਦੋ ਫੈਲੋਪੀਅਨ ਟਿਊਬਾਂ ਦੇ ਸਿਰੇ ਤੱਕ ਜਾਂਦੇ ਹਨ। ਵਜਾਈਨਾ ਵਿਚੋਂ ਸਪਰਮ ਬੱਚੇਦਾਨੀ ਅੰਦਰ ਮੌਜੂਦ ਸੁਰਾਖ ਵਿਚ ਤੇਜ਼ੀ ਨਾਲ ਰੇਂਗਦੇ ਹੋਏ ਫੈਲੋਪੀਅਨ ਟਿਊਬਾਂ ਵਿੱਚ ਦਾਖਲ ਹੁੰਦੇ ਹਨ। **ਚੱਲਦਾ**

# ਦੀਵੇ ਥੱਲੇ ਹਨੇਰਾ



ਹਰਜੀਤ ਦਿਓਲ

ਪਵਿੱਤਰ ਨਦੀਆਂ ਗੰਗਾ ਜਮੁਨਾ ਕਿਨਾਰੇ ਬਨਾਰਸ, ਵ੍ਰਿੰਦਾਵਨ ਅਤੇ ਮਥੁਰਾ ਦੇ ਘਾਟ। ਬੜੀ ਚਹਿਲ ਪਹਿਲ ਰਹਿੰਦੀ ਹੈ ਇੱਥੇ। ਰੋਜ਼ਾਨਾ ਬੇਅੰਤ ਲੋਕ ਇਨ੍ਹਾਂ ਥਾਂਵਾਂ 'ਤੇ ਅਗਲੇ ਜਨਮ ਵਿਚ ਮਿਲਣ ਵਾਲੀ ਮੁਕਤੀ ਦਾ ਰਾਹ ਪੱਧਰਾ ਕਰਨ ਲਈ ਆਉਂਦੇ ਹਨ। ਇਨ੍ਹਾਂ ਹੀ ਘਾਟਾਂ ਦੇ ਨਜ਼ਦੀਕ ਦੂਰੋਂ-ਦੂਰੋਂ ਲਿਆਂਦੀਆਂ ਮ੍ਰਿਤਕ ਦੇਹਾਂ ਦੇ ਅੰਤਮ ਸੰਸਕਾਰ ਕੀਤੇ ਜਾਂਦੇ ਹਨ। ਮੰਨਿਆ ਜਾਂਦਾ ਹੈ ਕਿ ਜਿਨ੍ਹਾਂ ਵਿਅਕਤੀਆਂ ਦੇ ਅੰਤਮ ਸੰਸਕਾਰ ਇਨ੍ਹਾਂ ਪਵਿੱਤਰ ਨਦੀਆਂ ਕਿਨਾਰੇ ਹੋ ਜਾਂਦੇ ਹਨ ਉਹ ਬੈਕੁੰਠ ਧਾਮ ਦੀ ਯਾਤਰਾ ਕਰ ਸਵਰਗ ਵਾਸ ਦੇ ਪਾਤਰ ਬਣ ਜਾਂਦੇ ਹਨ। ਇਨ੍ਹਾਂ ਥਾਂਵਾਂ 'ਤੇ ਦਾਨ ਪੁੰਨ ਕਰਨ ਦਾ ਵੀ ਬੜਾ ਮਹਾਤਮ ਦੱਸਿਆ ਗਿਆ ਹੈ ਜਿਸ ਕਾਰਨ ਇੱਥੇ ਵੱਡੀ ਗਿਣਤੀ ਵਿਚ ਭਿਖਾਰੀਆਂ ਦਾ ਜਮਾਵੜਾ ਦੇਖਣ ਨੂੰ ਮਿਲਦਾ ਹੈ। ਪਿੱਛੇ ਜਿਹੇ ਹਿੰਦੀ ਦੀ ਇੱਕ ਮਹਿਲਾ ਲੇਖਕ (ਨਾਂਅ ਯਾਦ ਨਹੀਂ) ਦਾ ਨਾਵਲ 'ਛਿਟਕੇ ਹੁਏ ਲੋਗ' ਪੜ੍ਹਨ ਦਾ ਅਵਸਰ ਮਿਲਿਆ। ਲੇਖਕਾ ਕਿਉਂਕਿ ਬਚਪਨ ਤੋਂ ਹੀ ਬਨਾਰਸ ਦੇ ਘਾਟ ਲਾਗੇ ਰਹੀ ਹੈ ਇਸ ਲਈ ਉਸ ਨੇ ਇਸ ਨਾਵਲ ਵਿਚ ਇਨ੍ਹਾਂ ਭਿਖਾਰੀਆਂ ਬਾਰੇ, ਜਿਨ੍ਹਾਂ ਵਿਚ ਬਹੁਤੇ ਬੱਚੇ ਵੀ ਸ਼ਾਮਲ ਹੁੰਦੇ ਹਨ ਬੜਾ ਸਟੀਕ ਵਰਣਨ ਕੀਤਾ ਹੈ। ਉਸ ਦੇ ਦੱਸਣ ਮੁਤਾਬਕ ਜ਼ਿਆਦਾਤਰ ਭਿਖਾਰੀ ਕਿਸੇ ਅਪਰਾਧਕ ਬਿਰਤੀ ਵਾਲੇ ਆਕਾ ਥੱਲੇ ਕੰਮ ਕਰਦੇ ਹਨ ਜੋ ਇਨ੍ਹਾਂ ਦੀ ਸਾਰੀ ਕਮਾਈ ਹੜੱਪ ਕਰ ਕੇ ਇਨ੍ਹਾਂ ਮੰਗਤਿਆਂ ਦੇ ਰਹਿਣ ਅਤੇ ਖਾਣ-ਪੀਣ ਦਾ ਪ੍ਰਬੰਧ ਕਰਦਾ ਹੈ। ਕਿਤੋਂ ਦੂਰੋਂ ਚੋਰੀ ਕੀਤੇ ਜਾਂ ਅਨਾਥ ਬੱਚਿਆਂ ਦਾ ਬੜਾ ਤਰਸਯੋਗ ਵਰਣਨ ਇਸ ਲਿਖਤ ਵਿਚ ਮਿਲਿਆ ਹੈ। ਹੈ ਨਾ ਦੀਵੇ ਥੱਲੇ ਹਨੇਰਾ!

ਹੁਣ ਇੱਕ ਹੋਰ ਬਿਰਤਾਂਤ ਆਪ ਨਾਲ ਸਾਂਝਾ ਕਰਦਾ ਹਾਂ ਜਿਸ ਨਾਲ ਉੱਪਰਲਾ ਬਿਰਤਾਂਤ ਪੜ੍ਹ ਕੇ ਖੁਸ਼ ਹੋਏ ਮੇਰੇ ਨਜ਼ਦੀਕੀ ਫੇਰ ਤੋਂ ਮੇਰੇ ਨਾਲ ਨਾਰਾਜ਼ ਹੋ ਜਾਣਗੇ। ਪੰਜਾਬ ਵਿੱਚ 'ਮਨੁੱਖਤਾ ਦੀ ਸੇਵਾ' ਅਤੇ ਇਹੋ ਜਿਹੀਆਂ ਹੋਰ ਸੰਸਥਾਵਾਂ ਬੜਾ ਸ਼ਲਾਘਾਯੋਗ ਕੰਮ ਕਰ ਰਹੀਆਂ ਹਨ। ਇਹ ਸੰਸਥਾਵਾਂ ਅੰਮ੍ਰਿਤਸਰ ਵਿਚ ਚੱਲ ਰਹੀ 'ਪਿੰਗਲਵਾੜਾ' ਨਾਮੀ ਸੰਸਥਾ ਵਾਂਗ ਬੇਸਹਾਰਾ, ਅਪਾਹਜਾਂ ਅਤੇ ਰੋਗੀਆਂ ਦੀ ਦੇਖਭਾਲ ਤਾਂ ਕਰਦੀਆਂ ਹੀ ਹਨ ਨਾਲ ਹੀ ਇੱਕ ਹੋਰ ਬੜਾ ਪਰੋਪਕਾਰੀ ਕੰਮ ਕਰ ਰਹੀਆਂ ਹਨ। ਜਾਣਕਾਰੀ ਵਿਚ ਆਇਆ ਹੈ ਕਿ ਭਾਰਤ ਦੇ ਦੂਰ ਦੁਰਾਡੇ ਥਾਂਵਾਂ ਤੋਂ ਜੋ ਰੇਲ ਗੱਡੀਆਂ ਅੰਮ੍ਰਿਤਸਰ ਰੇਲਵੇ ਸਟੇਸ਼ਨ ਅੱਪੜਦੀਆਂ ਹਨ ਉਨ੍ਹਾਂ ਵਿਚ ਅਕਸਰ ਕੁਝ ਮੰਦਬੁੱਧੀ ਜਾਂ ਘਰਾਂ ਤੋਂ ਭੱਜੇ ਸਿੱਧ ਪੱਧਰੇ ਬੰਦੇ ਇੱਥੇ ਪਹੁੰਚ ਜਾਂਦੇ ਹਨ ਜਿਨ੍ਹਾਂ ਨੂੰ ਕੁਝ ਦਲਾਲ ਕਿਸਮ ਦੇ ਲੋਕ ਕੁਝ ਲਾਲਚ ਦੇ ਕੇ ਲੈ ਜਾਂਦੇ ਹਨ। ਇਹ ਬੰਦੇ ਫੇਰ ਪੰਜਾਬ ਦੇ ਪਿੰਡਾਂ ਵਿਚ ਉਨ੍ਹਾਂ ਜਿਮੀਂਦਾਰਾਂ ਨੂੰ ਵੇਚ ਦਿੱਤੇ ਜਾਂਦੇ ਹਨ ਜਿਨ੍ਹਾਂ ਨੂੰ ਮੁਫਤ ਦੇ ਨੌਕਰ ਚਾਹੀਦੇ ਹੁੰਦੇ ਹਨ। ਇਨ੍ਹਾਂ ਵਿਚੋਂ ਬਹੁਤਿਆਂ ਨੂੰ ਸੰਗਲ ਨਾਲ ਬੰਨ੍ਹ ਕੇ ਰੱਖਿਆ ਜਾਂਦਾ ਹੈ ਤਾਂ ਕਿ ਇਹ ਭੱਜ ਨਾ ਜਾਣ। ਦੇਖਣ ਵਿਚ ਆਇਆ ਹੈ ਕਿ ਕਈ ਸਿੱਖੀ ਸਰੂਪ ਵਾਲੇ ਖਾਂਦੇ ਪੀਂਦੇ ਜ਼ਿਮੀਂਦਾਰ ਜਿਨ੍ਹਾਂ ਆਪਣੇ ਬੱਚੇ ਤਾਂ ਵਿਦੇਸ਼ ਭੇਜੇ ਹੁੰਦੇ ਹਨ ਇਨ੍ਹਾਂ ਗਰੀਬ ਬੇਬਸਾਂ ਤੋਂ ਸਿਰਫ ਰੋਟੀ 'ਤੇ ਜਾਨਵਰਾਂ ਵਾਂਗ ਕੰਮ ਲੈ ਰਹੇ ਹੁੰਦੇ ਹਨ। ਇਨ੍ਹਾਂ ਬਦਨਸੀਬਾਂ ਵਿਚੋਂ ਕਈਆਂ ਨੂੰ ਪਰੋਪਕਾਰੀ ਸੰਸਥਾਵਾਂ ਛੁਡਾ ਕੇ ਆਪੋ ਆਪਣੇ ਘਰੀਂ ਭੇਜਿਆ ਹੈ। ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਲੰਗਰ ਦੀ ਜੂਠ ਦੇ ਕਰੀਬ ਇੱਕ ਕਰੋੜ ਦੇ ਘੋਟਾਲੇ ਬਾਰੇ ਵੀ ਚਰਚਾ ਹੋਈ ਸੀ। ਅਕਸਰ ਕਿਸੇ ਗੁਰਦਵਾਰੇ ਦੇ ਗ੍ਰੰਥੀ ਸਿੰਘ ਦੇ ਕੁਕਰਮੀ ਹੋਣ ਬਾਰੇ ਵੀ ਸੁਣਦੇ ਰਹਿੰਦੇ ਹਾਂ। ਕੀ ਕਹੋਗੇ ਫੇਰ...ਦੀਵੇ ਥੱਲੇ ਅੰਧੇਰਾ ਜਾਂ ਕੁਝ ਹੋਰ?

# ਅਦਾਕਾਰਾ ਅੰਨਿਆ ਪਾਂਡੇ ਦੀ ਛਾਲ



ਅਦਾਕਾਰ ਚੰਕੀ ਪਾਂਡੇ ਦੀ ਧੀ ਅਨੰਨਿਆ ਪਾਂਡੇ ਅੱਜ ਕੱਲ੍ਹ ਖਬਰਾਂ ਵਿਚ ਹੈ। ਉਸ ਦੀ ਫਿਲਮ 'ਸੀ.ਟੀ.ਆਰ.ਐੱਲ. ਦੀ ਖੂਬ ਚਰਚਾ ਹੋ ਰਹੀ ਹੈ। ਇਹ ਫਿਲਮ 4 ਅਕਤੂਬਰ ਨੂੰ ਨੈੱਟਫਲਿਕਸ 'ਤੇ ਰਿਲੀਜ਼ ਹੋਈ ਸੀ। ਫਿਲਮ ਵਿਕਰਮਾਦਿੱਤਿਆ ਮੋਤਵਾਨੇ ਨੇ ਨਿਰਦੇਸ਼ਤ ਕੀਤੀ ਹੈ ਅਤੇ ਇਸ ਦ ਫਿਲਮ ਦਾ ਹੀਰੋ ਵਿਹਾਨ ਸਮਤ ਹੈ। ਅਨੰਨਿਆ ਪਾਂਡੇ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਸਾਲ 2019 ਵਿਚ ਫਿਲਮ 'ਸਟੂਡੈਂਟ ਆਫ ਦਿ ਯੀਅਰ-2' ਨਾਲ ਕੀਤੀ ਸੀ। ਇਸ ਫਿਲਮ ਨੂੰ ਔਸਤ ਜਿਹੀ ਸਫਲਤਾ ਹੀ ਮਿਲ ਸਕੀ ਸੀ ਪਰ ਉਸੇ ਸਾਲ ਆਈ ਇਕ ਹੋਰ ਫਿਲਮ 'ਪਤੀ ਪਤਨੀ ਔਰ ਵੋਹ' ਨਾਲ ਉਸ ਦੀ ਗੱਡੀ ਚੱਲ ਪਈ ਸੀ।

***-ਆਮਨਾ ਕੌਰ***

# ਭਾਗਿਆਸ਼ਿਰੀ ਦੇ ਭਾਗ

**ਕੁਦਰਤ ਕੌਰ**

ਕਿਸੇ ਵੇਲੇ ਆਪਣੀ ਪਹਿਲੀ ਹੀ ਫਿਲਮ 'ਮੈਨੇ ਪਿਆਰ ਕੀਆ' ਨਾਲ ਫਿਲਮੀ ਦੁਨੀਆ ਵਿਚ ਧੁੰਮਾਂ ਪਾਉਣ ਵਾਲੀ ਅਦਾਕਾਰਾ ਭਾਗਿਆਸ਼ਿਰੀ ਦਾ ਕਹਿਣਾ ਹੈ ਕਿ ਫਿਲਮ ਵਿਚ ਭੂਮਿਕਾ ਭਾਵੇਂ ਕੁਝ ਮਿੰਟਾਂ ਦੀ ਹੋਵੇ ਪਰ ਇਹ ਭੂਮਿਕਾ ਸਾਰਥਕ ਹੋਣੀ ਚਾਹੀਦੀ ਹੈ। ਉਹ ਦਾਅਵਾ ਕਰਦੀ ਹੈ ਕਿ ਤੁਸੀਂ ਕਿਸੇ ਫਿਲਮ ਵਿਚ 10 ਮਿੰਟ ਦੀ ਭੂਮਿਕਾ ਵਿਚ ਵੀ ਆਪਣੀ ਅਦਾਕਾਰੀ ਦਾ ਜਲਵਾ ਦਿਖਾ ਸਕੇ ਹੋ।

'ਮੈਨੇ ਪਿਆਰ ਕੀਆ' ਫਿਲਮ ਭਾਗਿਆਸ਼ਿਰੀ ਅਤੇ ਸਲਮਾਨ ਖਾਨ ਦੀ ਬਤੌਰ ਹੀਰੋ-ਹੀਰੋਇਨ ਪਲੇਠੀ ਫਿਲਮ ਸੀ। 29 ਦਸੰਬਰ 1989 ਨੂੰ ਰਿਲੀਜ਼ ਹੋਈ ਫਿਲਮ ਦੀਆਂ ਚਾਰੇ ਪਾਸੇ ਧੁੰਮਾਂ ਪੈ ਗਈਆਂ ਸਨ ਅਤੇ ਇਸ ਦੇ ਨਾਲ ਹੀ ਫਿਲਮੀ ਦੁਨੀਆ ਨੂੰ ਇਹ ਦੋ ਵਧੀਆ ਅਦਾਕਾਰ ਮਿਲ ਗਏ। ਇਸ ਫਿਲਮ ਦਾ ਕੁੱਲ ਬਜਟ ਇਕ ਕਰੋੜ ਰੁਪਏ ਸੀ ਜੋ ਉਸ ਵਕਤ ਦੇ ਖਰਚੇ ਅਨੁਸਾਰ ਬਹੁਤ ਜ਼ਿਆਦਾ ਮੰਨਿਆ ਗਿਆ ਸੀ ਪਰ ਇਸ ਫਿਲਮ ਨੇ 45 ਕਰੋੜ ਰੁਪਏ ਦਾ ਕਾਰੋਬਾਰ ਕਰ ਕੇ ਇਸ ਫਿਲਮ ਨਾਲ ਜੁੜੇ ਸਾਰੇ ਲੋਕਾਂ ਦੀ ਚਾਂਦੀ ਕਰ ਦਿੱਤੀ। ਫਿਲਮ ਸੂਰਜ ਬੜਜਾਤੀਆ ਨੇ ਨਿਰਦੇਸ਼ਤ ਕੀਤੀ ਸੀ। ਇਸ ਫਿਲਮ ਦੀ ਕਹਾਣੀ ਐੱਸ.ਐੱਮ ਅਹਾਲੇ ਦੀ ਸੀ ਅਤੇ ਪਟਕਥਾ ਤੇ ਡਾਇਲਾਗ ਖੁਦ ਸੂਰਜ ਬੜਜਾਤੀਆ ਨੇ ਲਿਖੇ ਸਨ। ਸਲਮਾਨ ਖਾਨ ਅਤੇ ਭਾਗਿਆਸ਼ਿਰੀ ਤੋਂ ਇਲਾਵਾ ਇਸ ਫਿਲਮ ਵਿਚ ਅਲੋਕ ਨਾਥ, ਰੀਮਾ ਲਾਗੂ, ਅਜੀਤ ਵਛਾਨੀ, ਮੋਹਨੀਸ਼ ਬਹਿਲਦੀਆਂ ਅਹਿਮ ਭੂਮਿਕਾਵਾਂ ਸਨ।

ਭਾਗਿਆਸ਼ਿਰੀ ਨੇ ਆਪਣੇ ਕਰੀਅਰ ਦੀ ਸ਼ੁਰੂਆਤ 1987 ਵਿਚ ਟੈਲੀਵਿਜ਼ਨ ਸੀਰੀਅਲ 'ਕੱਚੀ ਧੂਪ' ਨਾਲ ਕੀਤਾ ਸੀ। ਇਹ ਸੀਰੀਅਲ ਲੂਈਸਾ ਮੇਅ ਐਲਕਟ ਦੀ ਰਚਨਾ 'ਲਿਟਲ ਵਿਮੈੱਨ' ਉਤੇ ਆਧਾਰਿਤ ਸੀ। ਇਸ ਸਮੇਂ ਦੌਰਾਨ ਪ੍ਰਸਿੱਧ ਅਦਾਕਾਰ-ਫਿਲਮਸਾਜ਼ ਅਮੋਲ ਪਾਲੇਕਰ ਨੇ ਉਸ ਨੂੰ ਇਕ ਰੋਲ ਦੀ ਪੇਸ਼ਕਸ਼ ਕੀਤੀ ਸੀ ਪਰ ਭਾਗਿਆਸ਼ਿਰੀ ਨੇ ਇਹ ਪੇਸ਼ਕਸ਼ ਠੁਕਰਾ ਦਿੱਤੀ ਸੀ। ਫਿਰ 1989 ਵਿਚ ਉਸ ਨੂੰ ਫਿਲਮ 'ਮੈਨੇ ਪਿਆਰ ਕੀਆ' ਮਿਲ ਗਈ ਅਤੇ ਇਸ ਦੇ ਨਾਲ ਹੀ ਉਸ ਦੇ ਵਾਰੇ-ਨਿਆਰੇ ਹੋ ਗਏ। ਇਸ ਤੋਂ ਬਾਅਦ ਉਸ ਦਾ ਵਿਆਹ ਹਿਮਾਲਿਆ ਦਸਾਨੀ ਨਾਲ ਹੋ ਗਿਆ ਅਤੇ ਆਪਣੇ ਪਤੀ ਨੂੰ ਫਿਲਮਾਂ ਦਾ ਹੀਰੋ ਬਣਾਉਣ ਦੇ ਗੇੜ ਵਿਚ ਭਾਗਿਆਸ਼ਿਰੀ ਆਪਣਾ ਕਰੀਅਰ ਵੀ ਖਰਾਬ ਕਰ ਬੈਠੀ। ਆਪਣੇ ਪਤੀ ਹਿਮਾਲਿਆ ਦਸਾਨੀ ਨਾਲ ਉਸ ਦੀਆਂ ਤਿੰਨ ਫਿਲਮਾਂ 'ਕੈਦ ਮੇਂ ਹੈ ਬੁਲਬੁਲ', 'ਤਿਆਗੀ' ਅਤੇ 'ਪਾਇਲ' ਰਿਲੀਜ਼ ਹੋਈਆਂ। ਇਹ ਤਿੰਨੇ ਫਿਲਮ ਸਾਲ 1992 ਵਿਚ ਆਈਆਂ ਸਨ। ਇਸ ਤੋਂ ਬਾਅਦ ਭਾਗਿਆਸ਼ਿਰੀ ਦਾ ਕਰੀਅਰ ਤਕਰੀਬਨ ਤਬਾਹ ਹੀ ਹੋ ਗਿਆ। 1993 ਵਿਚ ਆਈ ਫਿਲਮ 'ਘਰ ਆਇਆ ਮੇਰਾ ਪਰਦੇਸੀ' ਉਸ ਦੇ ਕਰੀਅਰ ਨੂੰ ਠੁੰਮਣਾ ਨਹੀਂ ਦੇ ਸਕੀ। ਫਿਰ ਚਾਰ ਸਾਲ ਉਸ ਦੀ ਕੋਈ ਫਿਲਮ ਰਿਲੀਜ਼ ਨਹੀਂ ਹੋਈ। ਦਰਸ਼ਕ ਵੀ ਉਸ ਨੂੰ ਭੁਲ-ਭੁਲਾ ਗਏ। ਫਿਰ 1997 ਵਿਚ ਉਸ ਦੀਆਂ ਦੋ ਫਿਲਮਾਂ ਰਿਲੀਜ਼ ਹੋਈਆਂ- 'ਅਮਾਵਰਾ ਗਾਂਦਾ' ਅਤੇ 'ਓਮਕਰਮ'। 'ਅਮਾਵਰਾ ਗਾਂਦਾ' ਕੰਨੜ ਫਿਲਮ ਸੀ ਅਤੇ 'ਓਮਕਰਮ' ਤੇਲਗੂ ਫਿਲਮ ਸੀ। ਇਸ ਤੋਂ ਬਾਅਦ ਉਸ ਨੂੰ ਕੰਮ ਮਿਲਣਾ ਬਹੁਤ ਘਟ ਗਿਆ। ਉਹ ਹੁਣ ਕਿਸੇ-ਕਿਸੇ ਫਿਲਮ ਵਿਚ ਛੋਟੇ-ਮੋਟੇ ਰੋਲ ਵਿਚ ਨਜ਼ਰ ਆ ਜਾਂਦੀ ਹੈ।



# ਨਿਆਰੀ ਕਿਆਰਾ ਅਡਵਾਨੀ

**ਰੇਸ਼ਮ ਸਿੰਘ**

ਫਿਲਮੀ ਦੁਨੀਆ ਅੰਦਰ ਕਿਆਰਾ ਅਡਵਾਨੀ ਦਾ ਰੰਗ ਬੜਾ ਨਿਵੇਕਲਾ ਹੈ। ਉਹਨੇ ਹਿੰਦੀ ਫਿਲਮਾਂ ਦੇ ਨਾਲ-ਨਾਲ ਤੇਲਗੂ ਫਿਲਮਾਂ ਵਿਚ ਵੀ ਕੰਮ ਕੀਤਾ ਹੈ ਅਤੇ ਸਫਲਤਾ ਹਾਸਿਲ ਕੀਤੀ ਹੈ। ਉਸ ਨੇ ਆਪਣੇ ਫਿਲਮੀ ਕਰੀਅਰ ਦਾ ਆਰੰਭ ਸਾਲ 2014 ਵਿਚ ਫਿਲਮ 'ਫੁਗਲੀ' ਨਾਲ ਕੀਤਾ ਸੀ। ਇਸ ਫਿਲਮ ਦਾ ਬਜਟ ਸਿਰਫ ਇਕ ਕਰੋੜ ਸੀ ਪਰ ਇਸ ਫਿਲਮ ਨਾਲ ਉਸ ਦੀ ਵਾਹਵਾ ਚਰਚਾ ਹੋ ਗਈ। ਫਿਰ 2016 ਵਿਚ ਉਸ ਦੀ ਫਿਲਮ 'ਐੱਮ.ਐੱਸ. ਧੋਨੀ: ਦਿ ਅਨਟੋਲਡ ਸਟੋਰੀ' ਰਿਲੀਜ਼ ਹੋਈ। ਇਹ ਫਿਲਮ ਉਘੇ ਕ੍ਰਿਕਟ ਖਿਡਾਰੀ ਮਹਿੰਦਰ ਸਿੰਘ ਧੋਨੀ ਦੇ ਜੀਵਨ 'ਤੇ ਆਧਾਰਿਤ ਸੀ। ਇਸ ਫਿਲਮ ਵਿਚ ਕਿਆਰਾ ਅਡਵਾਨੀ ਨੇ ਮਹਿੰਦਰ ਸਿੰਘ ਧੋਨੀ ਦੀ ਪਤਨੀ ਦਾ ਰੋਲ ਨਿਭਾਇਆ ਅਤੇ ਉਸ ਨੇ ਜਿਸ ਸਹਿਜ ਨਾਲ ਇਹ ਕਿਰਦਾਰ ਪਰਦੇ 'ਤੇ ਉਤਾਰਿਆ, ਦਰਸ਼ਕ ਉਸ ਦੇ ਦੀਵਾਨੇ ਹੋ ਗਏ ਅਤੇ ਉਸ ਨੂੰ ਅਗਾਂਹ ਫਿਲਮਾਂ ਵੀ ਮਿਲਣ ਲੱਗੀਆਂ। ਇਸ ਤੋਂ ਬਾਅਦ ਨੇ ਫਿਰ ਕਦੀ ਪਿੱਛੇ ਮੁੜ ਕੇ ਨਹੀਂ ਦੇਖਿਆ।

ਪਿਛਲੇ ਸਾਲ ਕਿਆਰਾ ਦੀ ਫਿਲਮ 'ਸੱਤਿਆਪ੍ਰੇਮ ਕੀ ਕਥਾ' ਰਿਲੀਜ਼ ਹੋਈ। ਇਸ ਰੁਮਾਂਟਿਕ ਫਿਲਮ ਵਿਚ ਕਾਰਤਿਕ ਆਰਿਅਨ ਹੀਰੋ ਹੈ। ਫਿਲਮ ਦਾ ਬਜਟ 60 ਕਰੋੜ ਦਾ ਸੀ ਪਰ ਇਸ ਨੇ 120 ਕਰੋੜ ਰੁਪਏ ਕਮਾ ਕੇ ਸਭ ਨੂੰ ਹੈਰਾਨ ਕਰ ਦਿੱਤਾ। ਇਸ ਫਿਲਮ ਕਰ ਕੇ ਵੀ ਕਿਆਰਾ ਅਡਵਾਨੀ ਦੀ ਬਹੁਤ ਤਾਰੀਫ ਹੋਈ।

ਸਾਲ 2024 ਵਿਚ ਕਿਆਰਾ ਦੀ ਕੋਈ ਫਿਲਮ ਰਿਲੀਜ਼ ਨਹੀਂ ਹੋ ਰਹੀ। ਅਗਲੇ ਸਾਲ ਉਸ ਦੀ ਤੇਲਗੂ ਫਿਲਮ 'ਗੇਮ ਚੇਂਜਰ' ਰਿਲੀਜ਼ ਹੋ ਰਹੀ ਹੈ। ਇਸੇ ਦੌਰਾਨ ਉਸ ਦੀਆਂ ਦੋ ਹੋਰ ਫਿਲਮਾਂ 'ਟੌਕਸਿਕ' ਅਤੇ 'ਵਾਰ-2' ਦੀ ਤਿਆਰੀ ਚੱਲ ਰਹੀ ਹੈ। ਕਿਆਰਾ ਦਾ ਕਹਿਣਾ ਹੈ ਕਿ ਉਸ ਨੂੰ ਕਦੀ ਵੀ ਕਾਹਲ ਨਹੀਂ ਪਈ। ਸਹਿਜ ਹੀ ਉਸ ਦੀ ਕਾਮਯਾਬੀ ਦਾ ਮੰਤਰ ਹੈ। ਉਸ ਅਨੁਸਾਰ, ਤੁਹਾਡਾ ਕੰਮ ਤੁਹਾਡਾ ਮੁੱਲ ਪਵਾਉਂਦਾ ਹੈ। ਆਪਣੀਆਂ ਫਿਲਮਾਂ ਲਈ ਉਹ ਜੀਅ-ਜਾਨ ਨਾਲ ਜੁਟੀ ਹੋਈ ਹੈ।



# ਨੋਰਾ ਦਾ ਕਰੀਅਰ



ਨੋਰਾ ਫਤੇਹੀ ਦਾ ਕਰੀਅਰ ਡਾਵਾਂਡੋਲ ਹੈ। ਉਸ ਨੂੰ ਫਿਲਮੀ ਦੁਨੀਆ ਵਿਚ ਟਿਕੇ ਰਹਿਣ ਲਈ ਵਾਹਵਾ ਮੁਸ਼ੱਕਤ ਕਰਨੀ ਪੈ ਰਹੀ ਹੈ। ਇਸ ਸਾਲ ਉਸ ਦੀਆਂ ਦੋ ਫਿਲਮਾਂ ਰਿਲੀਜ਼ ਹੋਈਆਂ: ਪਹਿਲਾਂ 'ਕਰੈਕ' ਅਤੇ ਫਿਰ 'ਮਡਗਾਓਂ ਐਕਸਪ੍ਰੈੱਸ'। 'ਕਰੈਕ' ਵਿਚ ਉਹਦੇ ਨਾਲ ਵਿਦਿਅਤ ਜਾਮਵਾਲ, ਅਰਜੁਨ ਰਾਮਪਾਲ ਅਤੇ ਐਮੀ ਜੈਕਸਨ ਮੁੱਖ ਭੂਮਿਕਾਵਾਂ ਵਿਚ ਸਨ ਪਰ ਫਰਵਰੀ ਵਿਚ ਰਿਲੀਜ਼ ਹੋਈ ਇਸ ਫਿਲਮ ਨੇ ਬਾਕਸਆਫਿਸ 'ਤੇ ਪਾਣੀ ਵੀ ਨਾ ਮੰਗਿਆ। ਇਸ ਫਿਲਮ ਦਾ ਬਜਟ 45 ਕਰੋੜ ਰੁਪਏ ਸੀ ਅਤੇ ਫਿਲਮ ਸਿਰਫ 17 ਕਰੋੜ ਹੀ ਕਮਾ ਸਕੀ। 'ਮਡਗਾਓਂ ਐਕਸਪ੍ਰੈੱਸ' ਦੀ ਕਾਰਗੁਜ਼ਾਰੀ ਕੁਝ ਬਿਹਤਰ ਰਹੀ ਅਤੇ ਇਸ ਨੇ ਆਪਣਾ ਖਰਚਾ ਕੱਢ ਲਿਆ। ਇਸ ਫਿਲਮ ਦਾ ਬਜਟ 30 ਕਰੋੜ ਸੀ ਅਤੇ ਇਸ ਨੇ 50 ਕਰੋੜ ਰੁਪਏ ਕਮਾ ਲਏ। ਹੁਣ ਉਸ ਦੀ ਆਸ ਫਿਲਮ 'ਡਾਂਸਿੰਗ ਡੈਡ' 'ਤੇ ਟਿਕੀ ਹੋਈ ਹੈ। ਇਹ ਫਿਲਮ ਤਿਆਰ ਹੈ ਪਰ ਅਜੇ ਇਸ ਦੀ ਰਿਲੀਜ਼ ਤਾਰੀਕ ਪੱਕੀ ਨਹੀਂ ਹੋਈ ਹੈ। ***-ਗੁਰਜੰਟ ਸਿੰਘ***

ੴ ਸਤਿਗੁਰ ਪ੍ਰਸਾਦਿ

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗਿ ਚਾਨਣੁ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥

# ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਸੰਗਤਾਂ ਨੂੰ

## ਜਗਤ ਪਿਤਾ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਪੁਰਬ ਦੀ

# ਲੱਖ ਲੱਖ ਵਧਾਈ



ਮੇਜਰ ਗੁਰਚਰਨ ਸਿੰਘ ਝੱਜ (ਸ਼ਿਕਾਗੋ)
ਫੋਨ: 847-330-1421



ਜੈਦੇਵ ਸਿੰਘ (ਸੱਤੀ) ਭੱਠਲ
(ਸ਼ਿਕਾਗੋ)



ਸੁਖਰਾਜ ਸਿੰਘ ਤੱਖਰ
(ਸ਼ਿਕਾਗੋ)

**From:**
**Major Gurcharn Singh Jhaj**
**Jaidev Singh Bhattal & Sukhraj Singh Takher**
**and their families.**